I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.



**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

ਦਿੱਲੀ ਪੁਲਿਸ
ਸ਼ਾਂਤੀ ਸੇਵਾ ਨਿਆਂ

# ਯਾਤਾਯਾਤ ਨਿਰਦੇਸ਼ਿਕਾ

BRICS INDIA 2026
BUILDING FOR RESILIENCE, INNOVATION, COOPERATION AND SUSTAINABILITY

ਅੰਤਰਰਾਸ਼ਟਰੀ ਰਾਜਮੁਖੀ, ਪਤਵੰਤੇ ਅਤੇ ਵਿਸ਼ਵ ਪ੍ਰਤੀਨਿਧੀਆਂ ਦਾ

## ਸਵਾਗਤ

## ਬ੍ਰਿਕਸ ਕਾਨਫਰੰਸ 2026

11-13 ਸਤੰਬਰ, 2026 ਭਾਰਤ ਮੰਡਪਮ, ਨਵੀਂ ਦਿੱਲੀ

**ਡਾਇਵਰਸਨ ਪੁਆਇੰਟ: 22** | **ਨਿਯੰਤਰਿਤ ਸੜਕਾਂ: 35+** | **ਵਿਸਤ੍ਰਿਤ ਟਰੈਫਿਕ ਅਤੇ ਵਾਹਨ ਸੰਬੰਧੀ ਨਿਯਮ ਲਾਗੂ**

**ਵੀਆਈਪੀ ਕਾਫਲਿਆਂ ਦੀ ਸੁਚਾਰੂ ਆਵਾਜਾਈ ਅਤੇ ਜਨਤਾ ਦੀ ਸੁਵਿਧਾ ਨੂੰ ਯਕੀਨੀ ਬਣਾਉਂਦੇ ਹੋਏ ਵਿਸ਼ੇਸ਼ ਟਰੈਫਿਕ ਨਿਯਮ ਅਤੇ ਡਾਇਵਰਜ਼ਨ ਲਾਗੂ ਕੀਤੇ ਜਾਣਗੇ, ਮੁੱਖ ਤੌਰ 'ਤੇ ਨਵੀਂ ਦਿੱਲੀ ਜ਼ਿਲ੍ਹੇ ਅਤੇ ਆਲੇ-ਦੁਆਲੇ ਦੇ ਰੂਟਾਂ 'ਤੇ।**

### 01 ਕੰਟਰੋਲਡ ਏਰੀਆ ਇਹਨਾਂ ਰੂਟਾਂ 'ਤੇ ਯਾਤਰਾ ਨਾ ਕਰੋ

ਕਾਨਫਰੰਸ ਸਮੇਂ ਦੌਰਾਨ ਵਾਹਨ ਚਾਲਕਾਂ ਨੂੰ ਹੇਠ ਲਿਖੇ ਰੂਟਾਂ 'ਤੇ ਯਾਤਰਾ ਕਰਨ ਤੋਂ ਬਚਣਾ ਚਾਹੀਦਾ ਹੈ। ਅਧਿਕਾਰਤ ਜਾਣਕਾਰੀ ਦੇ ਨਾਲ ਇੱਕ ਵਿਸਤ੍ਰਿਤ ਨਕਸ਼ਾ ਜਾਰੀ ਕੀਤਾ ਗਿਆ ਹੈ।

| | |
|---|---|
| ਮਥੁਰਾ ਰੋਡ (ਸੁਬਰਾਮਣੀਆ ਭਾਰਤੀ ਮਾਰਗ ਟੀ-ਪੁਆਇੰਟ - ਲੋਧੀ ਰੋਡ ਫਲਾਈਓਵਰ) | ਬ੍ਰਿਗੇਡੀਅਰ ਹੁਸ਼ਿਆਰ ਸਿੰਘ ਮਾਰਗ<br>ਸ਼ਾਂਤੀ ਮਾਰਗ<br>ਸ਼ੇਰ ਸ਼ਾਹ ਸੂਰੀ ਮਾਰਗ |
| ਤੀਸ ਜਨਵਰੀ ਮਾਰਗ | ਡਾ.ਜ਼ਾਕਿਰ ਹੁਸੈਨ ਮਾਰਗ |
| ਜਨਪਥ | ਤਿਲਕ ਮਾਰਗ |
| ਸੱਚਾ ਮਾਰਗ | ਸੈਨ ਮਾਰਟਿਨ ਰੂਟ |
| ਪ੍ਰਿਥਵੀ ਰਾਜ ਰੋਡ | ਰਾਜੇਸ਼ ਪਾਇਲਟ ਮਾਰਗ |
| ਫਿਰੋਜ਼ ਸ਼ਾਹ ਰੋਡ | ਅਕਬਰ ਰੋਡ |
| ਅਸ਼ੋਕ ਰੋਡ | ਸਰਦਾਰ ਪਟੇਲ ਮਾਰਗ |
| ਤੁਗਲਕ ਰੋਡ | ਏਪੀਜੇ ਅਬਦੁਲ ਕਲਾਮ ਰੋਡ |
| ਨੀਲਾ ਗੁੰਬਦ | ਕੌਟਿਲਯ ਮਾਰਗ |
| ਪੰਚਸ਼ੀਲ ਮਾਰਗ | ਭਗਵਾਨ ਦਾਸ ਰੋਡ |
| ਸੁਬਰਾਮਣੀਆ ਭਾਰਤੀ ਮਾਰਗ | ਕਮਾਲ ਅਤਾਤੁਰਕ ਮਾਰਗ |
| ਮਦਰ ਟੈਰੇਸਾ ਕ੍ਰੇਸੈਂਟ | ਕਰਤਵਯ ਪੱਥ |
| ਤਿਨ ਮੂਰਤਿ ਮਾਰਗ | ਪੁਰਾਣਾ ਕਿਲਾ ਰੋਡ |
| ਅਫਰੀਕਾ ਐਵੇਨਿਊ (ਭੀਕਾਜੀ ਕੈਂਪਪਲੇਸ -ਯਸ਼ਵੰਤ ਪਲੇਸ | ਸਫਦਰਜੰਗ ਰੋਡ |
| 'ਸੀ' ਹੈਕਸਾਗਨ | ਨਿਆਂ ਮਾਰਗ |




### 02 ਰੇਲਵੇ ਸਟੇਸ਼ਨਾਂ ਲਈ ਸੁਝਾਏ ਗਏ ਮਾਰਗ

■ **ਨਵੀਂ ਦਿੱਲੀ ਰੇਲਵੇ ਸਟੇਸ਼ਨ**

**ਰੂਟ A:** ਆਈਐਸਬੀਟੀ ਕਸ਼ਮੀਰੀ ਗੇਟ → ਬੁਲੇਵਾਰਡ ਰੋਡ → ਰਾਣੀ ਝਾਂਸੀ ਮਾਰਗ →ਡੀਬੀਜੀ ਰੋਡ → ਪੰਚਕੁਈਆਂ ਰੋਡ→ ਕਨਾਟ ਪਲੇਸ ਦਾ ਬਾਹਰੀ ਸਰਕਲ
**ਰੂਟ B:** ਆਸ਼ਰਮ ਚੌਕ→ ਰਿੰਗ ਰੋਡ→ ਰਾਜਘਾਟ →JLN ਮਾਰਗ
**ਰੂਟ C:** ਵੰਦੇ ਮਾਤਰਮ ਮਾਰਗ →ਡਾ. ਅੰਬੇਡਕਰ ਮਾਰਗ →ਪੰਚਕੁਈਆਂ ਰੋਡ ਕਨਾਟ ਪਲੇਸ ਦਾ ਬਾਹਰੀ ਸਰਕਲ

■ **ਪੁਰਾਣੀ ਦਿੱਲੀ ਰੇਲਵੇ ਸਟੇਸ਼ਨ**

**ਰੂਟ A:** ਆਈਐਸਬੀਟੀ ਕਸ਼ਮੀਰੀ ਗੇਟ →ਰਿੰਗ ਰੋਡ →ਹਨੂੰਮਾਨ ਮੰਦਰ → ਐਸ.ਪੀ. ਮੁਖਰਜੀ ਮਾਰਗ
**ਰੂਟ B:** ਆਸ਼ਰਮ ਚੌਕ → ਰਿੰਗ ਰੋਡ → ਰਾਜਘਾਟ→ ਰਿੰਗ ਰੋਡ → ਹਨੂੰਮਾਨ ਮੰਦਿਰ → ਐੱਸ.ਪੀ. ਮੁਖਰਜੀ ਮਾਰਗ
**ਰੂਟ C:** ਵੰਦੇ ਮਾਤਰਮ ਮਾਰਗ→ ਡਾ: ਅੰਬੇਡਕਰ ਮਾਰਗ, ਰਾਣੀ ਝਾਂਸੀ ਮਾਰਗ →ਰਾਣੀ ਝਾਂਸੀ ਫਲਾਈਓਵਰ →ਬੁਲੇਵਾਰਡ ਰੋਡ→ ਲੋਥੀਅਨ ਮਾਰਗ

■ **ਹਜ਼ਰਤ ਨਿਜ਼ਾਮੁੱਦੀਨ ਰੇਲਵੇ ਸਟੇਸ਼ਨ**

**ਰੂਟ A:** ਏਮਜ਼ ਰਿੰਗ ਰੋਡ ਆਸ਼ਰਮ ਚੌਕ ਮਥੁਰਾ ਰੋਡ
**ਰੂਟ B:**ਆਈਐਸਬੀਟੀ ਕਸ਼ਮੀਰੀ ਗੇਟ →ਰਿੰਗ ਰੋਡ→ ਰਾਜਘਾਟ→ ਰਿੰਗ ਰੋਡ → ਆਸ਼ਰਮ ਚੌਕ→ ਮਥੁਰਾ ਰੋਡ

### 03 ਹਵਾਈ ਅੱਡੇ 'ਤੇ ਜਾਣ ਲਈ ਸੁਝਾਏ ਗਏ ਮਾਰਗ

**ਮੈਟਰੋ ਦੁਆਰਾ ਯਾਤਰਾ ਕਰਨ ਲਈ ਵਿਸ਼ੇਸ਼ ਸਲਾਹ**
ਟਰੈਫਿਕ ਨਿਯਮਾਂ ਦੇ ਮੱਦੇਨਜ਼ਰ, ਡਰਾਈਵਰਾਂ ਨੂੰ ਮੈਟਰੋ ਸੇਵਾ ਰਾਹੀਂ ਹਵਾਈ ਅੱਡੇ ਦੇ ਟਰਮੀਨਲਾਂ ਤੱਕ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ।

■ **ਗੁਰੂਗ੍ਰਾਮ ਤੋਂ**

- **T3/T4/T2**: NH-48 → ਰਾਓ ਗਜਰਾਜ ਸਿੰਘ ਮਾਰਗ→ ਪੁਰਾਣੀ ਦਿੱਲੀ ਗੁਰੂਗ੍ਰਾਮ ਰੋਡ→UER-II → ਸਰਵਿਸ ਰੋਡ →T3 ਟਰਮੀਨਲ ਰੋਡ
- TA: NH-48→ ਮਹੀਪਾਲਪੁਰ ਫਲਾਈਓਵਰ ਦੇ ਹੇਠਾਂ → T-3 ਰੋਡ
- TA: NH-48→ਮਹੀਪਾਲਪੁਰ ਫਲਾਈਓਵਰ →NH-48→ ਉਲਾਨਬਟਾਰ ਰੋਡ→T-1 ਰੋਡ

■ **ਦਵਾਰਕਾ ਤੋਂ**

- **T3/T4/T2/T1:** ਸੈਕਟਰ-22, ਦਵਾਰਕਾ ਰੋਡ→ UER-II(T3 ਤੱਕ ਨਵੀਂ ਸੁਰੰਗ)

■ **ਨਵੀਂ ਦਿੱਲੀ ਅਤੇ ਦੱਖਣੀ ਦਿੱਲੀ ਤੋਂ**

- **T3:** ਰਿੰਗ ਰੋਡ→ ਏਮਜ਼ ਚੌਕ→ ਮੋਤੀ ਬਾਗ ਚੌਕ →RTR ਮਾਰਗ →ਸ਼ੰਕਰ ਵਿਹਾਰ ਫਲਾਈਓਵਰ ਦੇ ਹੇਠਾਂ →ਸੰਜੇ ਟੀ→ ਪੁਆਇੰਟ →ਸਰਵਿਸ ਰੋਡ NH-48-ਮਹੀਪਾਲਪੁਰ ਫਲਾਈਓਵਰ ਦੇ ਹੇਠਾਂ, ਰੰਗਪੁਰੀ→ T3 ਰੋਡ
- **T3/T4/T2/T1:** ਏਮਜ਼ ਚੌਕ→ ਰਿੰਗ ਰੋਡ→ ਮੋਤੀ ਬਾਗ ਚੌਕ →RTR ਮਾਰਗ–ਸ਼ੰਕਰ ਵਿਹਾਰ ਫਲਾਈਓਵਰ →ਉਲਾਨਬਟਾਰ ਰੋਡ

■ **ਪੱਛਮੀ ਦਿੱਲੀ ਤੋਂ**

- **T3/T4/T2/T1:** ਪੰਜਾਬੀ ਬਾਗ ਚੌਕ→ ਰਿੰਗ ਰੋਡ→ ਰਾਜਾ ਗਾਰਡਨ ਚੌਕ→ ਨਜਫਗੜ੍ਹ ਰੋਡ →ਪੰਖਾ ਰੋਡ→ ਡਾਬੜੀ →ਦਵਾਰਕਾ ਰੋਡ→ ਰੋਡ ਨੰਬਰ 224, ਡਾਬੜੀ→ ਗੁਰੂਗ੍ਰਾਮ ਰੋਡ → ਸੈਕਟਰ-22, ਦਵਾਰਕਾ ਰੋਡ →UER-II → ਸਰਵਿਸ ਰੋਡ NH-48→T3 ਟਰਮੀਨਲ ਰੋਡ

■ **ਉੱਤਰੀ ਅਤੇ ਪੂਰਬੀ ਦਿੱਲੀ ਤੋਂ**

- **T3/T4/T2/T1:** ਆਈਏਸਬੀਟੀ ਕਸ਼ਮੀਰੇ ਗੇਟ→ ਰਾਣੀ ਝਾਂਸੀ ਫਲਾਈਓਵਰ- ਰੋਹਤਕ ਰੋਡ → ਪੰਜਾਬੀ ਬਾਗ ਚੌਕ→ ਰਾਜਾ ਗਾਰਡਨ ਚੌਕ → ਨਜਫਗੜ੍ਹ ਰੋਡ →ਪੰਖ ਰੋਡ→ ਡਾਬੜੀ - ਦਵਾਰਕਾ ਰੋਡ → ਰੋਡ ਨੰਬਰ 224, ਡਾਬਰੀ →ਗੁਰੂਗ੍ਰਾਮ ਰੋਡ → ਸੈਕਟਰ-22, ਦਵਾਰਕਾ ਰੋਡ -UER-IIਸਰਵਿਸ ਰੋਡ → NH-48-T3 ਟਰਮੀਨਲ ਰੋਡ

### 04 ਪਰਿਵਹਨ ਸੇਵਾਵਾਂ

- **ਬੱਸ:** **VVIP** ਆਵਾਜਾਹੀ ਦੌਰਾਨ ਲੋੜਅਨੁਸਾਰ ਡਾਇਵਰਜ਼ਨ ਲਾਗੂ ਕੀਤੇ ਜਾ ਸਕਦੇ ਹਨ।
- **ਮੇਟ੍ਰੋ:** ਸਾਰੇ ਸਟੇਸ਼ਨਾਂ ਤੇ ਯਾਤ੍ਰਿਆਂ ਲਈ ਬਿਨਾ ਕਿਸੀ ਵਯਵਧਾਨ ਦੇ ਉਪਲਬਧ ਰਹੇਗੀ।
- **ਟੀਏਸਆਰ/ਟੇਕਸੀ:** ਕੇਵਲ ਨਿਰਧਾਰਿਤ ਸਥਾਨਾਂ ਤੇ ਹੀ ਪਾਰਕਿੰਗ ਕਰੋ; **VVIP** ਆਵਗਮਨ ਦੇ ਦੁਰਾਨ ਯਾਤਾਯਾਤ ਡਾਯਵਰਜ਼ਨ ਲਾਗੂ ਕਿਤੇ ਜਾ ਸਕਦੇ ਹਨ।

### 05 ਡਾਇਵਰਸ਼ਨ ਪੁਆਇੰਟ · ਬਦਲਵੇਂ ਰਸਤੇ · ਨਿਯੰਤਰਿਤ ਖੇਤਰ ਦੇ ਬਾਹਰ

| | | |
|---|---|---|
| 01 | ਡਾ. ਦਿਨੇਸ਼ ਨੰਦਿਨੀ ਡਾਲਮੀਆ ਚੌਕ (ਡਬਲਯੂ-ਪੁਆਇੰਟ) | **ਇਜਾਜ਼ਤ ਨਹੀਂ:** ਮਥੁਰਾ ਰੋਡ, ਤਿਲਕ ਮਾਰਗ<br>**ਡਾਇਵਰਸ਼ਨ ਰੂਟ:** ਬੀਏਸਜੇਡ ਮਾਰਗ → ਪੂਰਬੀ/ਦੱਖਣੀ ਦਿੱਲੀ<br>**ਡਾਇਵਰਸ਼ਨ ਰੂਟ:** ਬੀਏਸਜੇਡ ਮਾਰਗ → ਦਿੱਲੀ ਗੇਟ - ਮੱਧ/ਉੱਤਰੀ/ਪੱਛਮੀ ਦਿੱਲੀ<br>**ਡਾਇਵਰਸ਼ਨ ਰੂਟ:** ਸਿਕੰਦਰਾ ਰੋਡ- ਨਵੀਂ ਦਿੱਲੀ/ਕਨਾਟ ਪਲੇਸ |
| 02 | ਰਾਮ ਚਰਨ ਅਗਰਵਾਲ ਚੌਕ (ਏ-ਪੁਆਇੰਟ) | **ਇਜਾਜ਼ਤ ਨਹੀਂ:** ਇਸ ਚੌਕ ਤੋਂ ਅੱਗੇ W-ਪੁਆਇੰਟ ਤੱਕ ਵਪਾਰਕ ਵਾਹਨਾਂ ਦੇ ਦਾਖਲੇ 'ਤੇ ਪਾਬੰਦੀ ਹੋਵੇਗੀ।<br>**ਡਾਇਵਰਸ਼ਨ ਰੂਟ:** ਆਈ.ਪੀ. ਰੂਟ - ਪੂਰਬੀ/ਦੱਖਣੀ ਦਿੱਲੀ<br>**ਡਾਇਵਰਸ਼ਨ ਰੂਟ:** ਡੀਡੀਯੂ ਮਾਰਗ - ਨਵੀਂ ਦਿੱਲੀ/ਕਨਾਟ ਪਲੇਸ<br>**ਡਾਇਵਰਸ਼ਨ ਰੂਟ:** ਬੀਏਸਜੇਡ ਮਾਰਗ → ਦਿੱਲੀ ਗੇਟ - ਕੇਂਦਰੀ/ਉੱਤਰੀ/ਪੱਛਮੀ ਦਿੱਲੀ |
| 03 | ਮੀਰ ਦਰਦ ਚੌਕ | **ਇਜਾਜ਼ਤ ਨਹੀਂ:** ਮਹਾਰਾਜਾ ਰਣਜੀਤ ਸਿੰਘ ਮਾਰਗ<br>**ਡਾਇਵਰਸ਼ਨ ਰੂਟ:** ਮੀਰ ਦਰਦ ਮਾਰਗ → ਅਬਦੁਲ ਗੱਫਾਰ ਮਾਰਗ → ਡੀਡੀਯੂ ਮਾਰਗ - ਨਵੀਂ ਦਿੱਲੀ/ਕੇਂਦਰੀ/ਉੱਤਰੀ/ਪੱਛਮੀ ਦਿੱਲੀ<br>**ਡਾਇਵਰਸ਼ਨ ਰੂਟ:** ਮੀਰ ਦਰਦ ਮਾਰਗ → ਕੋਟਲਾ ਮਾਰਗ → ਬੀਐਸਜ਼ੈੱਡ ਮਾਰਗ/ਡੀਡੀਯੂ ਮਾਰਗ - ਉੱਤਰ / ਮੱਧ / ਪੂਰਬ / ਪੱਛਮੀ / ਦੱਖਣੀ ਦਿੱਲੀ |
| 04 | ਕਸਤੂਰਬਾ ਗਾਂਧੀ ਮਾਰਗ/ਆਊਟਰ ਸਰਕਲ, ਕਨਾਟ ਪਲੇਸ | **ਇਜਾਜ਼ਤ ਨਹੀਂ:** ਸੀ-ਹੈਕਸਾਗਨ ਅਤੇ ਕਨਾਟ ਪਲੇਸ ਦੇ ਬਾਹਰੀ ਚੱਕਰ ਵੱਲ।<br>**ਡਾਇਵਰਸ਼ਨ ਰੂਟ:** ਆਊਟਰ ਸਰਕਲ → ਜਨਪਥ ਨੂੰ ਛੱਡ ਕੇ ਸਾਰੀਆਂ ਮੁੱਖ ਸੜਕਾਂ - ਨਵੀਂ ਦਿੱਲੀ/ਦੱਖਣੀ ਦਿੱਲੀ |
| 05 | ਜਨਪਥ / ਕਨਾਟ ਪਲੇਸ | **ਇਜਾਜ਼ਤ ਨਹੀਂ:** ਕਨਾਟ ਪਲੇਸ ਦੇ ਬਾਹਰੀ ਚੱਕਰ ਤੋਂ ਸੀ-ਹੈਕਸਾਗਨ ਦੇ ਪਾਸੇ<br>**ਡਾਇਵਰਸ਼ਨ ਰੂਟ:** ਬਾਹਰੀ ਸਰਕਲ → ਕਸਤੂਰਬਾ ਗਾਂਧੀ ਮਾਰਗ ਨੂੰ ਛੱਡ ਕੇ ਸਾਰੀਆਂ ਮੁੱਖ ਸੜਕਾਂ - ਨਵੀਂ ਦਿੱਲੀ/ਦੱਖਣੀ ਦਿੱਲੀ<br>**ਡਾਇਵਰਸ਼ਨ ਰੂਟ:** ਕਾਲੀ ਬਾਰੀ, ਸ਼ਹੀਦ ਭਗਤ ਸਿੰਘ, ਪੰਚਕੁਈਆਂ, ਮਿੰਟੋ ਅਤੇ ਬਾਰਾਖੰਬਾ ਰੋਡ - ਕੇਂਦਰੀ/ਉੱਤਰੀ/ਪੱਛਮੀ/ਪੂਰਬੀ ਦਿੱਲੀ |
| 06 | ਪਟੇਲ ਚੌਕ | **ਇਜਾਜ਼ਤ ਨਹੀਂ:** ਸੰਸਦ ਮਾਰਗ ਤੇ ਵਿੰਡਸਰ ਪਲੇਸ ਅਤੇ ਆਰਬੀਆਈ ਵੱਲ<br>**ਡਾਇਵਰਸ਼ਨ ਰੂਟ:** ਅਸ਼ੋਕਾ ਰੋਡ → ਜੀਪੀਓ -ਨਵੀਂ ਦਿੱਲੀ /ਦੱਖਣੀ/ਪੱਛਮੀ/ਮੱਧ ਦਿੱਲੀ<br>**ਡਾਇਵਰਸ਼ਨ ਰੂਟ:** ਸੰਸਦ ਮਾਰਗ → ਕਨਾਟ ਪਲੇਸ- ਮੱਧ/ਉੱਤਰ/ਪੱਛਮ/ਪੂਰਬੀ ਦਿੱਲੀ |
| 07 | ਆਰਐਮਐਲ ਹਸਪਤਾਲ ਗੋਲ ਚੱਕਰ | **ਇਜਾਜ਼ਤ ਨਹੀਂ:** ਮਦਰ ਟੈਰੇਸਾ ਕ੍ਰੇਸੈਂਟ ਅਤੇ ਤਾਲਕਟੋਰਾ ਰੋਡ ਵੱਲ<br>**ਡਾਇਵਰਸ਼ਨ ਰੂਟ:** ਸ਼ੇਖ ਮੁਜੀਬੁਰ ਰਹਿਮਾਨ ਮਾਰਗ - ਕੇਂਦਰੀ/ਦੱਖਣੀ/ਪੱਛਮੀ/ਉੱਤਰੀ ਦਿੱਲੀ<br>**ਡਾਇਵਰਸ਼ਨ ਰੂਟ:** ਬਾਬਾ ਖੜਕ ਸਿੰਘ ਮਾਰਗ - ਕਨਾਟ ਪਲੇਸ / ਪੱਛਮੀ / ਉੱਤਰੀ / ਮੱਧ / ਪੂਰਬੀ ਦਿੱਲੀ |
| 08 | ਵੰਦੇ ਮਾਤਰਮ ਮਾਰਗ/ਸਾਈਮਨ ਬੋਲੀਵਰ ਮਾਰਗ | **ਇਜਾਜ਼ਤ ਨਹੀਂ:** ਸਾਈਮਨ ਬੋਲੀਵਾਰ ਰੂਟ<br>**ਡਾਇਵਰਸ਼ਨ ਰੂਟ:** ਵੰਦੇ ਮਾਤਰਮ ਮਾਰਗ - ਧੌਲਾ ਕੁਆਂ - ਦੱਖਣੀ ਦਿੱਲੀ<br>**ਡਾਇਵਰਸ਼ਨ ਰੂਟ:** ਵੰਦੇ ਮਾਤਰਮ ਮਾਰਗ - ਕਰੋਲ ਬਾਗ - ਨਵੀਂ ਦਿੱਲੀ/ਪੂਰਬ/ਉੱਤਰ/ਪੱਛਮ/ਮੱਧ ਦਿੱਲੀ |
| 09 | ਧੌਲਾ ਕੁਆਂ ਫਲਾਈਓਵਰ | **ਇਜਾਜ਼ਤ ਨਹੀਂ:** ਸਰਦਾਰ ਪਟੇਲ ਮਾਰਗ<br>**ਡਾਇਵਰਸ਼ਨ ਰੂਟ:** ਰਿੰਗ ਰੋਡ (ਦੋਵੇਂ ਪਾਸੇ) - ਦੱਖਣੀ/ਨਵੀਂ ਦਿੱਲੀ/ਪੂਰਬੀ ਦਿੱਲੀ ਅਤੇ ਕੇਂਦਰੀ/ਪੱਛਮੀ/ਪੂਰਬੀ ਦਿੱਲੀ<br>**ਡਾਇਵਰਸ਼ਨ ਰੂਟ:** ਵੰਦੇ ਮਾਤਰਮ ਮਾਰਗ - ਨਵੀਂ ਦਿੱਲੀ/ਉੱਤਰੀ/ਮੱਧ/ਪੂਰਬੀ ਦਿੱਲੀ<br>**ਡਾਇਵਰਸ਼ਨ ਰੂਟ:** NH-48/ਗੁੜਗਾਓਂ ਰੋਡ - ਆਈਜੀਆਈ ਹਵਾਈ ਅੱਡਾ ਅਤੇ ਗੁਰੂਗ੍ਰਾਮ |
| 10 | ਮੋਤੀ ਬਾਗ ਫਲਾਈਓਵਰ | **ਇਜਾਜ਼ਤ ਨਹੀਂ:** ਸ਼ਾਂਤੀ ਮਾਰਗ<br>**ਡਾਇਵਰਸ਼ਨ ਰੂਟ:** ਰਿੰਗ ਰੋਡ (ਦੋਵੇਂ ਪਾਸੇ) - ਦੱਖਣੀ/ਨਵੀਂ ਦਿੱਲੀ/ਪੂਰਬੀ ਦਿੱਲੀ ਅਤੇ ਕੇਂਦਰੀ/ਪੱਛਮੀ/ਪੂਰਬੀ ਦਿੱਲੀ<br>**ਡਾਇਵਰਸ਼ਨ ਰੂਟ:** ਰਾਓ ਤੁਲਾ ਰਾਮ ਮਾਰਗ - ਦੱਖਣ-ਪੱਛਮੀ ਦਿੱਲੀ, ਆਈਜੀਆਈ ਹਵਾਈ ਅੱਡਾ ਅਤੇ ਗੁਰੂਗ੍ਰਾਮ |
| 11 | ਬ੍ਰਿਗੇਡੀਅਰ ਹੁਸ਼ਿਆਰ ਸਿੰਘ ਮਾਰਗ ਗੋਲ ਚੱਕਰ | **ਇਜਾਜ਼ਤ ਨਹੀਂ:** ਅਫਰੀਕਾ ਐਵੇਨਿਊ ਤੋਂ ਯਸ਼ਵੰਤ ਪਲੇਸ ਵੱਲ।<br>**ਡਾਇਵਰਸ਼ਨ ਰੂਟ:** ਬ੍ਰਿਗੇਡੀਅਰ ਹੁਸ਼ਿਆਰ ਸਿੰਘ ਮਾਰਗ - ਨਵੀਂ ਦਿੱਲੀ/ਦੱਖਣੀ/ਪੂਰਬੀ ਜ਼ਿਲ੍ਹਾ<br>**ਡਾਇਵਰਸ਼ਨ ਰੂਟ:** ਅਫਰੀਕਾ ਐਵੇਨਿਊ - ਭੀਕਾਜੀ ਕਾਮਾ ਫਲਾਈਓਵਰ - ਦੱਖਣ/ਪੂਰਬ/ਕੇਂਦਰੀ/ਉੱਤਰ/ਪੱਛਮੀ ਦਿੱਲੀ |
| 12 | ਮਦਰੱਸਾ ਟੀ-ਪੁਆਇੰਟ | **ਇਜਾਜ਼ਤ ਨਹੀਂ:** ਅਰਬਿੰਦੋ ਮਾਰਗ ਵੱਲ<br>**ਡਾਇਵਰਸ਼ਨ ਰੂਟ:** ਲੋਧੀ ਰੋਡ - ਦੱਖਣੀ/ਪੂਰਬੀ ਦਿੱਲੀ<br>**ਡਾਇਵਰਸ਼ਨ ਰੂਟ:** ਅਰਬਿੰਦੋ ਮਾਰਗ ਸਫਦਰਜੰਗ ਫਲਾਈਓਵਰ - ਦੱਖਣੀ/ਨਵੀਂ ਦਿੱਲੀ/ਪੱਛਮੀ/ਮੱਧ/ਉੱਤਰੀ ਦਿੱਲੀ |
| 13 | ਲੋਧੀ ਰੋਡ/ਅੰਮ੍ਰਿਤਾ ਸ਼ੇਰਗਿੱਲ ਮਾਰਗ | **ਇਜਾਜ਼ਤ ਨਹੀਂ:** ਅੰਮ੍ਰਿਤਾ ਸ਼ੇਰਗਿੱਲ ਮਾਰਗ<br>**ਡਾਇਵਰਸ਼ਨ ਰੂਟ:** ਲੋਧੀ ਰੋਡ - ਦੱਖਣ/ਪੂਰਬ/ਪੱਛਮ/ਕੇਂਦਰੀ /ਉੱਤਰ/ਨਵੀਂ ਦਿੱਲੀ |
| 14 | ਲੋਧੀ ਰੋਡ/ਮੈਕਸ ਮੂਲਰ ਮਾਰਗ | **ਇਜਾਜ਼ਤ ਨਹੀਂ:** ਮੈਕਸ ਮੂਲਰ ਰੋਡ<br>**ਡਾਇਵਰਸ਼ਨ ਰੂਟ:** ਲੋਧੀ ਰੋਡ - ਦੱਖਣ/ਪੂਰਬ/ਪੱਛਮ/ਕੇਂਦਰੀ/ਉੱਤਰ/ਨਵੀਂ ਦਿੱਲੀ |
| 15 | ਲੋਧੀ ਰੋਡ / ਮਹਾਰਿਸ਼ੀ ਰਮਨ ਮਾਰਗ | **ਇਜਾਜ਼ਤ ਨਹੀਂ:** ਮਹਾਰਿਸ਼ੀ ਰਮਨ ਮਾਰਗ<br>**ਡਾਇਵਰਸ਼ਨ ਰੂਟ:** ਲੋਧੀ ਰੋਡ - ਦੱਖਣ/ਪੂਰਬ/ਪੱਛਮ/ਕੇਂਦਰੀ/ਉੱਤਰ/ਨਵੀਂ ਦਿੱਲੀ<br>**ਡਾਇਵਰਸ਼ਨ ਰੂਟ:** ਭੀਸ਼ਮ ਪਿਤਾਮਾ ਮਾਰਗ - ਦੱਖਣੀ ਦਿੱਲੀ |
| 16 | ਲੋਧੀ ਰੋਡ/ਆਰਚਬਿਸ਼ਪ ਮਕਾਰਿਓਸ ਮਾਰਗ | **ਇਜਾਜ਼ਤ ਨਹੀਂ:** ਆਰਚਬਿਸ਼ਪ ਮਕਾਰਿਓਸ ਮਾਰਗ<br>**ਡਾਇਵਰਸ਼ਨ ਰੂਟ:** ਲੋਧੀ ਰੋਡ - ਦੱਖਣ/ਪੂਰਬ/ਪੱਛਮ/ਕੇਂਦਰੀ/ਉੱਤਰ/ਨਵੀਂ ਦਿੱਲੀ |
| 17 | ਲੋਧੀ ਫਲਾਈਓਵਰ ਦੇ ਹੇਠਾਂ | **ਇਜਾਜ਼ਤ ਨਹੀਂ:** ਮਥੁਰਾ ਰੋਡ ਤੋਂ ਭਾਰਤ ਮੰਡਪਮ ਵੱਲ।<br>**ਡਾਇਵਰਸ਼ਨ ਰੂਟ:** ਲੋਧੀ ਰੋਡ - ਨੀਲਾ ਗੁੰਬਦ - ਦੱਖਣੀ/ਪੂਰਬੀ ਦਿੱਲੀ<br>**ਡਾਇਵਰਸ਼ਨ ਰੂਟ:** ਬਾਰਾਪੁਲਾ ਫਲਾਈਓਵਰ - ਪੂਰਬੀ ਦਿੱਲੀ<br>**ਡਾਇਵਰਸ਼ਨ ਰੂਟ:** ਲੋਧੀ ਰੋਡ ਮਦਰੱਸਾ / ਲਾਲਾ ਲਾਜਪਤ ਰਾਏ ਮਾਰਗ - ਦੱਖਣ/ਪੱਛਮੀ/ਕੇਂਦਰੀ/ਉੱਤਰੀ/ਨਵੀਂ ਦਿੱਲੀ |
| 18 | ਨੀਲਾ ਗੁੰਬਦ | **ਇਜਾਜ਼ਤ ਨਹੀਂ:** ਓਬਰਾਏ ਫਲਾਈਓਵਰ / ਡਾ. ਜ਼ਾਕਿਰ ਹੁਸੈਨ ਮਾਰਗ ਵੱਲ<br>**ਡਾਇਵਰਸ਼ਨ ਰੂਟ:** ਮਥੁਰਾ ਰੋਡ - ਆਸ਼ਰਮ ਚੌਕ - ਦੱਖਣ/ਪੂਰਬ/ਕੇਂਦਰੀ/ਉੱਤਰੀ ਦਿੱਲੀ<br>**ਡਾਇਵਰਸ਼ਨ ਰੂਟ:** ਲੋਧੀ ਰੋਡ- ਦੱਖਣ/ਪੱਛਮ/ਕੇਂਦਰੀ/ਉੱਤਰ/ਨਵੀਂ ਦਿੱਲੀ |
| 19 | ਓਬਰਾਏ ਫਲਾਈਓਵਰ ਦੇ ਹੇਠਾਂ | **ਇਜਾਜ਼ਤ ਨਹੀਂ:** ਮਥੁਰਾ ਰੋਡ<br>**ਡਾਇਵਰਸ਼ਨ ਰੂਟ:** ਡੀਪੀਐਸ ਮਥੁਰਾ ਰੋਡ ਦੇ ਸਾਹਮਣੇ ਅੰਡਰਪਾਸ 'ਤੇ ਯੂ-ਟਰਨ ਲੈਕੇ ਲੋਧੀ ਫਲਾਈਓਵਰ ਤੇ- ਦੱਖਣ/ਪੂਰਬ/ਪੱਛਮ /ਕੇਂਦਰੀ/ਉੱਤਰ/ਨਵੀਂ ਦਿੱਲੀ।<br>**ਆਗਿਆ ਹੈ:** ਓਬਰਾਏ ਹੋਟਲ ਅਤੇ ਗੋਲਫ ਲਿੰਕਸ ਨੂੰ ਜਾਣ ਵਾਲੇ ਵਾਹਨ। |
| 20 | ਯੂ-ਟਰਨ ਡੀਪੀਐਸ ਦੇ ਸਾਹਮਣੇ, ਮਥੁਰਾ ਰੋਡ | **ਇਜਾਜ਼ਤ ਨਹੀਂ:** ਭਾਰਤ ਮੰਡਪਮ ਵੱਲ<br>**ਡਾਇਵਰਸ਼ਨ ਰੂਟ:** ਡੀਪੀਐਸ ਮਥੁਰਾ ਰੋਡ ਦੇ ਸਾਹਮਣੇ ਅੰਡਰਪਾਸ 'ਤੇ ਯੂ-ਟਰਨ ਲਓ ਅਤੇ ਲੋਧੀ ਫਲਾਈਓਵਰ - ਦੱਖਣ/ਪੂਰਬ/ਪੱਛਮ /ਕੇਂਦਰੀ/ਉੱਤਰ/ਨਵੀਂ ਦਿੱਲੀ ਲਓ। |
| 21 | ਰਿੰਗ ਰੋਡ/ਭੈਰੋਂ ਰੋਡ | **ਇਜਾਜ਼ਤ ਨਹੀਂ:** ਭੈਰੋਂ ਮਾਰਗ ਵੱਲ<br>**ਡਾਇਵਰਸ਼ਨ ਰੂਟ:** ਰਿੰਗ ਰੋਡ, ਸਰਾਏ ਕਾਲੇ ਖਾਨ - ਦੱਖਣ/ਪੂਰਬ/ਨਵੀਂ ਦਿੱਲੀ<br>**ਡਾਇਵਰਸ਼ਨ ਰੂਟ:** ਰਿੰਗ ਰੋਡ, ਰਾਜਘਾਟ - ਕੇਂਦਰੀ/ਉੱਤਰ/ਪੂਰਬ/ਪੱਛਮੀ ਦਿੱਲੀ |
| 22 | ਮੰਡੀ ਹਾਊਸ | **ਇਜਾਜ਼ਤ ਨਹੀਂ:** ਫਿਰੋਜ਼ ਸ਼ਾਹ ਰੋਡ, ਭਗਵਾਨ ਦਾਸ ਰੋਡ, ਕੋਪਰਨਿਕਸ ਮਾਰਗ<br>**ਡਾਇਵਰਸ਼ਨ ਰੂਟ:** ਬਾਰਾਖੰਭਾ ਰੋਡ ਨਵੀਂ ਦਿੱਲੀ/ਕੇਂਦਰੀ/ਉੱਤਰੀ /ਪੱਛਮੀ/ਦੱਖਣੀ ਦਿੱਲੀ<br>**ਡਾਇਵਰਸ਼ਨ ਰੂਟ:** ਸਿਕੰਦਰਾ ਮਾਰਗ - ਪੂਰਬ/ਉੱਤਰ/ਪੱਛਮ /ਦੱਖਣੀ/ਮੱਧ ਦਿੱਲੀ |

### 06 ਮਹੱਤਵਪੂਰਨ ਨਿਰਦੇਸ਼ ਅਤੇ ਆਮ ਜਨਤਾ ਲਈ ਸਲਾਹ

**ਪ੍ਰਾਥਮਿਕਤਾ ਵਾਲੇ ਮਾਰਗ ਅਤੇ ਛੂਟ**

- **ਐਮਰਜੈਂਸੀ ਅਤੇ ਮੈਡੀਕਲ ਵਾਹਨ:** ਦਿੱਲੀ ਭਰ ਵਿੱਚ 24x7 ਤਰਜੀਹ ਅਤੇ ਨਿਰਵਿਘਨ ਆਵਾਜਾਈ ਨੂੰ ਯਕੀਨੀ ਬਣਾਇਆ ਜਾਵੇਗਾ।
- **ਜ਼ਰੂਰੀ ਸੇਵਾਵਾਂ ਅਤੇ ਸਹੂਲਤਾਂ:** ਸਾਰੇ ਖੇਤਰਾਂ ਵਿੱਚ ਜ਼ਰੂਰੀ ਚੀਜ਼ਾਂ ਦੀ ਸਪਲਾਈ ਅਤੇ ਉਪਯੋਗਤਾ ਸੇਵਾਵਾਂ ਦੀ ਨਿਰਵਿਘਨ ਆਵਾਜਾਈ ਦੀ ਸਹੂਲਤ ਮਿਲੇਗੀ

**ਯਾਤਰਾ ਯੋਜਨਾ ਅਤੇ ਜਨਤਕ ਆਵਾਜਾਈ**

- **ਪਰਿਵਹਨ ਕੇਂਦਰ:** ਹਵਾਈ ਅੱਡਿਆਂ, ਰੇਲਵੇ ਸਟੇਸ਼ਨਾਂ ਅਤੇ ISBT ਵੱਲ ਵਧਦੇ ਹੋਏ ਯਾਤਰਾ ਲਈ ਵਾਧੂ ਸਮਾਂ ਛੱਡੋ
- **ਜਨਤਕ ਆਵਾਜਾਈ ਅਤੇ ਰਸਤੇ:** ਜਨਤਕ ਆਵਾਜਾਈ ਨੂੰ ਤਰਜੀਹ ਦਿਓ ਅਤੇ ਨਿਰਧਾਰਤ ਵਿਕਲਪਿਕ ਰੂਟਾਂ ਅਤੇ ਡਾਇਵਰਸ਼ਨ ਪੁਆਇੰਟਾਂ ਦੀ ਪਾਲਣਾ ਕਰੋ।
- **ਵਪਾਰਕ ਯਾਤਾਯਾਤ:** ਵਪਾਰਕ ਵਾਹਨ ਜਿਨ੍ਹਾਂ ਦੀ ਮੰਜ਼ਿਲ ਦਿੱਲੀ ਨਹੀਂ ਹੈ, ਉਨ੍ਹਾਂ ਦੇ ਦਿੱਲੀ ਵਿੱਚ ਦਾਖਲ ਹੋਣ 'ਤੇ ਪਾਬੰਦੀ ਹੋਵੇਗੀ।

**ਟਰੈਫਿਕ ਨਿਯਮ ਅਤੇ ਪਾਰਕਿੰਗ**

- **ਨਿਰਧਾਰਤ ਪਾਰਕਿੰਗ:** ਸਿਰਫ਼ ਅਧਿਕਾਰਤ ਥਾਵਾਂ 'ਤੇ ਹੀ ਪਾਰਕ ਕਰੋ; ਨਿਯੰਤਰਿਤ ਰਸਤਿਆਂ ਤੋਂ 200 ਮੀਟਰ ਦੇ ਅੰਦਰ ਸੜਕ ਕਿਨਾਰੇ ਪਾਰਕਿੰਗ ਦੀ ਸਖ਼ਤ ਮਨਾਹੀ ਹੈ ਸੜਕ ਅਨੁਸ਼ਾਸਨ: ਤਾਇਨਾਤ ਟਰੈਫਿਕ ਕਰਮਚਾਰੀਆਂ ਦੀਆਂ ਹਦਾਇਤਾਂ ਦੀ ਪਾਲਣਾ ਕਰੋ ਅਤੇ ਧੀਰਜ ਨਾਲ ਸਾਰੇ ਟਰੈਫਿਕ ਨਿਯਮਾਂ ਦੀ ਪਾਲਣਾ ਕਰੋ

**ਜਨਤਕ ਸੁਰੱਖਿਆ ਅਤੇ ਨਵੀਨਤਮ ਜਾਣਕਾਰੀ**

- **ਸੁਰੱਖਿਆ ਚੇਤਾਵਨੀ:** ਕਿਸੇ ਵੀ ਅਣਜਾਣ ਵਸਤੂ ਜਾਂ ਸ਼ੱਕੀ ਗਤੀਵਿਧੀ ਦੀ ਜਾਣਕਾਰੀ ਫੌਰਨ ਨੇੜਲੇ ਪੁਲਿਸਕਰਮੀ ਨੂੰ ਦਵੋ
- **ਰੀਅਲ-ਟਾਈਮ ਜਾਣਕਾਰੀ:** ਦਿੱਲੀ ਪੁਲਿਸ ਦੇ ਅਧਿਕਾਰਤ ਸੋਸ਼ਲ ਮੀਡੀਆ ਚੈਨਲਾਂ ਅਤੇ ਟਰੈਫਿਕ ਪੋਰਟਲ ਰਾਹੀਂ ਨਵੀਨਤਮ ਜਾਣਕਾਰੀ ਨਾਲ ਅਪਡੇਟ ਰਹੋ।

**ਸਾਰਿਆਂ ਦੀ ਸੁਚਾਰੂ ਆਵਾਜਾਈ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਆਮਜਨ ਤੋਂ ਸਹਿਯੋਗ ਦੀ ਮੰਗ ਕੀਤੀ ਜਾਂਦੀ ਹੈ।**

DP/9916/2026

https://www.facebook.com/dtptraffic https://twitter.com/dtptraffic https://www.instagram.com/dtptraffic 8750871493 ਤੇ ਸਾਨੂੰ ਫਾਲੋ ਕਰੋ | ਯਾਤਾਯਾਤ ਪ੍ਰਹਰੀ ਬਣੋ ਤੋਂ ਐਪ ਡਾਊਨਲੋਡ ਕਰੋ Google Play App Store | 24 ਘੰਟੇ ਟ੍ਰੈਫਿਕ ਹੇਲਪਲਾਈਨ: 011-25844444/1095 | ਤੁਰੰਤ ਪੁਲਿਸ ਸਹਾਇਤਾ ਲੈਣ ਦੇ ਲਈ 112 'ਤੇ ਕਾੱਲ ਕਰੋ। | ਅੱਤਵਾਦ ਵਿਰੋਧੀ ਗਤਿਵਿਧੀਆਂ ਦੀ ਸੂਚਨਾ ਦੇਣ ਦੇ ਲਈ ਕਾੱਲ ਕਰੋ 14547

ਸ਼ਿਵਦੱਤ ਦਬੰਗ ਸੀ, ਮਹਾਵੀਰ ਦੁਆਰਾ ਉਸ ਦੇ ਪਿਤਾ ਨੂੰ ਸ਼ਿਕਾਇਤ ਕਰਨ ਦੀ ਗੱਲ ਉਸਨੂੰ ਬਹੁਤ ਬੁਰੀ ਲੱਗੀ। ਉਹ ਪੂਰੀ ਤਰ੍ਹਾਂ ਨਾਲ ਦਾਦਾਗਿਰੀ ਤੇ ਉਤਰ ਆਇਆ ਅਤੇ ਹੁਣ ਪੂਨਮ ਨੂੰ ਖੁੱਲ੍ਹੇ ਤੌਰ ਤੇ ਧਮਕੀ ਦੇਣ ਲੱਗਿਆ ਕਿ ਉਹ ਉਸ ਨਾਲ ਵਿਆਹ ਲਈ ਇਨਕਾਰ ਕਰੇਗੀ ਤਾਂ ਗੰਭੀਰ ਨਤੀਜੇ ਭੁਗਤਣੇ ਪੈਣਗੇ। ਮਹਾਵੀਰ ਨੇ ਫਿਰ ਤੋਂ ਮਹੀਲਾਲ ਨੂੰ ਸ਼ਿਕਾਇਤ ਕੀਤੀ। ਇਸ ਵਾਰ ਮਹੀਲਾਲ ਨੇ ਆਪਣੇ ਬੇਟੇ ਸ਼ਿਵਦੱਤ ਦਾ ਹੀ ਪੱਖ ਲਿਆ। ਮਹਾਵੀਰ ਕੋਈ ਲੜਾਈ-ਝਗੜਾ ਨਹੀਂ ਕਰਨਾ ਚਾਹੁੰਦਾ ਸੀ। ਗੱਲ ਵਧਾਉਣ ਦੀ ਬਜਾਏ ਉਹ ਚੁੱਪ ਹੋ ਕੇ ਬੈਠ ਗਿਆ। ਮਹਾਵੀਰ ਦੇ ਰਿਸ਼ਤੇਦਾਰਾਂ ਅਤੇ ਮੁਹੱਲੇ ਦੇ ਕੁਝ ਲੋਕਾਂ ਨੇ ਉਸਨੂੰ ਥਾਣੇ ਸ਼ਿਕਾਇਤ ਕਰਨ ਦਾ ਸੁਝਾਅ ਦਿੱਤਾ ਪਰ ਬੇਟੀ ਦੀ ਬਦਨਾਮੀ ਨੂੰ ਦੇਖਦੇ ਹੋਏ ਉਹ ਥਾਣੇ ਨਾ ਗਿਆ।

# ਪਿਆਰ ਦੇ ਲਈ ਬਦਮਾਸ਼ੀ







## ਇਸ਼ਕ ਦੀ ਅੱਗ ਵਿਚ ਜਲਦੇ ਆਸ਼ਕ ਨੇ ਚੁੱਕਿਆ ਖਤਰਨਾਕ ਕਦਮ

ਉਤਰ ਪ੍ਰਦੇਸ਼ ਦੇ ਮਹਾਨਗਰ ਮੁਰਾਦਾਬਾਦ ਦੇ ਲਾਈਨ ਪਾਰ ਇਲਾਕੇ ਦੇ ਰਹਿਣ ਵਾਲੇ ਮਹਾਂਵੀਰ ਸਿੰਘ ਸੈਣੀ ਦੇ ਪਰਿਵਾਰ ਵਿਚ ਉਸ ਦੀ ਪਤਨੀ ਸ਼ਾਰਦਾ ਤੋਂ ਇਲਾਵਾ ਇਕ ਬੇਟਾ ਅੰਕਿਤ ਅਤੇ 3 ਬੇਟੀਆਂ ਸਨ। 2 ਬੇਟੀਆਂ ਦਾ ਵਿਆਹ ਹੋ ਚੁੱਕਾ ਸੀ। ਤੀਜੇ ਨੰਬਰ ਦੀ ਲੜਕੀ ਪੂਨਮ 9ਵੀ ਕਲਾਸ ਵਿਚ ਪੜ੍ਹ ਰਹੀ ਸੀ। ਮਹਾਵੀਰ ਰਾਜ ਮਿਸਤਰੀ ਸੀ। ਰੋਜ਼ਾਨਾ ਵਾਂਗ 10 ਦਸੰਬਰ 2016 ਨੂੰ ਵੀ ਉਹ ਆਪਣੇ ਕੰਮ ਤੇ ਚੱਲਿਆ ਗਿਆ ਸੀ। ਬੇਟਾ ਅੰਕਿਤ ਟਿਊਸ਼ਨ ਪੜ੍ਹਨ ਗਿਆ ਸੀ। ਘਰੇ ਸ਼ਾਰਦਾ ਅਤੇ ਉਸ ਦੀ ਬੇਟੀ ਪੂਨਮ ਹੀ ਸੀ। ਸਵੇਰੇ ਕਰੀਬ 10 ਵਜੇ ਜਦੋਂ ਸ਼ਾਰਦਾ ਨਹਾਉਣ ਦੇ ਲਈ ਬਾਥਰੂਮ ਵਿਚ ਗਈ ਤਾਂ ਪੂਨਮ ਘਰ ਦੇ ਕੰਮ ਨਿਪਟਾ ਰਹੀ ਸੀ। ਸ਼ਾਰਦਾ ਨੂੰ ਬਾਥਰੂਮ ਵਿਚ ਵੜੇ 5-10 ਮਿੰਟ ਹੀ ਹੋਏ ਸਨ ਕਿ ਉਸ ਨੂੰ ਚੀਖਣ ਦੀਆਂ ਆਵਾਜ਼ਾਂ ਸੁਣੀਆਂ। ਚੀਖ ਉਸਦੀ ਬੇਟੀ ਪੂਨਮ ਦੀ ਸੀ।

ਚੀਖ ਸੁਣ ਕੇ ਸ਼ਾਰਦਾ ਘਬਰਾ ਗਈ। ਉਸ ਨੇ ਬੜੀ ਫੁਰਮੀ ਨਾਲ ਕੱਪੜੇ ਪਾਏ ਅਤੇ ਬਾਥਰੂਮ ਤੋਂ ਬਾਹਰ ਨਿਕਲੀ ਤਾਂ ਦੇਖਿਆ ਪੂਨਮ ਅੱਗ ਦੀਆਂ ਲਪਟਾਂ ਨਾਲ ਘਿਰੀ ਸੀ। ਉਸ ਦੇ ਸਰੀਰ ’ਤੇ ਅੱਗ ਲੱਗੀ ਸੀ। ਸ਼ੋਰ ਮਚਾਉਂਦੇ ਉਹ ਪੂਨਮ ਦੇ ਕੱਪੜਿਆਂ ਦੀ ਅੱਗ ਬੁਝਾਉਣ ਵਿਚ ਲੱਗ ਗਈ। ਉਸ ਦੀ ਆਵਾਜ਼ ਸੁਣ ਕੇ ਪੜੌਸੀ ਵੀ ਉਥੇ ਆ ਗਏ। ਕਿਸੇ ਤਰ੍ਹਾਂ ਉਹਨਾਂ ਨੇ ਅੱਗ ਬੁਝਾਈ। ਉਦੋਂ ਤੱਕ ਪੂਨਮ ਕਾਫੀ ਝੁਲਸ ਚੁੱਕੀਸੀ ਅਤੇ ਬੇਹੋਸ਼ ਸੀ। ਕਾਹਲੀ ਕਾਹਲੀ ਵਿਚ ਲੋਕ ਉਸਨੂੰ ਹਸਪਤਾਲ ਲੈ ਗਏ। ਲੜਕੀ ਦੇ ਸਰੀਰ ਦੇ ਕੱਪੜਿਆਂ ਵਿਚ ਲੱਗੀ ਅੱਗ ਬੁਝਾਉਣ ਦੀ ਕੋਸ਼ਿਸ਼ ਵਿਚ ਸ਼ਾਰਦਾ ਦੇ ਹੱਥ ਵੀ ਝੁਲਸ ਗਏ ਸਨ।

ਹਸਪਤਾਲ ਤੋਂ ਇਸ ਮਾਮਲੇ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ। ਕੁਝ ਹੀ ਦੇਰ ਵਿਚ ਪੁਲਿਸ ਹਸਪਤਾਲ ਆ ਗਈ। ਖਬਰ ਮਿਲਣ ਤੇ ਪੂਨਮ ਦੇ ਪਿਤਾ ਮਹਾਵੀਰ ਵੀ ਹਸਪਤਾਲ ਆ ਗਏ। ਡਾਕਟਰਾਂ ਦੇ ਇਲਾਜ ਤੋਂ ਬਾਅਦ ਪੂਨਮ ਹੋਸ਼ ਵਿਚ ਆ ਗਈ ਸੀ। ਪੂਨਮ ਦੇ ਬਿਆਨ ਲੈਣੇ ਜ਼ਰੂਰੀ ਸਨ। ਇਸ ਕਰਕੇ ਪੁਲਿਸ ਨੇ ਇਲਾਕੇ ਦੇ ਮੈਜਿਸਟ੍ਰੇਟ ਨੂੰ ਸੂਚਨਾ ਦੇ ਕੇ ਹਸਪਤਾਲ ਬੁਲਵਾ ਲਿਆ। ਪੁਲਿਸ ਅਤੇ ਮੈਜਿਸਟ੍ਰੇਟ ਦੀ ਮੌਜੂਦਗੀ ਵਿਚ ਪੂਨਮ ਨੇ ਦੱਸਿਆ ਕਿ ਸ਼ਿਵਦੱਤ ਨੇ ਉਹਨਾਂ ਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਗਾਈ ਸੀ। ਉਸ ਦੇ ਨਾਲ ਉਸ ਦੇ ਪਿਤਾ ਮਹੀਲਾਲ ਵੀ ਸਨ। ਸ਼ਿਵਦੱਤ ਪੂਨਮ ਦੇ ਘਰ ਦੇ ਕੋਲ ਚਾਮੁੰਡਾ ਵਾਲੀ ਗਲੀ ਵਿਚ ਰਹਿੰਦਾ ਸੀ। ਪਤਾ ਲੱਗਿਆ ਕਿ ਉਹ ਪੂਨਮ ਨੂੰ ਇੱਕਪਾਸੜ ਪਿਆਰ ਕਰਦਾ ਸੀ।

ਥਾਣਾਮੁਖੀ ਨੇ ਇਹ ਜਾਣਕਾਰੀ ਉਚ ਅਧਿਕਾਰੀਆਂ ਨੂੰ ਵੀ ਦੇ ਦਿੱਤੀ। ਮਾਮਲਾ ਮੁਰਾਦਾਬਾਦ ਸ਼ਹਿਰ ਦਾ ਹੀ, ਇਸ ਕਰਕੇ ਪੁਲਿਸ ਅਧਿਕਾਰੀ ਵੀ ਹਸਪਤਾਲ ਆ ਗਏ। ਪੁਲਿਸ ਅਧਿਕਾਰੀਆਂ ਨੇ ਪੂਨਮ ਦਾ ਇਲਾਜ ਕਰ ਰਹੇ ਡਾਕਟਰਾਂ ਨਾਲ ਗੱਲਬਾਤ ਕੀਤੀ।

ਉਦੋਂ ਤੱਕ ਪੂਨਮ ਦੀ ਹਾਲਤ ਸੁਧਰਨ ਦੀ ਬਜਾਏ ਵਿਗੜਨ ਲੱਗੀ। ਡਾਕਟਰਾਂ ਨੇ ਉਸਨੂੰ ਕਿਸੇ ਦੂਜੇ ਹਸਪਤਾਲ ਲਿਜਾਣ ਦੀ ਸਲਾਹ ਦਿੱਤੀ। ਪੂਨਮ ਦੇ ਘਰ ਵਾਲਿਆਂ ਨੇ ਉਸਨੂੰ ਦਿੱਲੀ ਲਿਜਾਣ ਦੇ ਲਈ ਕਿਹਾ ਤਾਂ ਜ਼ਿਲ੍ਹਾ ਹਸਪਤਾਲ ਤੋਂ ਪੂਨਮ ਨੂੰ ਦਿੱਲੀ ਦੇ ਸਫਦਰਜੰਗ ਹਸਪਤਾਲ ਲਈ ਰੈਫਰ ਕਰ ਦਿੱਤਾ ਗਿਆ।

ਮਹਾਵੀਰ ਦੀ ਤਹਿਰੀਰ ਤੇ ਪੁਲਿਸ ਨੇ ਰਿਪੋਰਟ ਦਰਜ ਕਰ ਲਈ। ਕਿਉਂਕਿ ਪੂਨਮ ਨੇ ਸ਼ਿਵਦੱਤ ਅਤੇ ਉਸ ਦੇ ਪਿਤਾ ਤੇ ਦੋਸ਼ ਲਗਾਇਆ ਸੀ, ਇਯ ਕਰਕੇ ਪੁਲਿਸ ਨੇ ਸ਼ਿਵਦੱਤ ਦੇ ਘਰ ਛਾਪਾ ਮਾਰਿਆ ਪਰ ਕੋਈ ਨਾ ਮਿਲਿਆ। ਪੁਲਿਸ ਸੰਭਾਵੀ ਥਾਵਾਂ ਤੇ ਉਸਨੂੰ ਲੱਭਣ ਲੱਗੀ ਪਰ ਦੋਵੇਂ ਪਿਓ-ਪੁੱਤ ਵਿਚੋਂ ਕੋਈ ਪੁਲਿਸ ਦੇ ਹੱਥ ਨਾ ਲੱਗਿਆ। ਉਧਰ ਦਿੱਲੀ ਦੇ ਸਫਦਰਜੰਗ ਹਸਪਤਾਲ ਵਿਚ ਭਰਤੀ ਪੂਨਮ ਦੀ ਹਾਲਤ ਵਿਚ ਕੋਈ ਸੁਧਾਰ ਨਹੀਂ ਹੋ ਰਿਹਾ ਸੀ। ਉਸ ਦੀ ਹਾਲਤ ਵਿਗੜਦੀ ਜਾ ਰਹੀ ਸੀ। ਬਰਨ ਵਿਵਾਦ ਦੇ ਡਾਕਟਰਾਂ ਦੀ ਟੀਮ ਪੂਨਮ ਨੂੰ ਬਚਾਉਣ ਵਿਚ ਲੱਗੀ ਸੀ ਪਰ ਉਹਨਾਂ ਨੂੰ ਸਫਲਤਾ ਨਹੀਂ ਮਿਲ ਸਕੀ। ਆਖਿਰ 10 ਦਸੰਬਰ ਦੀ ਰਾਤ ਨੂੰ ਹੀ ਪੂਨਮ ਨੇ ਦਮ ਤੋੜ ਦਿੱਤਾ।

ਅਗਲੇ ਦਿਨ ਜਵਾਨ ਲੜਕੀ ਦੀ ਭਿਆਨਕ ਮੌਤ ਦੀ ਖਬਰ ਜਦੋਂ ਮੁਹੱਲੇ ਵਾਲਿਆਂ ਨੂੰ ਮਿਲੀ ਤਾਂ ਪੂਰੇ ਮੁਹੱਲੇ ਵਿਚ ਜਿਵੇਂ ਮਾਤਮ ਛਾ ਗਿਆ। ਦੋਸ਼ੀ ਨੂੰ ਹਾਲੇ ਤੱਕ ਗ੍ਰਿਫਤਾਰ ਨਾ ਕੀਤੇ ਜਾਣ ਕਾਰਨ ਲੋਕਾਂ ਵਿਚ ਗੁੱਸਾ ਵਧਦਾ ਜਾ ਰਿਹਾ ਸੀ। ਕਈ ਲੋਕਾਂ ਦਾ ਗੁੱਸਾ ਭੜਕ ਨਾ ਜਾਵੇ ਇਸ ਕਰਕੇ ਪੂਰੇ ਇਲਾਕੇ ਵਿਚ ਭਾਰੀ ਗਿਣਤੀ ਵਿਚ ਪੁਲਿਸ ਤਾਇਨਾਤ ਕਰ ਦਿੱਤੀ।

ਐਤਵਾਰ ਹੋਣ ਦੇ ਕਰਨ ਪੂਨਮ ਦੀ ਲਾਸ਼ ਦਾ ਪੋਸਟ ਮਾਰਟਮ ਅਗਲੇ ਦਿਨ ਹੋਇਆ। ਦੁਪਹਿਰ ਬਾਅਦ ਉਸਦੀ ਲਾਸ਼ ਦਿੱਲੀ ਤੋਂ ਮੁਰਾਦਾਬਾਦ ਲਿਆਂਦੀ ਗਈ। ਪੁਲਿਸ ਮੁਹੱਲੇ ਦੇ ਮੋਹਤਬਰ ਲੋਕਾਂ ਨਾਲ ਗੱਲ ਕਰਕੇ ਮਾਹੌਲ ਨੂੰ ਸ਼ਾਂਤ ਬਣਾ ਕੇ ਰੱਖ ਰਹੀ ਸੀ। ਅੰਤਿਮ ਸਸਕਾਰ ਦੇ ਵਕਤ ਵੀ ਭਾਰੀ ਗਿਣਤੀ ਵਿਚ ਪੁਲਿਸ ਸੀ।

ਉਧਰ ਪੁਲਿਸ ਦੀਆਂ ਕਈ ਟੀਮਾਂ ਦੋਸ਼ੀਆਂ ਨੂੰ ਪਕੜਨ ਵਿਚ ਲੱਗੀਆਂ ਸਨ। ਜਾਂਚ ਟੀਮਾਂ ਤੇ ਐਸ. ਐਸ. ਪੀ. ਦਾ ਭਾਰੀ ਦਬਾਅ ਸੀ। ਆਖਿਰ ਪੁਲਿਸ ਦੀ ਮਿਹਨਤ ਰੰਗ ਲਿਆਈ ਅਤੇ 12 ਦਸੰਬਰ ਨੂੰ ਪੁਲਿਸ ਨੇ ਸ਼ਿਵਦੱਤ ਨੂੰ ਗ੍ਰਿਫਤਾਰ ਕਰ ਲਿਆ। ਉਸਦੇ ਗ੍ਰਿਫਤਾਰ ਹੋਣ ਤੋਂ ਬਾਅਦ ਲੋਕਾਂ ਦਾ ਗੁੱਸਾ ਸ਼ਾਂਤ ਹੋਇਆ।

ਥਾਣੇ ਲਿਆ ਕੇ ਪੁਲਿਸ ਨੇ ਦੋਸ਼ੀ ਤੋਂ ਪੁੱਛਿਆ ਤਾਂ ਉਹ ਪੁਲਿਸ ਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰਦਾ ਰਿਹਾ ਪਰ ਉਸ ਦਾ ਝੂਠ ਜ਼ਿਆਦਾ ਦੇਰ ਤੱਕ ਨਾ ਚੱਲਿਆ। ਉਸ ਨੇ ਪੂਨਮ ਨੂੰ ਸਾੜਨ ਦਾ ਅਪਰਾਧ ਸਵੀਕਾਰ ਕਰਕੇ ਉਸ ਦੀ ਹੱਤਿਆ ਦੀ ਜੋ ਕਹਾਣੀ ਦੱਸੀ, ਉਹ ਇਸ ਪ੍ਰਕਾਰ ਸੀ- ਜ਼ਿਲ੍ਹਾ ਮੁਰਾਦਾਬਾਦ ਦੇ ਲਾਈਨ ਪਾਰ ਇਲਾਕੇ ਵਿਚ ਮੰਡੀ ਕਮੇਟੀ ਗੇਟ ਦੇ ਸਾਹਮਣੇ ਦੀ ਬਸਤੀ ਵਿਚ ਰਹਿਣ ਵਾਲਾ ਮਹਾਵੀਰ ਸਿੰਘ ਆਪਣੇ ਰਾਜਗਿਰੀ ਦੇ ਕੰਮ ਨਾਲ ਪਰਿਵਾਰ ਦਾ ਗੁਜ਼ਾਰਾ ਚਲਾਉਂਦਾ ਸੀ। ਇਸੇ ਦੀ ਕਮਾਈ ਤੋਂ ਉਹ 2 ਬੇਟੀਆਂ ਦਾ ਵਿਆਹ ਕਰ ਚੁੱਕਾ ਸੀ। ਪੂਨਮ 9ਵੀਂ ਦੀ ਪੜ੍ਹਾਈ ਦੇ ਨਾਲ ਔਰਤਾਂ ਦੇ ਕੱਪੜੇ ਸਿਉਂਦੀ ਸੀ। ਘਰ ਦੇ ਕੋਲ ਹੀ ਉਸ ਨੇ ਬੂਟੀਕ ਵੀ ਖੋਲ੍ਹ ਰੱਖਿਆ ਸੀ। ਉਸ ਦੇ ਘਰ ਦੇ ਕੋਲਹੀ ਮਹੀਲਾਲ ਦਾ ਮਕਾਨ ਸੀ। ਮਹੀਲਾਲ ਦਾ ਲੜਕਾ ਸ਼ਿਵਦੱਤ ਬਦਮਾਸ਼ ਪ੍ਰਵਿਰਤੀ ਦਾ ਸੀ। ਉਸ ਦੀ ਦੋਸਤੀ ਮੰਡੀ ਕਮੇਟੀ ਦੇ ਕੋਲ ਸਥਿਤ ਬਿਜਲੀ ਘਰ ਵਿਚ ਤਾਇਨਾਤ ਕਰਮਚਾਰੀਆਂ ਨਾ ਸੀ। ਉਹਨਾਂ ਦੇ ਕਾਰਨ ਹੀ ਉਸਨੂੰ ਟ੍ਰਾਂਸਫਾਰਮਰ ਰੱਖਣ ਦੇ ਲਈ ਬਜਾਏ ਜਾਣ ਵਾਲੇ ਚਬੂਤਰਿਆਂ ਦਾ ਠੇਕਾ ਮਿਲ ਜਾਂਦਾ ਸੀ।

ਕਿਉਂਕਿ ਸ਼ਿਵਦੱਤ ਦਾ ਪੜੌਸੀ ਮਹਾਵੀਰ ਰਾਜ ਮਿਸਤਰੀ ਸੀ, ਇਸ ਕਰਕੇ ਉਸੇ ਦੁਆਰਾ ਉਹ ਚਬੂਤਰੇ ਬਣਵਾ ਦਿੰਦਾ ਸੀ। ਇਸ ਤੋਂ ਕੁਝ ਪੈਸੇ ਸ਼ਿਵਦੱਤ ਨੂੰ ਬਚ ਜਾਂਦੇ ਸਨ। ਕੰਮ ਦੇ ਕਾਰਨ ਸ਼ਿਵਦੱਤ ਦਾ ਮਹਾਵੀਰ ਦੇ ਘਰ ਆਉਣਾ-ਜਾਣਾ ਆਰੰਭ ਹੋ ਗਿਆ ਸੀ। ਮਹਾਵੀਰ ਦੀ ਛੋਟੀ ਬੇਟੀ ਪੂਨਮ ਤੇ ਸ਼ਿਵਦੱਤ ਦੀ ਨਜ਼ਰ ਪਹਿਲਾਂ ਤੋਂ ਹੀ ਸੀ। ਜਦੋਂ ਵੀ ਉਹ ਘਰ ਤੋਂ ਨਿਕਲਦੀ ਤਾਂ ਉਹ ਉਸਨੂੰ ਤਾੜਦਾ ਰਹਿੰਦਾ ਸੀ। ਪਰ ਪੂਨਮ ਨੇ ਉਸਨੂੰ ਲਿਫਟ ਨਾ ਦਿੱਤੀ। ਜਦੋਂ ਸ਼ਿਓਦੱਤ ਦਾ ਪੂਨਮ ਦੇ ਘਰ ਆਉਣਾ-ਜਾਣਾ ਆਰੰਭ ਹੋ ਗਿਆ। ਤਾਂ ਉਸ ਨੇ ਪੂਨਮ ਦੇ ਨਜ਼ਦੀਕ ਪਹੁੰਚਣ ਦੀ ਕੋਸ਼ਿਸ਼ ਕੀਤੀ।

ਜਦੋਂ ਉਹ ਪੂਨਮ ਨੂੰ ਜ਼ਿਆਦਾ ਹੀ ਪ੍ਰੇਸ਼ਾਨ ਕਰਨ ਲੱਗਿਆ ਤਾਂ ਇਕ ਦਿਨ ਪੂਨਮ ਨੇ ਇਯ ਦੀ ਸ਼ਿਕਾਇਤ ਆਪਣੀ ਮਾਂ ਨੂੰ ਕਰ ਦਿੱਤੀ। ਇਸ ਤੋਂ ਬਾਅਦ ਸ਼ਾਰਦਾ ਨੇ ਗੱਲ ਪਤੀ ਨੂੰ ਦੱਸੀ ਤਾਂ ਮਹਾਵੀਰਨੇ ਸ਼ਿਵਦੱਤ ਦੇ ਪਿਤਾ ਮਹੀਲਾਲ ਨੂੰਸ਼ਿਕਾਇਤ ਕਰਨ ਦੇ ਨਾਲ ਸ਼ਿਵਦੱਤ ਨਾਲ ਗੱਲਬਾਤ ਵੀ ਬੰਦ ਕਰ ਦਿੱਤੀ। ਇਸ ਤੋਂ ਇਲਾਵਾ ਉਸ ਨੇਆਪਣੇ ਘਰ ਆਉਣ ਲਈ ਵੀ ਸਾਫ ਇਨਕਾਰ ਕਰ ਦਿੱਤਾ ਸੀ।

ਸ਼ਿਵਦੱਤ ਦਬੰਗ ਸੀ, ਮਹਾਵੀਰ ਦੁਆਰਾ ਉਸ ਦੇ ਪਿਤਾ ਨੂੰ ਸ਼ਿਕਾਇਤ ਕਰਨ ਦੀ ਗੱਲ ਉਸਨੂੰ ਬਹੁਤ ਬੁਰੀ ਲੱਗੀ। ਉਹ ਪੂਰੀ ਤਰ੍ਹਾਂ ਨਾਲ ਦਾਦਾਗਿਰੀ ਤੇ ਉਤਰ ਆਇਆ ਅਤੇ ਹੁਣ ਪੂਨਮ ਨੂੰ ਖੁੱਲ੍ਹੇ ਤੌਰ ਤੇ ਧਮਕੀ ਦੇਣ ਲੱਗਿਆ ਕਿ ਉਹ ਉਸ ਨਾਲ ਵਿਆਹ ਲਈ ਇਨਕਾਰ ਕਰੇਗੀ ਤਾਂ ਗੰਭੀਰ ਨਤੀਜੇ ਭੁਗਤਣੇ ਪੈਣਗੇ। ਮਹਾਵੀਰ ਨੇ ਫਿਰ ਤੋਂ ਮਹੀਲਾਲ ਨੂੰ ਸ਼ਿਕਾਇਤ ਕੀਤੀ। ਇਸ ਵਾਰ ਮਹੀਲਾਲ ਨੇ ਆਪਣੇ ਬੇਟੇ ਸ਼ਿਵਦੱਤ ਦਾ ਹੀ ਪੱਖ ਲਿਆ। ਮਹਾਵੀਰ ਕੋਈ ਲੜਾਈ-ਝਗੜਾ ਨਹੀਂ ਕਰਨਾ ਚਾਹੁੰਦਾ ਸੀ। ਗੱਲ ਵਧਾਉਣ ਦੀ ਬਜਾਏ ਉਹ ਚੁੱਪ ਹੋ ਕੇ ਬੈਠ ਗਿਆ। ਮਹਾਵੀਰ ਦੇ ਰਿਸ਼ਤੇਦਾਰਾਂ ਅਤੇ ਮੁਹੱਲੇ ਦੇ ਕੁਝ ਲੋਕਾਂ ਨੇ ਉਸਨੂੰ ਥਾਣੇ ਸ਼ਿਕਾਇਤ ਕਰਨ ਦਾ ਸੁਝਾਅ ਦਿੱਤਾ ਪਰ ਬੇਟੀ ਦੀ ਬਦਨਾਮੀ ਨੂੰ ਦੇਖਦੇ ਹੋਏ ਉਹ ਥਾਣੇ ਨਾ ਗਿਆ। ਮਹਾਵੀਰ ਦੇ ਚੁੱਪ ਹੋਣ ਤੋਂ ਬਾਅਦ ਸ਼ਿਵਦੱਤ ਦਾ ਹੌਸਲਾ ਹੋਰ ਵੱਧ ਗਿਆ। ਉਹ ਪੂਨਮ ਨੂੰ ਹੋਰ ਜ਼ਿਆਦਾ ਤੰਗ ਕਰਨ ਲੱਗਿਆ। ਇੰਨਾ ਹੀ ਨਹੀਂ, ਉਹ ਕਈ ਵਾਰ ਪੂਨਮ ਦੇ ਘਰ ਦੇਸੀ ਪਿਸਤੌਲ ਲੈ ਕੇ ਵੀ ਪਹੁੰਚਿਆ। ਹਰ ਵਾਰ ਉਹ ਉਸ ਨਾਲ ਵਿਆਹ ਕਰਨ ਦੀ ਧਮਕੀ ਦਿੰਦਾ। ਘਟਨਾ ਤੋਂ ਇਕ ਦਿਨ ਪਹਿਲਾਂ ਵੀ ਉਹ ਪੂਨਮ ਦੇ ਘਰ ਗਿਆ। ਪਿਸਤੌਲ ਕੱਢ ਕੇ ਉਸ ਨੇ ਧਮਕੀ ਦਿੱਤੀ ਕਿ ਉਹ ਵਿਆਹ ਦੇ ਲਈ ਹੁਣ ਵੀ ਮੰਨ ਜਾਵੇ ਵਰਨਾ ਅੰਜਾਮ ਭੁਗਤਣ ਲਈ ਤਿਆਰ ਰਹਿਣ। 10 ਦਸੰਬਰ ਨੂੰ ਸ਼ਿਵਦੱਤ ਫਿਰ ਤੋਂ ਪੂਨਮ ਦੇ ਘਰ ਜਾ ਧਮਕਿਆ। ਉਸ ਦਿਨ ਉਹ ਆਪਣੇ ਨਾਲ ਇਕ ਕੇਨ ਵਿਚ ਕੈਰੋਸਿਨ ਵੀ ਲੈ ਗਿਆਸੀ। ਪੂਨਮ ਉਸ ਵਕਤ ਝਾੜੂ ਲਗਾ ਰਹੀ ਸੀ, ਉਦੋਂ ਹੀ ਉਸ ਨੇ ਉਸ ਤੇ ਕੈਰੋਸਿਨਪਾ ਕੇ ਅੱਗ ਲਗਾ ਦਿੱਤੀ ਅਤੇ ਉਥੋਂ ਭੱਜ ਗਿਆ।

ਸ਼ਿਵ ਦੱਤ ਤੋਂ ਪੁੱਛਗਿੱਛ ਦੇ ਬਾਅਦ ਪੁਲਿਸ ਨੇ ਉਸਨੂੰ ਅਦਾਲਤ ਵਿਚ ਪੇਸ਼ ਕੀਤਾ, ਜਿੱਥੋਂ ਉਸਨੂੰ ਜੇਲ੍ਹ ਭੇਜ ਦਿੱਤਾ ਗਿਆ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਤਤਕਾਲੀ ਐਸ. ਐਸ. ਪੀ. ਦਿਨੇਸ਼ ਚੰਦਰ ਦੂਬੇ ਦਾ ਕਹਿਣਾ ਸੀ ਕਿ ਇਸ ਮਾਮਲੇ ਵਿਚ ਸ਼ਿਵਦੱਤ ਤੋਂ ਇਲਾਵਾ ਹੋਰ ਕੋਈ ਦੋਸ਼ੀ ਪਾਇਆ ਗਿਆ ਤਾਂ ਉਸਦੇ ਖਿਲਾਫ ਕਾਨੂੰਨੀ [illegible] ਕੀਤੀ ਜਾਵੇਗੀ।

# ਜੇਕਰ ਅੱਖਾਂ ਵਿਚ ਦਿੱਸਣ ਇਹ ਤਬਦੀਲੀਆਂ ਤਾਂ ਹੋ ਜਾਓ ਸਾਵਧਾਨ

ਅੱਖਾਂ ਦੀ ਠੀਕ ਤਰੀਕੇ ਨਾਲ ਸੰਭਾਲ ਨਾ ਕਰਨ ਕਰਕੇ ਕਈ ਕਿਸਮ ਦੀਆਂ ਸਿਹਤ ਸਮੱਸਿਆਵਾਂ ਹੋਣ ਲੱਗਦੀਆਂ ਹਨ। ਕੁਝ ਸਮੱਸਿਆਵਾਂ ਅਜਿਹੀਆਂ ਹਨ ਜੋ ਕਿਸੇ ਸਿਹਤ ਕੰਡੀਸ਼ਨ ਜਾਂ ਬਿਮਾਰੀ ਦੇ ਕਾਰਨ ਹੁੰਦੀ ਹੈ। ਜੇਕਰ ਇਹਨਾਂ ਦੇ ਸੰਕੇਤਾਂ ਨੂੰ ਅਸੀਂ ਪਛਾਣ ਲਈਏ ਤਾਂ ਅੱਖਾਂ ਨਾਲ ਸਬੰਧਤ ਗੰਭੀਰ ਬਿਮਾਰੀਆਂ ਤੋਂ ਬਚ ਸਕਦੇ ਹੋ।



**ਸਹੀ ਸਮੇਂ ਤੇ ਇਲਾਜ ਜਰੂਰੀ**

ਕਈ ਲੋਕ ਅੱਖਾਂ ਦੀ ਸਮੱਸਿਆ ਨੂੰ ਇਗਨੋਰ ਕਰ ਦਿੰਦੇ ਹਨ ਪਰ ਇਹ ਸਮੱਸਿਆ ਅੱਗੇ ਜਾ ਕੇ ਕਿਸੇ ਵੱਡੀ ਬਿਮਾਰੀ ਦਾ ਰੂਪ ਲੈ ਸਕਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਅੱਖਾਂ ਸਾਡੇ ਸਰੀਰ ਦਾ ਸਭ ਤੋਂ ਸੈਂਸਟਿਵ ਏਰੀਆ ਹੁੰਦੀਆਂ ਹਨ। ਜੇਕਰ ਅੱਖਾਂ ਵਿਚ ਥੋੜ੍ਹਾ ਵੀ ਬਦਲਾਅ ਨਜ਼ਰ ਆਵੇ ਤਾਂ ਇਸਦਾ ਸਹੀ ਸਮੇਂ ਤੇ ਇਲਾਜ ਜ਼ਰੂਰ ਕਰਵਾਉਣਾ ਚਾਹੀਦਾ ਹੈ।

**ਧੁੰਦਲਾ ਦਿਖਾਈ ਦੇਣਾ**

ਅੱਖਾਂ ਤੋਂ ਧੁੰਦਲਾ ਦਿਖਾਈ ਦੇਣਾ, ਅੱਖਾਂ ਦਾ ਰੰਗ ਬਦਲ ਜਾਣਾ, ਨਾਲ ਹੀ ਸਿਰ ਦਰਦ, ਥਕਾਵਟ, ਵੀਕਨੈਸ ਰਹਿਣਾ ਬ੍ਰੇਨ ਟਿਊਮਰ ਦੇ ਸੰਕੇਤ ਹੋ ਸਕਦੇ ਹਨ।

**ਪੁਤਲੀ ਦਾ ਰੰਗ ਸਫੈਦ ਹੋਣਾ**

ਪੁਤਲੀ ਦਾ ਰੰਗ ਸਫੈਦ ਹੋਣਾ ਮੋਤੀਆਬਿੰਦ ਦਾ ਸੰਕੇਤ ਹੋ ਸਕਦਾ ਹੈ। ਇਸ ਵਿਚ ਅੱਖਾਂ ਦਾ ਲੈਨਜ਼ ਖਰਾਬ ਹੋਣ ਦਾ ਖਤਰਾ ਵੱਧ ਜਾਂਦਾ ਹੈ।

**ਅੱਖਾਂ ਵਿਚ ਪੀਲਾਪਣ ਆਉਣਾ**

ਅੱਖਾਂ ਦਾ ਪੀਲਾਪਣ ਵੱਧ ਜਾਣਾ ਜਾਂਡਿਸ ਦਾ ਸੰਕੇਤ ਹੋ ਸਕਦਾ ਹੈ। ਇਸ ਵਿਚ ਲੀਵਰ ਖਰਾਬ ਹੋਣਾ, ਕਮਜ਼ੋਰੀ ਅਤੇ ਇਨਡਾਈਜੇਸ਼ਨ ਵਰਗੀ ਸਮੱਸਿਆ ਵੀ ਹੋਣ ਲੱਗਦੀ ਹੈ।

**ਪਲਕਾਂ ਤੇ ਧੱਬੇ**

ਬਾਡੀ ਵਿਚ ਕੋਲੈਸਟ੍ਰਾਲ ਲੈਵਲ ਵਧਣ ਦੇ ਕਾਰਨ ਅੱਖਾਂ ਦੀਆਂ ਪਲਕਾਂ ’ਤੇ ਧੱਬੇ ਪੈਣ ਲੱਗਦੇ ਹਨ। ਇਹ ਹਾਰਟ ਡਿਜੀਜ਼ ਦਾ ਸੰਕੇਤ ਹੋ ਸਕਦਾ ਹੈ।

**ਪੂਰੀ ਅੱਖ ਸਫੈਦ ਹੋਣਾ**

ਪੂਰੀ ਅੱਖ ਸਫੈਦ ਹੋਣਾ ਅਨੀਮੀਆ ਜਾਂ ਖੂਨ ਦੀ ਕਮੀ ਦਾ ਸੰਕੇਤ ਹੋ ਸਕਦਾ ਹੈ। ਇਸ ਵਿਚ ਥਕਾਵਟ, ਕਮਜ਼ੋਰੀ, ਸਾਹ ਲੈਣ ਵਿਚ ਤਕਲੀਫ ਅਤੇ ਸੀਨੇ ਵਿਚ ਦਰਦ ਹੋਣ ਵਰਗੀ ਸਮੱਸਿਆ ਵੀ ਹੋਣ ਲੱਗਦੀ ਹੈ।

**ਅੱਖਾਂ ਦਾ ਲਾਲ ਹੋਣਾ**

ਅੱਖਾਂ ਦਾ ਲਾਲ ਹੋਣਾ ਕੰਜਕਟੀਵਾਈਟਿਸ ਨਾਮੀ ਬਿਮਾਰੀ ਦਾ ਸੰਕੇਤ ਹੋ ਸਕਦਾ ਹੈ। ਇਸ ਵਿਚ ਅੱਖਾਂ ਆਉਣਾ, ਇਨਫੈਕਸ਼ਨ ਅਤੇ ਐਲਰਜੀ ਵਰਗੀ ਸਮੱਸਿਆ ਹੋਣ ਲੱਗਦੀ ਹੈ।

**ਅੱਖਾਂ ਵਿਚ ਸੋਜਿਸ਼**

ਅੱਖਾਂ ਸੁੱਜਣਾ ਜਾਂ ਉਹਨਾਂ ਵਿਚ ਉਭਰਾਪਣ ਮਹਿਸੂਸ ਹੋਣਾ ਥਾਈਰਾਈਡ ਦਾ ਸੰਕੇਤ ਹੋ ਸਕਦਾ ਹੈ। ਇਸ ਨਾਲ ਅੱਖਾਂ ਵਿਚ ਇਰੀਟੇਸ਼ਨ ਵੀ ਹੋਣ ਲੱਗਦੀ ਹੈ।

# ਭੁੱਖਮਰੀ ਨਾਲ ਨਿਪਟਣ ਦੀ ਸਰਕਾਰੀ ਯੋਜਨਾ ਕਾਰਨ ਆਫਤ ਵਿਚ ਖਰਗੋਸ਼

ਜੀ ਹਾਂ ਦੁਨੀਆਂ ਵਿਚ ਅੱਜ ਕਈ ਅਜਿਹੇ ਮੁਲਕ ਹਨ, ਜਿੱਥੇ ਵੱਡੇ ਪੱਧਰ ਤੇ ਭੁੱਖਮਰੀ ਫੈਲੀ ਹੈ। ਉਥੋਂ ਦੀਆਂ ਸਰਕਾਰਾਂ ਜਨਤਾ ਦੀ ਭੁੱਖ ਮਿਟਾਉਣ ਦੇ ਲਈ ਕਈ ਕਿਸਮ ਦੇ ਯਤਨ ਅਤੇ ਯੋਜਨਾਵਾਂ ਤਿਆਰ ਕਰਦੀਆਂ ਹਨ, ਜਿਸ ਨਾਲ ਕਿ ਭੁੱਖਮਰੀ ਤੋਂ ਬਚਾਅ ਹੋ ਸਕ। ਇ.ਸੇ ਤਰ੍ਹਾ ਇਹਨਾਂ ਭੁੱਖਮਰੀ ਤੋਂ ਪ੍ਰੇਸ਼ਾਨ ਦੇਸ਼ਾਂ ਵਿਚ ਇਕ ਦੇਸ਼ ਵੈਨਜ਼ੁਏਲਾ ਵੀ ਹੈ। ਇੱਥੇ ਹਾਲ ਹੀ ਵਿਚ ਸਰਕਾਰ ਨੇ ਇਕ ਖਾਸ ਸਰਕਾਰੀ ਯੋਜਨਾ ਤਿਆਰ ਕੀਤੀ ਹੈ। ਜਿਸ ਵਿਚ ਲੋਕਾਂ ਨੂੰ ਖਰਗੋਸ਼ ਖਾਣ ਦੀ ਸਲਾਹ ਦਿੱਤੀ ਹੈ। ਇਸ ਹਨ ਅਤੇ ਇਹਨਾਂ ਨੂੰ ਸਭ ਤੋਂ ਜ਼ਿਆਦਾ ਪਿਆਰ ਕਰਦੇ ਹਨ। ਜਿਸ ਨਾਲ ਹੁਣ ਇੱਥੇ ਖਰਗੋਸ਼ ਕਾਫੀ ਆਫਤ ਵਿਚ ਹਨ ਕਿਉਂਕਿ ਪਤਾ ਨਹੀਂ ਉਹਨਾਂ ਨੂੰ ਕਦੋਂ ਖਾ ਲਿਆ ਜਾਵੇ। ਖਰਗੋਸ਼ ਕਾਫੀ ਸਹਿਮੇ ਹੋਏ ਹਨ। ਇਸ ਤੋਂ ਇਲਾਵਾ ਇੱਥੋਂ ਦੇ ਰਾਸ਼ਟਰਪਤੀ ਲਿਕੋਲਸ ਮਦੂਰੋ ਦੀ ਸਰਕਾਰ ਨੇ ਇਕ ਹੋਰ ਖਾਸ ਪਲਾਨ ਤਿਆਰ ਕੀਤਾ ਹੈ। ਜਿਸ ਵਿਚ ਲੋਕਾਂ ਨੂੰ ਆਪਣੇ ਘਰਾਂ ਦੀਆਂ ਛੱਤਾਂ ਅਤੇ ਬਾਲਕੋਨੀ ਵਿਚ ਵੀ ਭੋਜਨ ਉਗਾਉਣ ਦੀ ਸਲਾਹ ਦਿੱਤੀ ਹੈ, ਤਾਂ ਜੋ ਲੋਕਾਂ ਨੂੰ ਪੇਟ ਭਰ ਕੇ ਭੋਜਨ ਮਿਲ ਸਕੇ।



# ਧਰਤੀ ’ਤੇ ਅਜੀਬੋ-ਗਰੀਬ ਇਲਾਕੇ

ਧਰਤੀ ਤੇ ਇਕ ਸਮੇਂ ਕਈ ਅਜਿਹੀਆਂ ਘਟਨਾਵਾਂ ਹੁੰਦੀਆਂ ਹਨ, ਜਿਹਨਾਂ ਨੂੰ ਸਮਝਣਾ ਅਸੰਭਵ ਹੈ। ਕਿਤੇ ਪੱਧਰ ਆਪਣੇ ਆਪ ਚਲਦਾ ਹੈ ਅਤੇ ਕਿਤੇ ਖੁਦ ਹੀ ਝੀਲ ਬਣ ਜਾਂਦੀ ਹੈ। ਕਿਤੇ ਸ਼ਹਿਰ ਵਿਚਕਾਰ ਵੱਡਾ ਸਾਰਾ ਖੱਡਾ ਹੋ ਜਾਂਦਾ ਹੈ।



**ਸਹਾਰਾ ਰੇਗਿਸਤਾਨ ਦੀ ਅੱਖ**

ਸਹਾਰਾ ਰੇਗਿਸਤਾਨ ਦੀ ਅੱਖ ਨੂੰ ਸਿਰਫ ਐਸਟ੍ਰੋਨਾਟ ਹੀ ਦੇਖ ਸਕਦੇ ਹਨ। ਵਿਗਿਆਨੀ ਅੱਜ ਵੀ ਇਯ ਸੱਚ ਦੀ ਭਾਲ ਵਿਚ ਜੁਟੇ ਹਨ ਕਿ ਸਹਾਰਾ ਦੀ ਅੱਖ ਦਾ ਨਿਰਮਾਣ ਕਿਵੇਂ ਹੋਇਆ ਹੈ। ਇੱਥੇ 40 ਕਿਲੋਮੀਟਰ ਵਿਚ ਤਿੰਨ ਛੱਲੇ ਬਣੇ ਹੋਏ ਹਨ। ਇਸਨੂੰ ਸਿਰਫ ਸਪੇਸ ਤੋਂ ਹੀ ਦੇਖਿਆ ਜਾ ਸਕਦਾ ਹੈ।



**ਨਰਕ ਦਾ ਰਸਤਾ**

ਵਿਗਿਆਨੀਆਂ ਨੇ ਤੁਰਕਮੇਨਿਸਤਾਨ ਵਿਚ ਨਰਕ ਦਾ ਦਰਵਾਜ਼ਾ ਲੱਭ ਲਿਆ ਹੈ। ਇਹ ਕ੍ਰੇਟਰ 1971 ਵਿਚ ਬਣਿਆ ਸੀ। ਪਿਛਲੇ 40 ਸਾਲਾਂ ਤੋਂ ਕਾਰਾਕੁਮ ਰੇਗਿਸਤਾਨ ਵਿਚ ਇਹ ਗੈਸ ਦਾ ਗੋਲਾ ਮਿੱਟੀ ਦੇ ਨਾਲ ਜਲ ਰਿਹਾ ਹੈ। ਇਹ ਕਿਵੇਂ ਅਤੇ ਕਿਉਂ ਹੋਇਆ ਵਿਗਿਆਨੀ ਇਸਦਾ ਸੱਚ ਪਤਾ ਨਹੀਂ ਕਰ ਪਾ ਰਹੇ ਹਨ।



**ਗੁਆਟੇਮਾਲਾ ਦਾ ਖੱਡਾ**

ਗੁਆਟੇਮਾਲਾ ਸ਼ਹਿਰ ਵਿਚਕਾਰ ਬਣਿਆ ਇਹ ਖੱਡਾ ਤੁਹਾਨੂੰ ਹੈਰਾਨੀ ਵਿਚ ਪਾ ਸਕਦਾ ਹੈ। ਇਸ ਵੱਡੇ ਸਾਰੇ ਖੱਡੇ ਦਾ ਨਿਰਮਾਣ ਜੂਨ 2010 ਵਿਚ ਹੋਇਆ ਸੀ। ਇਸ ਖੱਡੇ ਦਾ ਨਿਰਮਾਣ ਅਗਾਥਾ ਨਾਂ ਦੇ ਤੂਫਾਨ ਦੇ ਆਉਣ ਤੋਂ ਬਾਅਦ ਹੋਇਆ ਸੀ। 20 ਮੀਟਰ ਵਿਆਸ ਦਾ ਇਹ ਖੱਡਾ 30 ਮੀਟਰ ਡੂੰਘਾ ਹੈ।



**ਵੱਡਾ ਹੁੰਦਾ ਆਈਲੈਂਡ**

ਟੋਕੀਓ ਤੋਂ 1000 ਕਿਲੋਮੀਟਰ ਦੀ ਦੂਰੀ ਤੇ ਇਕ ਵਾਲਕੈਨੋ ਆਈਲੈਂਡ ਹੈ। ਇਸ ਵਾਲਕੈਨੋ ਆਈਲੈਂਡ ਦਾ ਨਿਰਮਾਣ ਨਵੰਬਰ 2013 ਵਿਚ ਹੋਂਦ ਵਿਚ ਆਇਆ ਸੀ। ਇਹ ਆਈਸਲੈਂਡ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਤਰ੍ਹਾਂ ਦੇ ਆਈਸਲੈਂਡ ਜਿਵੇਂ ਅਚਾਨਕ ਹੀ ਬਣਦੇ ਹਨ, ਵੈਸੇ ਹੀ ਅਚਾਨਕ ਖਤਮ ਹੋ ਜਾਂਦੇ ਹਨ।



**ਸਾਈਬੇਰੀਅਨ ਖੱਡਾ**

ਸਾਈਬੇਰੀਆ ਵਿਚ ਬਣਿਆ ਖੱਡਾ ਵੀ ਵਿਗਿਆਨੀਆਂ ਦੇ ਗਲੇ ਨਹੀਂ ਉਤਰ ਰਿਹਾ ਹੈ। ਵਿਗਿਆਨੀ ਅੱਜ ਤੱਕ ਇਸ ਖੱਡੇ ਦੇ ਬਣਨ ਦੇ ਭੇਦ ਨਹੀਂ ਜਾਣ ਪਾਏ ਹਨ। 80 ਮੀਟਰ ਦੇ ਵਿਆਜ ਦਾ ਇਹ ਖੱਡਾ ਗਲੋਬਲ ਵਾਰਮਿੰਗ ਦਾ ਨਤੀਜਾ ਹੈ। ਵਿਗਿਆਨੀ ਅੰਦਾਜ਼ਾ ਲਗਾ ਰਹੇ ਹਨ ਕਿ ਇਸਦਾ ਨਿਰਮਾਣ ਗੈਸ ਦੇ ਵਿਸਫੋਟ ਨਾਲ ਹੋਇਆ ਹੈ।



**ਟਿਊਨੇਸ਼ੀਆ ਲੇਕ**

ਟਿਊਨੇਸ਼ੀਆ ਰੇਗਿਸਤਾਨ ਵਿਚਕਾਰ ਗਫਸਾ ਕਸਬੇ ਦੇ ਕੋਲ 2003 ਵਿਚ ਇਕ ਹੈਕਟੇਅਰ ਇਲਾਕੇ ਵਿਚ ਅਚਾਨਕ ਝੀਲ ਦਾ ਨਿਰਮਾਣ ਹੋ ਗਿਆ। ਇਹ ਝੀਲ 20 ਮੀਟਰ ਡੂੰਘੀ ਹੈ। ਇਲਾਕਾਈ ਲੋਕਾਂ ਨੇ ਇਸਨੂੰ ਗਫਸਾ ਬੀਚ ਨਾਂ ਦਿੱਤਾ ਹੈ। ਵਿਗਿਆਨੀ ਇਸ ਝੀਲ ਦਾ ਨਿਰਮਾਣ ਹੋਣ ਦੀ ਵਜ੍ਹਾ ਹੁਣ ਤੱਕ ਨਹੀਂ ਲੱਭ ਸਕੇ ਹਨ।

# ਡਿਪਰੈਸ਼ਨ ਦੀਆਂ ਅਲਾਮਤਾਂ ਨੂੰ ਨਜ਼ਰਅੰਦਾਜ਼ ਨਾ ਕਰੋ



ਕਈ ਵਾਰ ਵਿਅਕਤੀ ਖ਼ੁਸ਼ ਹੁੰਦਾ ਹੈ ਤੇ ਕਦੀ ਦੁੱਖੀ ਹੁੰਦਾ ਹੈ। ਇਹ ਜੀਵਨ ਤੇ ਮਨੁੱਖੀ ਸੁਭਾਅ ਦਾ ਅਹਿਮ ਹਿੱਸਾ ਹੈ। ਜ਼ਿੰਦਗੀ ਭਰ ਅਜਿਹਾ ਚੱਲਦਾ ਰਹਿੰਦਾ ਹੈ ਪਰ ਜੇ ਕੋਈ ਹਰ ਸਮੇਂ ਦੁੱਖੀ ਰਹਿੰਦਾ ਹੈ ਤਾਂ ਇਹ ਠੀਕ ਨਹੀਂ। ਇਸ ਨੂੰ 'ਡਿਪਰੈਸ਼ਨ' ਕਿਹਾ ਜਾਂਦਾ ਹੈ। ਡਿਪਰੈਸ਼ਨ ਤੋਂ ਪੀੜ੍ਹਤ ਵਿਅਕਤੀ ਹਮੇਸ਼ਾ ਨਿਰਾਸ਼ਾਵਾਦੀ ਤੇ ਦੁੱਖੀ ਰਹਿੰਦਾ ਹੈ। ਉਹ ਕਿਸੇ ਦੀ ਫ਼ਿਕਰਮੰਦੀ ਨੂੰ ਵੀ ਸ਼ੱਕ ਦੀ ਨਿਗ੍ਹਾ ਨਾਲ ਵੇਖਣ ਲੱਗਦਾ ਹੈ। ਸਾਡਾ ਸਰੀਰ ਹਰ ਬਿਮਾਰੀ ਦੀ ਆਮਦ ਤੋਂ ਪਹਿਲਾਂ ਸਾਨੂੰ ਕੁੱਝ ਸੰਕੇਤ ਦਿੰਦਾ ਹੈ ਤਾਂ ਕਿ ਅਸੀਂ ਬਿਮਾਰੀ ਦੇ ਫ਼ੈਲਣ ਤੋਂ ਪਹਿਲਾਂ ਹੀ ਉਸ ਦਾ ਇਲਾਜ ਕਰਵਾ ਸਕੀਏ। ਡਿਪਰੈਸ਼ਨ ਵੀ ਆਪਣੀਆਂ ਮੁੱਢਲੀਆਂ ਅਲਾਮਤਾਂ ਛੱਡਦਾ ਹੈ। ਇਨਾਂ ਨੂੰ ਸਮਾਂ ਰਹਿੰਦਿਆਂ ਸਮਝ ਕੇ ਅਸੀਂ ਮਾਨਸਿਕ ਵਿਗਾੜ ਬਣਨ ਤੋਂ ਬਚ ਸਕਦੇ ਹਾਂ।

### ਵਜ਼ਨ ਘੱਟਣਾ ਜਾਂ ਵਧਣਾ

ਡਿਪਰੈਸ਼ਨ 'ਚ ਕਈ ਲੋਕ ਬਹੁਤ ਜ਼ਿਆਦਾ ਖਾਣਾ ਖਾਂਦੇ ਹਨ ਤੇ ਕਈ ਬਹੁਤ ਹੀ ਘੱਟ। ਇਸ ਤੋਂ ਇਲਾਵਾ ਡਿਪਰੈਸ਼ਨ ਨੀਂਦ ਨਾਲ ਸਬੰਧਤ ਸਮੱਸਿਆਂ ਨੂੰ ਵੀ ਵਧਾ ਦਿੰਦਾ ਹੈ। ਨੀਂਦ ਦੀ ਘਾਟ ਕਰ ਕੇ ਭੁੱਖ ਲਗਦੀ ਹੇ ਤੇ ਆਦਮੀ ਮੋਟਾ ਹੋਣਾ ਸ਼ੁਰੂ ਹੋ ਜਾਂਦਾ ਹੈ।

### ਬਦਨ ਤੇ ਸਿਰ ਦਰਦ

ਡਿਪਰੈਸ਼ਨ 'ਚ ਕਈ ਵਾਰ ਜੋੜਾਂ ਵਿਚ ਦਰਦ ਰਹਿਣ ਲੱਗਦਾ ਹੈ। ਜਦੋਂ ਅਸੀਂ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਦੀ ਥਾਂ ਆਪਣੇ ਮਨ ਵਿਚ ਹੀ ਰੱਖਣ ਲੱਗਦੇ ਹਾਂ ਤਾਂ ਸਰੀਰ ਇਨ੍ਹਾਂ ਨੂੰ ਦਰਦ ਦੇ ਰੂਪ 'ਚ ਬਾਹਰ ਕੱਢਣ ਲੱਗਦਾ ਹੈ। ਅਜਿਹੇ ਮੌਕੇ ਸੈਂਟਰਲ ਨਰਵਸ ਸਿਸਟਮ ਨਾਲ ਸਬੰਧਤ (ਸਿਰ, ਰੀੜ੍ਹ ਦੀ ਹੱਡੀ ਆਦਿ) 'ਚ ਦਰਦਾਂ ਰਹਿ ਸਕਦੀਆਂ ਹਨ। ਅਜਿਹੀਆਂ ਦਰਦਾਂ ਅਤੇ ਵਿਅਕਤੀ ਦੇ ਵਿਵਹਾਰ ਤੋਂ ਡਿਪਰੈਸ਼ਨ ਹੋਣ ਦਾ ਪਤਾ ਲਗਾਇਆ ਜਾ ਸਕਦਾ ਹੈ।

### ਹਾਜ਼ਮੇ ਦੀ ਖ਼ਰਾਬੀ

ਸਾਡੀਆਂ ਮਾਨਸਿਕ ਭਾਵਨਾਵਾਂ ਸਾਡੀ ਪਾਚਨ ਪ੍ਰਕਿਰਿਆ ਉੱਪਰ ਵੀ ਅਸਰ ਪਾਉਂਦੀਆਂ ਹਨ। ਡਿਪਰੈਸ਼ਨ ਹੋਣ 'ਤੇ ਹਾਜਮਾ ਵੀ ਖ਼ਰਾਬ ਹੋ ਜਾਂਦਾ ਹੈ। ਪੇਟ ਗੈਸ, ਕਬਜ਼ ਅਤੇ ਪੇਟ ਨਾਲ ਸਬੰਧਤ ਕਈ ਹੋਰ ਬਿਮਾਰੀਆਂ ਹੋ ਸਕਦੀਆਂ ਹਨ।

### ਨੀਂਦ 'ਚ ਬੋਲਣਾ

ਡਿਪਰੈਸ਼ਨ ਕਈ ਤਰ੍ਹਾਂ ਦਾ ਹੁੰਦਾ ਹੈ। ਕਈ ਲੋਕ ਸਾਰੀ-ਸਾਰੀ ਰਾਤ ਨਹੀਂ ਸੌਂਦੇ ਤੇ ਕਈ ਜ਼ਰੂਰਤ ਤੋਂ ਜ਼ਿਆਦਾ ਸੌਂਦੇ ਹਨ। ਕਿਸੇ ਨੂੰ ਦਿਨ ਵੇਲੇਂ ਨੀਂਦ ਆਉਂਦੀ ਹੈ। ਡਿਪਰੈਸ਼ਨ ਦਾ ਸ਼ਿਕਾਰ ਹੋਣ 'ਤੇ ਵਿਅਕਤੀ ਨੂੰ ਆਪਣੇ ਸਰੀਰ 'ਚ ਐਨਰਜੀ ਦੀ ਘਾਟ ਮਹਿਸੂਸ ਹੋਣ ਲੱਗਦੀ ਹੈ ਤੇ ਉਹ ਦਿਨ ਭਰ ਥਕਾਵਟ ਮਹਿਸੂਸ ਕਰਦਾ ਰਹਿੰਦਾ ਹੈ। ਇਹ ਵੀ ਵੇਖਿਆ ਗਿਆ ਹੈ ਕਿ ਡਿਪਰੈਸ਼ਨ ਦੇ ਬਹੁਤ ਸਾਰੇ ਮਰੀਜ਼ ਸੌਂਦੇ ਸਮੇਂ ਬੋਲਦੇ ਰਹਿੰਦੇ ਹਨ, ਕੁੱਝ ਲੋਕ ਨੀਂਦ 'ਚ ਰੋਂਦੇ ਵੀ ਹਨ। ਅਜਿਹਾ ਆਪਣੀਆਂ ਭਾਵਨਾਵਾਂ ਨੂੰ ਮਨ 'ਚ ਦਬਾਉਣ ਕਾਰਨ ਹੁੰਦਾ ਹੈ, ਜੋ ਨੀਂਦ ਵੇਲੇ ਗੱਲਬਾਤ ਦੇ ਰੂਪ 'ਚ ਬਾਹਰ ਨਿਕਲਦੀਆਂ ਹਨ। ਜਿਸ ਕਰ ਕੇ ਉਨ੍ਹਾਂ ਨੂੰ ਇਸ ਬਿਮਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। •

# ਦਿਲ 'ਤੇ ਭਾਰੀ ਪੈ ਸਕਦੀ ਹੈ ਵਿਟਾਮਿਨ- ਡੀ ਦੀ ਘਾਟ

ਸਰੀਰ 'ਚ ਵਿਟਾਮਿਨ-ਡੀ ਦੀ ਘਾਟ ਆਉਣ ਨਾਲ ਸਾਨੂੰ ਕਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਓ, ਜਾਣਦੇ ਹਾਂ ਕਿ ਵਿਟਾਮਿਨ-ਡੀ ਦੀ ਸਾਡੇ ਸਰੀਰ 'ਚ ਕੀ ਅਹਿਮੀਅਤ ਹੈ ?

### ਕੀ ਕੰਮ ਕਰਦਾ ਹੈ ਵਿਟਾਮਿਨ–ਡੀ?

ਵਿਟਾਮਿਨ-ਡੀ ਸਾਡੇ ਸਰੀਰ ਦੇ ਮਹੱਤਵਪੂਰਨ ਅੰਗਾਂ ਨੂੰ ਠੀਕ ਰੱਖਣ 'ਚ ਬਹੁਤ ਮਦਦ ਕਰਦਾ ਹੈ। ਇਸ ਦੀ ਘਾਟ ਨਾਲ ਕਈ ਬਿਮਾਰੀਆਂ ਜਿਵੇਂ ਡਾਇਬਟੀਜ (ਸ਼ੂਗਰ), ਕੋਲੋਨ, ਛਾਤੀਆਂ ਅਤੇ ਪ੍ਰੋਸਟੇਟ ਗਲੈਂਡ (ਗਦੂਦਾਂ) ਦਾ ਕੈਂਸਰ ਹੋ ਸਕਦਾ ਹੈ। ਇਕ ਤੰਦਰੁਸਤ ਵਿਅਕਤੀ ਨੂੰ ਵੀ ਰੋਜ਼ਾਨਾ ਘੱਟੋ ਘੱਟ 75 ਫ਼ੀਸਦੀ ਵਿਟਾਮਿਨ-ਡੀ ਪੂਰਾ ਕਰਨ ਲਈ ਸੂਰਜ ਦੀ ਰੌਸ਼ਨੀ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਧੁੱਪ 'ਚ ਘੱਟ ਰਹਿਣ ਨਾਲ ਵਿਟਾਮਿਨ-ਡੀ ਦੀ ਘਾਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਤੋਂ ਇਲਾਵਾ ਹੱਡੀਆਂ ਦੀ ਮਜ਼ਬੂਤੀ ਲਈ ਵੀ ਵਿਟਾਮਿਨ-ਡੀ ਦਾ ਸਰੀਰ ਵਿਚ ਲੋੜੀਂਦੀ ਮਾਤਰਾ 'ਚ ਹੋਣਾ ਬੇਹੱਦ ਜ਼ਰੂਰੀ ਹੁੰਦਾ ਹੈ।



### ਜਾਂਚ

ਵਿਟਾਮਿਨ-ਡੀ ਦੀ ਘਾਟ ਬਾਰੇ ਜਾਣਕਾਰੀ ਲੈਣ ਲਈ 25 ਫ਼ੀਸਦੀ ਹਾਈਡ੍ਰੌਕਸੀ ਵਿਟਾਮਿਨ-ਡੀ ਬਲੱਡ ਟੈਸਟ ਕਰਵਾਇਆ ਜਾਂਦਾ ਹੈ। ਇਹ ਟੈਸਟ 40 ਸਾਲ ਦੀ ਉਮਰ ਤੋਂ ਬਾਅਦ ਇਕ ਵਾਰ ਜ਼ਰੂਰ ਕਰਵਾ ਲੈਣਾ ਚਾਹੀਦਾ ਹੈ।

### ਉਪਾਅ

ਜਦੋਂ ਸੂਰਜ ਦੀਆਂ ਕਿਰਨਾਂ ਸਰੀਰ 'ਤੇ ਪੈਂਦੀਆਂ ਹਨ ਤਾਂ ਇਹ ਸਰੀਰ 'ਚ ਵਿਟਾਮਿਨ-ਡੀ ਦਾ ਨਿਰਮਾਣ ਕਰਦੀਆਂ ਹਨ।

• ਫੀਚਰ ਡੈਸਕ

# ਡ੍ਰਾਈ ਆਈ ਸਿੰਡਰੋਮ ਦੀ ਸਮੱਸਿਆ

ਜਦੋਂ ਕਿਸੇ ਵਿਅਕਤੀ ਦੇ ਅੱਖਾਂ 'ਚੋਂ ਹੰਝੂ ਨਹੀਂ ਆਉਂਦੇ ਤਾਂ ਇਸ ਤਰ੍ਹਾਂ ਦੀ ਸਥਿਤੀ ਨੂੰ ਡ੍ਰਾਈ ਆਈ ਕਿਹਾ ਜਾਂਦਾ ਹੈ ਕਿਉਂਕਿ ਇਹ ਹੰਝੂ ਅੱਖਾਂ ਨੂੰ ਨਮੀ ਤੇ ਪੋਸ਼ਣ ਪ੍ਰਦਾਨ ਕਰਦੇ ਹਨ। ਇਸ ਨਾਲ ਅੱਖਾਂ 'ਚ ਖਾਰਿਸ਼, ਖ਼ੁਰਦਰਾਪਨ ਆਦਿ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਦਿਨ ਵੇਲੇ ਸਾਡੀਆਂ ਅੱਖਾਂ ਥਕਾਵਟ ਮਹਿਸੂਸ ਕਰਦੀਆਂ ਹਨ। ਇਹ ਇਕ ਗੰਭੀਰ ਸਮੱਸਿਆ ਹੈ ਅਤੇ ਵੇਲੇ ਸਿਰ ਇਲਾਜ ਨਾ ਕਰਵਾਉਣ 'ਤੇ ਅੱਖਾਂ 'ਚ ਛਾਲੇ (ਅਲਸਰ) ਜਾਂ ਜ਼ਖ਼ਮ ਹੋ ਸਕਦੇ ਹਨ। ਇਸ ਸਥਿਤੀ ਨੂੰ 'ਡ੍ਰਾਈ ਆਈ ਸਿੰਡਰੋਮ' ਆਖਦੇ ਹਨ। ਸਾਡੀਆਂ ਬਹੁਤ ਸਾਰੀਆਂ ਆਦਤਾਂ ਇਸ ਦੇ ਲਈ ਜ਼ਿੰਮੇਵਾਰ ਹੁੰਦੀ ਹਨ।

### ਜ਼ਿਆਦਾ ਸਮਾਂ ਏਅਰ–ਕੰਡੀਸ਼ਨਰ ਕਮਰੇ 'ਚ ਰਹਿਣਾ

ਕਮਰੇ ਦੇ ਵਾਤਾਵਰਨ 'ਚ ਫੈਲੀ ਨਮੀ ਹੁੰਮਸ ਪੈਦਾ ਕਰਦੀ ਹੈ ਅਤੇ ਏਅਰ ਕੰਡੀਸ਼ਨਰ ਕਮਰੇ 'ਚ ਫ਼ੈਲੀ ਨਮੀ ਨੂੰ ਸੋਖ ਕੇ ਉਸ ਨੂੰ ਖੁੱਲ੍ਹੇ ਵਾਤਾਵਰਨ 'ਚ ਸੁੱਟ ਦਿੰਦੇ ਹਨ। ਜਿਸ ਕਾਰਨ ਕਮਰੇ ਦਾ ਮਾਹੌਲ ਠੰਢਾ ਹੋਣ ਦੇ ਨਾਲ-ਨਾਲ ਖ਼ੁਸ਼ਕ ਵੀ ਹੋ ਜਾਂਦਾ ਹੈ। ਇਸ ਨਾਲ ਅੱਖਾਂ 'ਚ ਜਲਨ, ਖਾਰਿਸ਼ ਮਹਿਸੂਸ ਹੋ ਸਕਦੀ ਹੈ। ਇਸ ਦੇ ਨਾਲ ਜੇ ਧੁੰਦਲਾਪਨ ਨਜ਼ਰ ਆਵੇ ਤਾਂ ਇਹ ਡ੍ਰਾਈ ਆਈ ਸਿੰਡਰੋਮ ਦੇ ਲੱਛਣ ਹੋ ਸਕਦੇ ਹਨ। ਅਜਿਹੀ ਸਥਿਤੀ 'ਚ ਆਫਥੈਲਮਿਸਟ ਪਾਸੋਂ ਜਾਂਚ ਕਰਵਾਓ।

### ਅਸਥਾਈ ਡ੍ਰਾਈ ਆਈ

ਏਅਰ ਕੰਡੀਸ਼ਨਡ ਮਾਹੌਲ 'ਚ ਲੰਬੇ ਸਮੇਂ ਤਕ ਰਹਿਣਾ, ਸਰਦ ਮੌਸਮ, ਜ਼ਿਆਦਾ ਸਮਾਂ ਕੰਪਿਊਟਰ ਸਕਰੀਨ 'ਤੇ ਨਿਗ੍ਹਾ ਟਿਕਾਉਣ ਜਾਂ ਵਧੇਰੇ ਟੈਲੀਵਿਜ਼ਨ ਵੇਖਣ ਨਾਲ ਵੀ 'ਡ੍ਰਾਈ ਆਈ ਸਿੰਡਰੋਮ' ਦੀ ਸਮੱਸਿਆ ਆ ਸਕਦੀ ਹੈ।



### ਕ੍ਰੋਨਿਕ ਡ੍ਰਾਈ ਆਈ

ਜੇ ਪਲਕਾਂ ਦੀ ਬਾਹਰੀ ਪਰਤ ਜ਼ਿਆਦਾ ਖ਼ੁਸ਼ਕ ਰਹਿਣ ਲੱਗੇ ਤਾਂ ਇਸ ਸਥਿਤੀ ਨੂੰ ਕ੍ਰੋਨਿਕ ਡ੍ਰਾਈ ਆਈ ਆਖਦੇ ਹਨ।

### ਉਪਾਅ

ਏਸੀ ਕਮਰੇ 'ਚ ਜ਼ਿਆਦਾ ਲੰਬੇ ਸਮੇਂ ਤੱਕ ਨਾ ਬੈਠੋ। ਨਿਗ੍ਹਾ ਨੂੰ ਜ਼ਿਆਦਾ ਸਮਾਂ ਕੰਪਿਊਟਰ- ਟੀਵੀ ਦੀ ਸਕਰੀਨ ਉੱਪਰ ਨਹੀਂ ਟਿਕਾਉਣਾ ਚਾਹੀਦਾ। ਪੜ੍ਹਦੇ ਜਾਂ ਕੰਪਿਊਟਰ 'ਤੇ ਕੰਮ ਕਰਦੇ ਸਮੇਂ ਥੋੜ੍ਹੀ-ਥੋੜ੍ਹੀ ਦੇਰ ਬਾਅਦ ਪਲਕਾਂ ਨੂੰ ਝਮਕਦੇ ਰਹੋ। ਕੰਪਿਊਟਰ ਜਾਂ ਲੈਪਟਾਪ 'ਤੇ ਕੰਮ ਕਰਦੇ ਸਮੇਂ ਐਂਟੀ-ਗਲੇਅਰ ਐਨਕਾਂ ਦਾ ਇਸਤੇਮਾਲ ਕਰੋ।

ਦਿਨ 'ਚ ਤਿੰਨ ਜਾਂ ਚਾਰ ਵਾਰ ਅੱਖਾਂ ਨੂੰ ਠੰਢੇ ਪਾਣੀ ਨਾਲ ਧੋਵੋ। ਗੰਦੇ ਹੱਥ ਅੱਖਾਂ ਨੂੰ ਨਾ ਲਗਾਓ। ਅੱਖਾਂ ਸਬੰਧੀ ਅਜਿਹੀ ਕਿਸੇ ਵੀ ਸਮੱਸਿਆ ਦੇ ਹੋਣ ਤੋਂ ਪਹਿਲਾਂ ਹੀ ਅੱਖਾਂ ਦੇ ਮਾਹਿਰ ਡਾਕਟਰ ਨਾਲ ਸੰਪਰਕ ਕਰੋ।

• ਫੀਚਰ ਡੈਸਕ

# ਸੱਤ ਰੰਗਾਂ 'ਚ ਲੁਕੇ ਸਿਹਤ ਦੇ ਭੇਤ

**ਹਰੇ ਰੰਗ ਦੇ ਫਲਾਂ-ਸਬਜ਼ੀਆਂ ਵਿਚ ਮਿਲਣ ਵਾਲੇ ਰਸਾਇਣ 'ਇੰਡੋਲ' 'ਐਰੋਸੈਟਿਕ ਕੰਪਾਉਂਡ', 'ਲਿਊਟੀਨ' ਅਤੇ 'ਜੀਜ਼ੇਨਥਿਨ' ਹਨ। ਇਹ ਨਜ਼ਰ ਨੂੰ ਠੀਕ ਰੱਖਣ ਵਿਚ ਸਹਾਈ ਹੁੰਦੇ ਹਨ...**



ਅਮਰਜੀਤ ਕੌਰ ਵਿਰਦੀ
ਮੋਬਾਈਲ 95307-49092



ਤੰਦਰੁਸਤੀ ਦਾ ਰਾਜ਼

ਭੋਜਨ ਦੀ ਸਹੀ ਚੋਣ ਕਰਨਾ ਗਿਆਨ ਵੀ ਹੈ ਅਤੇ ਕਲਾ ਵੀ। ਭੋਜਨ ਦੇ ਸਾਰੇ ਤੱਤ ਸਾਨੂੰ ਸਾਡੇ ਆਲੇ-ਦੁਆਲੇ ਤੋਂ ਹੀ ਪ੍ਰਾਪਤ ਹੁੰਦੇ ਹਨ, ਲੋੜ ਹੈ ਤਾਂ ਇਸ ਗੱਲ ਬਾਰੇ ਜਾਣਕਾਰੀ ਦੀ ਕਿ ਕਿਸ ਭੋਜਨ ਪਦਾਰਥ ਤੋਂ ਸਾਨੂੰ ਕੀ ਪ੍ਰਾਪਤ ਹੁੰਦਾ ਹੈ ਅਤੇ ਸਾਡੇ ਸਰੀਰ ਨੂੰ ਉਸ ਦੀ ਕਿੰਨੀ ਮਾਤਰਾ ਵਿਚ ਲੋੜ ਹੈ ਤਾਂ ਜੋ ਸਾਡੇ ਸਰੀਰ ਦੇ ਵਾਧੇ ਵਿਕਾਸ ਦੀਆਂ ਸਾਰੀਆਂ ਕਿਰਿਆਵਾਂ ਨਿਯਮਿਤ ਰਹਿਣ। ਭੋਜਨ ਦੀ ਸਹੀ ਚੋਣ ਸਰੀਰ ਦੀਆਂ ਕੁਦਰਤੀ ਆਫ਼ਤਾਂ ਵਿੱਚੋਂ ਵੀ ਪਾਰ ਲੰਘਾ ਦਿੰਦੀ ਹੈ। ਇਸ ਲਈ ਲੋੜ ਹੈ ਕਿ ਚੰਗੇ ਤਜਰਬਿਆਂ ਵਾਲੀ ਜਾਣਕਾਰੀ ਹਾਸਲ ਕਰ ਕੇ ਬੇਬੇ ਦੇ ਨੁਸਖ਼ਿਆਂ ਦਾ ਲਾਭ ਉਠਾਇਆ ਜਾਵੇ।

ਬੇਬੇ ਨੇ ਕਿਹਾ ਕਿ ਭੋਜਨ ਬਾਰੇ ਗੱਲ ਕਰਨਾ ਕੋਈ ਨਵੀਂ ਗੱਲ ਨਹੀਂ ਹੈ ਬਲਕਿ ਬਹੁਤ ਪੁਰਾਣੇ ਸਮੇਂ ਤੋਂ ਹੀ ਸਾਡੇ ਵਿਦਵਾਨ, ਹਕੀਮ, ਰਿਸ਼ੀ-ਮੁਨੀ ਸਭ ਵੱਖ-ਵੱਖ ਢੰਗ ਤਰੀਕਿਆਂ ਨਾਲ ਭੋਜਨ ਦੀ ਸਹੀ ਚੋਣ ਬਾਰੇ ਦੱਸਦੇ ਰਹੇ ਹਨ। ਯੋਗ ਅਭਿਆਸ ਜਾਂ ਕਸਰਤ ਵੀ ਮੁੱਢ ਤੋਂ ਚੱਲੀ ਆ ਰਹੀ ਹੈ। ਫ਼ਰਕ ਇਹ ਪੈ ਗਿਆ ਹੈ ਕਿ ਪਹਿਲਾਂ ਪੁਰਸ਼ਾਂ ਅਤੇ ਇਸਤਰੀਆਂ ਨੂੰ ਸਰੀਰਕ ਕੰਮ ਕਾਫ਼ੀ ਕਰਨੇ ਪੈਂਦੇ ਸੀ, ਜਿਸ ਨਾਲ ਊਰਜਾ ਜੋ ਭੋਜਨ ਤੋਂ ਪ੍ਰਾਪਤ ਹੁੰਦੀ ਸੀ ਇਹ ਵਰਤੀ ਜਾਂਦੀ ਸੀ ਤੇ ਸਰੀਰ ਤੰਦਰੁਸਤ ਰਹਿੰਦਾ ਸੀ।

ਅਜੋਕੇ ਕੰਪਿਊਟਰ ਯੁੱਗ ਵਿਚ ਬੈਠ ਕੇ ਕੰਮ ਕਰਨ ਦਾ ਸਮਾਂ ਵੱਧ ਗਿਆ ਹੈ। ਬੱਚੇ ਤੇ ਨੌਜਵਾਨ ਜੰਕ ਫੂਡ ਵੱਲ ਤੁਰ ਪਏ ਹਨ। ਐਸੀ ਸਥਿਤੀ ਵਿਚ ਲੋੜ ਹੈ ਭੋਜਨ ਦੇ ਤੱਤਾਂ ਤੇ ਸਮੂਹਾਂ ਬਾਰੇ ਜਾਣਕਾਰੀ ਦੇਣ ਦੀ। ਹਾਲਾਂਕਿ, ਰੋਜ਼ਾਨਾ ਅਖ਼ਬਾਰਾਂ, ਰਸਾਲੇ, ਰੇਡੀਓ, ਟੈਲੀਵਿਜ਼ਨ ਆਦਿ ਉਪਰਾਲਿਆਂ ਨਾਲ ਕਾਫ਼ੀ ਜਾਗਰੂਕਤਾ ਆ ਚੁੱਕੀ ਹੈ ਪਰ ਅਜੇ ਵੀ ਬਹੁਤ ਸਾਰੀ ਜਨਸੰਖਿਆ ਆਪਣੇ ਕੰਮ, ਵਜ਼ਨ ਅਤੇ ਉਮਰ ਮੁਤਾਬਕ ਸੰਤੁਲਨ ਬਣਾ ਕੇ ਭੋਜਨ ਦੀ ਚੋਣ ਤੇ ਕਸਰਤ ਸਬੰਧੀ ਪੂਰੀ ਤਰ੍ਹਾਂ ਵਾਕਿਫ਼ ਨਹੀਂ ਹੈ। ਇਸ ਲਈ ਸਰਲ 'ਤੇ ਸੰਖੇਪ ਨੁਕਤਿਆਂ ਨੂੰ ਜਾਣਣ ਦੀ ਲੋੜ ਹੈ। ਸਭ ਤੋਂ ਪਹਿਲਾਂ ਆਪਣਾ ਭਾਰ ਆਪਣੀ ਉਚਾਈ ਮੁਤਾਬਕ ਗਿਆਤ ਕਰੋ ਤੇ ਫਿਰ ਉਸ ਨੂੰ ਨਿਰਧਾਰਿਤ ਰੱਖੋ। ਉੱਚਾਈ ਦੇ ਮੁਤਾਬਕ ਭਾਰ ਗਿਆਤ ਕਰਨ ਦਾ ਤਰੀਕਾ ਹੈ ਕਿ ਇੰਚਾਂ ਵਿਚ ਜਿੰਨੀ ਤੁਹਾਡੀ ਉਚਾਈ ਹੈ, ਓਨੇ ਕਿਲੋਗ੍ਰਾਮ ਤੁਹਾਡਾ ਵਜ਼ਨ ਹੋਣਾ ਚਾਹੀਦਾ ਹੈ।

ਜਿੱਥੇ ਭੋਜਨ ਦੇ ਖਾਣ ਵਿਚ ਸੰਤੁਲਨ ਜ਼ਰੂਰੀ ਹੈ, ਉਥੇ ਭੋਜਨ ਅਤੇ ਕੰਮ-ਕਸਰਤ ਦਾ ਸੰਤੁਲਨ ਵੀ ਜ਼ਰੂਰੀ ਹੈ। ਇਸ ਲਈ ਧਿਆਨ ਰੱਖੋ ਕਿ ਜੋ ਖਾਓ, ਉਸ ਨੂੰ ਪਚਾਓ। ਭੋਜਨ ਤੋਂ ਪ੍ਰਾਪਤ ਊਰਜਾ ਅਤੇ ਕੰਮ-ਕਸਰਤ ਲਈ ਊਰਜਾ ਤੋਂ ਇਲਾਵਾ ਪ੍ਰਾਪਤ ਕੀਤੀ ਊਰਜਾ ਅਤੇ ਵਰਤੀ ਗਈ ਊਰਜਾ ਬਾਰੇ ਜਾਣਕਾਰੀ ਰੱਖਣੀ ਬੇਹੱਦ ਲਾਜ਼ਮੀ ਹੈ। ਇਹੀ ਤੰਦਰੁਸਤੀ ਦਾ ਸਭ ਤੋਂ ਵੱਡਾ ਰਾਜ਼ ਹੈ। ਮਸ਼ੀਨਾਂ, ਜੋ ਮਨੁੱਖੀ ਸਰੀਰ ਦੀ ਨਕਲ ਹਨ, ਉਨ੍ਹਾਂ ਨੂੰ ਵੀ ਕੰਮ ਕਰਨ ਲਈ ਸਾਫ਼ ਸੁਥਰੇ ਈਂਧਨ-ਡੀਜ਼ਲ, ਪੈਟਰੋਲ, ਗੈਸ, ਕੋਲਾ, ਭਾਫ਼, ਬਿਜਲੀ, ਐਟਾਮਿਕ ਜਾਂ ਸੂਰਜੀ ਊਰਜਾ ਲੈਣ ਦੀ ਲੋੜ ਪੈਂਦੀ ਹੈ। ਥੋੜ੍ਹੀ ਜਿਹੀ ਮਿਲਾਵਟ ਹੀ ਮਸ਼ੀਨ ਦੇ ਕੰਮ 'ਚ ਰੁਕਾਵਟ ਪੈਦਾ ਕਰ ਦਿੰਦੀ ਹੈ ਜਾਂ ਉਹ ਰੁਕ-ਰੁਕ ਕੇ ਚੱਲਣ ਲੱਗਦੀ ਹੈ। ਇਸੇ ਤਰ੍ਹਾਂ ਅਸਲ ਸਰੀਰ, ਜਿਸ ਦੀਆਂ ਬਾਹਰੀ ਮਾਸ਼ਪੇਸ਼ੀਆਂ ਹੀ ਨਹੀਂ ਬਲਕਿ ਦਿਲ, ਦਿਮਾਗ਼ ਤੇ ਰੂਹ ਵੀ ਕੰਮ ਕਰਦੇ ਹਨ, ਨੂੰ ਕਿੰਨੇ ਸਾਫ਼-ਸੁਥਰੇ ਭੋਜਨ ਦੀ ਲੋੜ ਹੋਵੇਗੀ, ਊਰਜਾ ਪ੍ਰਾਪਤ ਕਰਨ ਲਈ। ਯਾਦ ਰੱਖੋ ਕਿ ਸਰੀਰ ਇਕ ਇਕਾਈ ਹੈ ਅਤੇ ਇਸ ਦੇ ਵੱਖਰੇ-ਵੱਖਰੇ ਅੰਗ ਵੱਖ-ਵੱਖ ਕੰਮ ਕਰਦੇ ਹਨ। ਇਸ ਤਰ੍ਹਾਂ ਭੋਜਨ ਇਕ ਇਕਾਈ ਹੈ ਅਤੇ ਇਸ ਦੇ ਵੱਖ-ਵੱਖ ਅੰਸ਼ ਵੀ ਸਰੀਰ ਦੇ ਵੱਖ-ਵੱਖ ਅੰਗਾਂ ਨੂੰ ਵੱਖ-ਵੱਖ ਤਰ੍ਹਾਂ ਦੀ ਸ਼ਕਤੀ ਪ੍ਰਦਾਨ ਕਰਦੇ ਹਨ।

- ਭੋਜਨ 'ਚ ਸ਼ਾਮਲ ਅਨਾਜ ਤੋਂ ਪ੍ਰਾਪਤ ਹੋਣ ਵਾਲੇ ਕਾਰਬੋਹਾਈਡਰੇਟਸ ਸਾਡੇ ਸਰੀਰ ਨੂੰ ਕੰਮ ਕਰਨ ਲਈ ਸਭ ਤੋਂ ਵੱਧ ਊਰਜਾ ਪ੍ਰਦਾਨ ਕਰਦੇ ਹਨ।
- ਦਾਲਾਂ, ਦੁੱਧ, ਆਂਡਾ, ਮੱਛੀ, ਮੀਟ ਆਦਿ ਪ੍ਰੋਟੀਨ ਦੇ ਮੁੱਖ ਸਰੋਤ ਹਨ ਅਤੇ ਇਹ ਸਾਡੇ ਸਰੀਰ ਦੇ ਸੈੱਲਾਂ ਦੇ ਵਿਕਾਸ ਅਤੇ ਟੁੱਟ-ਭੱਜ ਦੀ ਮੁਰੰਮਤ ਕਰਨ ਲਈ ਬੇਹੱਦ ਜ਼ਰੂਰੀ ਹਨ।
- ਸਫ਼ੈਦ ਰੰਗ ਦੀਆਂ ਸਾਰੀਆਂ ਸਬਜ਼ੀਆਂ, ਸਾਗ-ਪੱਤੇ ਅਤੇ ਫਲ ਵਿਟਾਮਿਨਾਂ, ਖਣਿਜ ਤੱਤਾਂ ਦੇ ਭਰਪੂਰ ਵਸੀਲੇ ਹਨ। ਇਹ ਸਰੀਰ ਦੇ ਸਾਰੇ ਅੰਗਾਂ ਦੇ ਕੰਮ ਨੂੰ ਸੁਚਾਰੂ ਰੂਪ ਵਿਚ ਚਲਾਉਣ ਤੇ ਤੰਦਰੁਸਤ ਰੱਖਣ 'ਚ ਮਦਦ ਕਰਦੇ ਹਨ।
- ਭੋਜਨ 'ਚ ਸ਼ਾਮਲ ਤੇਲ, ਮੱਖਣ, ਘਿਓ ਆਦਿ ਤੋਂ ਸਾਨੂੰ ਫੈਟ ਜਾਂ ਚਰਬੀ ਪ੍ਰਾਪਤ ਹੁੰਦੀ ਹੈ, ਜੋ ਚਮੜੀ ਨੂੰ ਤਰੋਤਾਜ਼ਾ ਤੇ ਤੰਦਰੁਸਤ ਰੱਖਣ, ਅੰਗਾਂ ਨੂੰ ਸੁਰੱਖਿਆ ਕਵਚ ਪਹਿਨਾਉਣ, ਸਰੀਰ ਦੇ ਤਾਪਮਾਨ ਨੂੰ ਕਾਬੂ ਹੇਠ ਰੱਖਣ ਲਈ ਜ਼ਰੂਰੀ ਹੈ।

### ਸੰਤੁਲਿਤ ਭੋਜਨ

ਵੱਖ-ਵੱਖ ਰੰਗ ਦੇ ਫਲ ਅਤੇ ਸਬਜ਼ੀਆਂ ਮਿਲਾ ਕੇ ਖਾਣ ਨਾਲ ਉਨ੍ਹਾਂ ਵਿੱਚੋਂ ਮਿਲਣ ਵਾਲੇ ਬਾਇਓ-ਫਲੇਵੋਨੋਇਡਜ਼ ਅਤੇ ਬਾਇਓ-ਕੈਮੀਕਲਜ਼, ਜੋ ਬਹੁਤ ਲਾਭਕਾਰੀ ਹਨ ਸਾਡੇ ਸਰੀਰ ਨੂੰ ਪ੍ਰਾਪਤ ਹੁੰਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ਤੋਂ ਸਾਨੂੰ ਵਿਟਾਮਿਨਜ਼, ਖਣਿਜ ਵੀ ਪ੍ਰਾਪਤ ਹੁੰਦੇ ਹਨ। ਸਾਨੂੰ ਆਪਣੇ ਭੋਜਨ ਵਿਚ ਵੱਖ-ਵੱਖ ਰੰਗਾਂ ਦੇ ਫਲਾਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ। ਇਨ੍ਹਾਂ ਫਲਾਂ ਵਿਚ ਮਿੱਠੇ ਅਤੇ ਖੱਟੇ, ਦੋਵਾਂ ਤਰ੍ਹਾਂ ਦੇ ਫਲ ਹੋਣੇ ਚਾਹੀਦੇ ਹਨ। ਵੱਖ-ਵੱਖ ਰੰਗਾਂ ਦੀਆਂ ਸਬਜ਼ੀਆਂ ਨੂੰ ਪੱਕਾ ਕੇ ਅਤੇ ਕੱਚੀਆਂ ਵੀ ਖਾਧਾ ਜਾ ਸਕਦਾ ਹੈ। ਇਸ ਤੋਂ ਇਲਾਵਾ ਹਰੇ ਰੰਗ ਦੀਆਂ 'ਹਰਬਜ਼' ਅਤੇ 'ਸ਼ਰੱਬਜ਼' ਵਿਚ ਪੱਤੇਦਾਰ ਸਲਾਦ, ਤੁਲਸੀ, ਧਨੀਆ, ਪੁਦੀਨਾ, ਹਰੀ ਮਿਰਚ ਆਦਿ ਵੀ ਭੋਜਨ 'ਚ ਜ਼ਰੂਰ ਸ਼ਾਮਲ ਕਰਨੇ ਚਾਹੀਦੇ ਹਨ। ਇਸ ਤੋਂ ਇਲਾਵਾ ਦਾਲਾਂ, ਦੁੱਧ, ਪਨੀਰ, ਆਂਡਾ, ਮੱਛੀ ਆਦਿ ਪ੍ਰੋਟੀਨ ਦੇ ਮੁੱਖ ਸੋਮੇ ਹੋਣ ਕਾਰਨ ਇਨ੍ਹਾਂ ਨੂੰ ਵੀ ਭੋਜਨ 'ਚ ਜ਼ਰੂਰ ਸ਼ਾਮਲ ਕਰੋ। ਵੱਖ-ਵੱਖ ਰੰਗਾਂ ਦੀਆਂ ਦਾਲਾਂ ਨੂੰ ਛਿਲਕੇ ਸਮੇਤ ਪਕਾ ਕੇ ਵੀ ਖਾਧਾ ਜਾ ਸਕਦਾ ਹੈ ਅਤੇ ਪੁੰਗਾਰ ਕੇ ਵੀ। ਸਾਰੇ ਅਨਾਜ ਕਾਰਬੋਹਾਈਡਰੇਟ ਦੇ ਵਧੀਆ ਸਾਧਨ ਹਨ। ਛਿਲਕੇ ਵਾਲੇ ਵੱਖ-ਵੱਖ ਅਨਾਜਾਂ ਨੂੰ ਮਿਲਾ ਕੇ ਵੀ ਪਕਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਆਲੂ ਵੀ ਕਾਰਬੋਹਾਈਡਰੇਟ ਦਾ ਭਰਪੂਰ ਵਸੀਲਾ ਹੋਣ ਕਾਰਨ ਇਸ ਨੂੰ ਵੀ ਭੋਜਨ 'ਚ ਜ਼ਰੂਰ ਸ਼ਾਮਲ ਕਰੋ। ਆਪਣੇ ਖਾਣੇ ਵਿਚ ਘਿਓ ਅਤੇ ਤੇਲ ਵੀ ਜ਼ਰੂਰ ਸ਼ਾਮਲ ਕਰੋ ਪਰ ਯਾਦ ਰੱਖੋ ਕਿ ਸੈਚੂਰੇਟਿਡ ਵਸਾ ਦਾ ਇਕ ਹਿੱਸਾ (ਮੱਖਣ ਇਕ ਹਿੱਸਾ) ਅਤੇ ਅਨਸੈਚੂਰੇਟਿਡ ਵਸਾ (ਤੇਲ) ਤਿੰਨ ਹਿੱਸੇ ਹੋਣਾ ਚਾਹੀਦਾ ਹੈ।



ਇਸ ਤੋਂ ਇਲਾਵਾ ਵੱਖ-ਵੱਖ ਫਲਾਂ ਅਤੇ ਸਬਜ਼ੀਆਂ ਦੇ ਬੀਜ ਵੀ ਭੋਜਨ ਵਿਚ ਜ਼ਰੂਰੀ ਸਹਾਇਕ ਦੇ ਤੌਰ 'ਤੇ ਸ਼ਾਮਲ ਕੀਤੇ ਜਾ ਸਕਦੇ ਹਨ। ਇਨ੍ਹਾਂ ਵਿੱਚੋਂ ਕੱਦੂ, ਖੀਰਾ, ਖਰਬੂਜਾ, ਤਰਬੂਜ, ਚਰੌਂਜੀ, ਅਲਸੀ, ਤਿਲ, ਮੂੰਗਫਲੀ, ਖਸਖਸ, ਸੁੱਕੇ ਮੇਵੇ, ਗਰਮ ਮਸਾਲੇ ਅਹਿਮ ਹਨ।

ਇਸ ਤੋਂ ਇਲਾਵਾ ਸਿਹਤਮੰਦ ਰਹਿਣ ਲਈ ਦਿਨ ਵਿਚ ਕਾਫ਼ੀ ਮਾਤਰਾ 'ਚ ਤਾਜ਼ਾ ਤੇ ਸ਼ੁੱਧ ਪਾਣੀ ਪੀਵੋ। ਇਸ ਵਿਚ ਨਿੰਬੂ ਅਤੇ ਪੁਦੀਨੇ ਦਾ ਰਸ ਵੀ ਸ਼ਾਮਲ ਕੀਤ ਜਾ ਸਕਦਾ ਹੈ। ਸਾਫ਼ ਅਤੇ ਤਾਜ਼ੀ ਹਵਾ ਵਿਚ ਸੈਰ ਅਤੇ ਕਸਰਤ ਕਰੋ। ਸਵੇਰੇ-ਸ਼ਾਮ ਕੁੱਝ ਦੇਰ ਲਈ ਆਪਣੀ ਚਮੜੀ ਨੂੰ ਧੁੱਪ ਜ਼ਰੂਰ ਲਗਾਓ।

### ਵੱਖ–ਵੱਖ ਰੰਗਾਂ ਦੇ ਫਲਾਂ–ਸਬਜ਼ੀਆਂ ਦੇ ਲਾਭ

ਕੁਦਰਤ ਨੇ ਰੰਗ ਬਰੰਗੇ ਫੁੱਲ, ਫਲ, ਸਬਜ਼ੀਆਂ ਪੈਦਾ ਕੀਤੀਆਂ ਹਨ। ਹਰ ਰੰਗ ਦੇ ਵੱਖਰੇ-ਵੱਖਰੇ ਗੁਣ ਹੁੰਦੇ ਹਨ ਅਤੇ ਅਸੀਂ ਇਨ੍ਹਾਂ ਨੂੰ ਆਪਣੇ ਭੋਜਨ ਵਿਚ ਸ਼ਾਮਲ ਕਰ ਕੇ ਇਨ੍ਹਾਂ ਗੁਣਾਂ ਦਾ ਲਾਭ ਲੈ ਸਕਦੇ ਹਾਂ।

### ਪੀਲਾ ਤੇ ਸੰਤਰੀ ਰੰਗ

ਇਨ੍ਹਾਂ ਰੰਗਾਂ ਦੇ ਫਲਾਂ-ਸਬਜ਼ੀਆਂ ਵਿਚ ਬੀਟਾ-ਕੈਰੋਟੀਨ ਮੌਜੂਦ ਹੁੰਦਾ ਹੈ। ਬੀਟਾ-ਕੈਰੋਟੀਨ 'ਵਿਟਾਮਿਨ-ਸੀ' ਦੇ ਨਾਲ ਰਲ ਕੇ ਲਾਭ ਦਿੰਦੇ ਹਨ। ਇਨ੍ਹਾਂ ਨੂੰ ਇਕੱਠੇ ਰੂਪ ਵਿਚ 'ਸੀ-ਕੰਪਲੈਕਸ' ਜਾਂ ਵਿਟਾਮਿਨ-ਪੀ ਵੀ ਆਖਦੇ ਹਨ। ਇਹੀ 'ਬਾਇਓਫਲੇਵੋਨੋਇਡਜ਼' ਹਨ। ਅਜਿਹੇ ਫਲਾਂ-ਸਬਜ਼ੀਆਂ ਦੀ ਵਰਤੋਂ ਕਰਨ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰਥਾ (ਅਮਿਊਨਿਟੀ) ਵਧਦੀ ਹੈ, ਚਮੜੀ ਚਮਕਦਾਰ ਰਹਿੰਦੀ ਹੈ, ਹੱਡੀਆਂ ਨੂੰ ਮਜ਼ਬੂਤੀ ਮਿਲਦੀ ਹੈ, ਅੱਖਾਂ 'ਚ ਮੋਤੀਆਬਿੰਦ (ਗਲੂਕੋਮਾ) ਹੋਣ ਦਾ ਖ਼ਤਰਾ ਘੱਟ ਹੁੰਦਾ ਹੈ। ਅਜਿਹੇ ਫਲਾਂ-ਸਬਜ਼ੀਆ ਵਿਚ ਖਰਬੂਜਾ, ਆੜੂ, ਖੁਰਮਾਨੀ, ਪੀਲੇ ਅਲੂਚੇ (ਪਲਮ), ਨਿੰਬੂ ਜਾਤੀ ਦੇ ਸਾਰੇ ਫਲ-ਸੰਤਰਾ, ਮੁਸੱਮੀ, ਕਿੰਨੂ, ਨਿੰਬੂ, ਚਕੋਤਰਾ, ਗਲਗਲ, ਪਹਾੜੀ ਗਾਜਰ, ਪੀਲੀ ਸ਼ਿਮਲਾ ਮਿਰਚ, ਅਮਰੂਦ ਆਦਿ ਪ੍ਰਮੁੱਖ ਹਨ।

### ਲਾਲ ਰੰਗ

ਫਲ ਅਤੇ ਸਬਜ਼ੀਆਂ ਦਾ ਲਾਲ ਅਤੇ ਗੁਲਾਬੀ ਰੰਗ ਇਨ੍ਹਾਂ ਵਿਚ ਪਾਏ ਜਾਣ ਵਾਲੇ ਰਸਾਇਣ ਲਾਈਕੋਪੀਨ ਅਤੇ ਐਂਥੋਸਾਇਨਿਨ ਕਾਰਨ ਹੁੰਦਾ ਹੈ। ਲਾ ਰੰਗ ਦੇ ਫਲ ਅਤੇ ਸਬਜ਼ੀਆਂ ਸਰੀਰ ਨੂੰ ਕੈਂਸਰ ਵਰਗੀਆਂ ਬਿਮਾਰੀਆਂ ਤੋਂ ਦੂਰ ਰੱਖਣ ਵਿਚ ਸਹਾਈ ਹੁੰਦੇ ਹਨ, ਖ਼ਾਸ ਕਰ ਕੇ ਪ੍ਰੋਸਟੈਟ ਕੈਂਸਰ ਤੋਂ ਬਚਾਉਂਦੇ ਹਨ। ਇਹ ਦਿਲ ਨਾਲ ਸਬੰਧਤ ਮੁਸ਼ਕਿਲਾਂ ਨੂੰ ਘਟਾਉਣ 'ਚ ਵੀ ਸਹਾਈ ਹੁੰਦੇ ਹਨ। ਅਜਿਹੇ ਫਲਾਂ-ਸਬਜ਼ੀਆਂ ਵਿਚ ਟਮਾਟਰ, ਸੇਬ, ਤਰਬੂਜ, ਗੁਲਾਬੀ ਅੰਗੂਰ, ਰਸਭਰੀ, ਬੇਰੀਜ਼ ਆਦਿ ਮੁੱਖ ਹਨ।

### ਹਰਾ ਰੰਗ

ਹਰੇ ਰੰਗ ਦੇ ਫਲਾਂ-ਸਬਜ਼ੀਆਂ ਵਿਚ ਮਿਲਣ ਵਾਲੇ ਰਸਾਇਣ 'ਇੰਡੋਲ' 'ਐਰੋਸੈਟਿਕ ਕੰਪਾਉਂਡ', 'ਲਿਊਟੀਨ' ਅਤੇ 'ਜੀਜ਼ੇਨਥਿਨ' ਹਨ। ਇਹ ਨਜ਼ਰ ਨੂੰ ਠੀਕ ਰੱਖਣ ਵਿਚ ਸਹਾਈ ਹੁੰਦੇ ਹਨ। ਹਰਿਆਲੀ ਵੇਖਣ ਨਾਲ ਖ਼ੁਸ਼ੀ ਵੀ ਮਿਲਦੀ ਹੈ ਅਤੇ ਇਹ ਸਾਨੂੰ ਕੈਂਸਰ ਤੋਂ ਵੀ ਬਚਾਉਂਦੇ ਹਨ। ਅਜਿਹੇ ਫਲਾਂ-ਸਬਜ਼ੀਆਂ ਵਿਚ ਬਰੌਕਲੀ, ਪੱਤਾ ਗੋਭੀ, ਸਰ੍ਹੋਂ, ਮਟਰ, ਘੀਆ, ਕੀਵੀ, ਮੂੰਗੀ ਦੀ ਦਾਲ ਆਦਿ ਮੁੱਖ ਹਨ।

### ਜਾਮਨੀ ਤੇ ਨੀਲਾ ਰੰਗ

'ਮਨੀ ਅਤੇ ਨੀਲੇ ਰੰਗ ਦੇ ਫਲਾਂ-ਸਬਜ਼ੀਆਂ ਵਿਚ ਕਾਫ਼ੀ ਮਾਤਰਾ ਵਿਚ ਫਲੇਵੋਨੋਇਤਜ਼, ਜੀਜ਼ੇਨਥੀਨ, ਵਿਟਾਮਿਨ-ਸੀ ਅਤੇ ਰੇਸ਼ੇ ਮਿਲਦੇ ਹਨ। ਇਹ ਸਰੀ ਵਿਚ ਕੈਲਸ਼ੀਅਨ ਸੋਖਣ ਦੀ ਸ਼ਕਤੀ ਵਧਾਉਂਦੇ ਨੇ। ਮਾੜੇ ਕੋਲੈਸਟਰੋਲ (ਐੱਲਡੀਐੱਲ) ਨੂੰ ਘਟਾਉਣ ਵਿਚ ਸਹਾਈ ਹੁੰਦੇ ਹਨ, ਅੱਖਾਂ ਦੀ ਰੈਟਿਨਾ ਨੂੰ ਸ਼ਕਤੀ ਦਿੰਦੇ ਹਨ ਅਤੇ ਰੋਗਾਂ ਨਾਲ ਲੜਨ ਦੀ ਸਮਰਥਾ ਵਧਾਉਂਦੇ ਅਤੇ ਕੈਂਸਰ ਦੀ ਰੋਕਥਾਮ 'ਚ ਸਹਾਈ ਹੁੰਦੇ ਹਨ। ਅਜਿਹੇ ਫਲਾਂ-ਸਬਜ਼ੀਆਂ ਵਿਚ ਬੈਂਗਣ, ਲਾਲ ਬੰਦ ਗੋਭੀ, ਐਸਪੈਰੇਗਸ, ਜਾਮਨੀ ਗਾਜਰ, ਪਲਮ, ਬਲਿਊ-ਬੇਰੀ, ਜਾਮਨੀ ਅੰਗੂਰ, ਆਲੂ ਬੁਖ਼ਾਰਾ ਆਦਿ ਸ਼ਾਮਲ ਹਨ।

### ਸਫ਼ੈਦ ਰੰਗ

ਸਫ਼ੈਦ ਰੰਗ ਦੇ ਫਲਾਂ ਅਤੇ ਸਬਜ਼ੀਆਂ ਵਿਚ ਏਲੀਸੀਨ, ਇੰਡੋਲ, ਬੀਟਾ-ਗਲੂਕੇਨਜ਼, ਲਿਗਨੇਨਜ਼ ਆਦਿ ਰਸਾਇਣ ਪਾਏ ਜਾਂਦੇ ਹਨ। ਇਨ੍ਹਾਂ ਤੱਤਾਂ ਨਾਲ ਰੋਗਾਂ ਖ਼ਤਮ ਕਰਨ ਦੀ ਸ਼ਕਤੀ ਮਿਲਦੀ ਹੈ।

• ਫੀਚਰ ਡੈਸਕ

# ਕੈਂਸਰ ਰੋਗ ਦੇ ਕਾਰਨ ਤੇ ਲੱਖਣ

ਕੈਂਸਰ ਇਕ ਜਾਨਲੇਵਾ ਬਿਮਾਰੀ ਹੈ। ਕਈ ਵਾਰ ਕੈਂਸਰ ਇਸ ਲਈ ਲਾਇਲਾਜ ਹੋ ਜਾਂਦਾ ਹੈ ਕਿਉਂਕਿ ਇਸ ਦੇ ਲੱਛਣਾਂ ਦਾ ਜਲਦੀ ਪਤਾ ਨਹੀਂ ਲੱਗਦਾ। ਲੱਖਾਂ ਲੋਕ ਇਸ ਬਿਮਾਰੀ ਦੇ ਸ਼ਿਕਾਰ ਹਨ, ਇਸ ਲਈ ਇਹ ਜਾਣਕਾਰੀ ਹੋਣੀ ਲਾਜ਼ਮੀ ਹੈ ਕਿ ਕੈਂਸਰ ਕਿਉਂ ਹੁੰਦਾ ਹੈ।

### ਕਾਰਨ

ਕੈਂਸਰ ਕਿਸੇ ਵੀ ਚੀਜ਼ ਤੋਂ ਅਤੇ ਸਰੀਰ ਦੇ ਕਿਸੇ ਵੀ ਹਿੱਸੇ ਵਿਚ ਹੋ ਸਕਦਾ ਹੈ। ਸੂਰਜ ਦੀ ਰੌਸਨੀ ਵੀ ਕੈਂਸਰ ਦਾ ਕਾਰਨ ਬਣ ਸਕਦੀ ਹੈ। ਕਾਫ਼ੀ ਕੁੱਝ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਹਾਡਾ ਇਮਿਊਨ ਸਿਸਟਮ ਇਨ੍ਹਾਂ ਨੂੰ ਕਿੰਨਾ ਕੁ ਬਰਦਾਸ਼ਤ ਕਰਦਾ ਹੈ।

### ਫ੍ਰੀ ਰੈਡੀਕਲਜ਼

ਅਸੀਂ ਜਾਣਦੇ ਹਾਂ ਕਿ ਇਨਸਾਨ ਆਕਸੀਜਨ ਤੋਂ ਬਿਨਾਂ ਜਿਊਂਦਾ ਨਹੀਂ ਰਹਿ ਸਕਦਾ। ਸਾਡੇ ਸਰੀਰ ਵਿਚ ਸਮੇਂ ਨਾਲ ਫ੍ਰੀ ਰੈਡੀਕਲਜ਼ ਵੀ ਬਣਦੇ ਰਹਿੰਦੇ ਹਨ। ਇਹ ਫ੍ਰੀ ਰੈਡੀਕਲਜ਼ ਕੈਂਸਰ ਅਤੇ ਕਈ ਹੋਰ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੇ ਹਨ। ਪ੍ਰਦੂਸ਼ਣ ਅਤੇ ਖਾਣ-ਪੀਣ ਦੇ ਮਾੜੇ ਤਰੀਕਿਆਂ ਕਾਰਨ ਸਰੀਰ 'ਚ ਫ੍ਰੀ ਰੈਡੀਕਲਜ਼ ਵਧੇਰੇ ਬਣਦੇ ਹਨ। ਇਸ ਲਈ ਸਿਹਤਮੰਦ ਰਹਿਣ ਵਾਸਤੇ ਸੰਤੁਲਿਤ ਭੋਜਨ ਦਾ ਸੇਵਨ ਬੇਹੱਦ ਜ਼ਰੂਰੀ ਹੈ।

### ਤੰਬਾਕੂ

ਤੰਬਾਕੂ ਕੈਂਸਰ ਦਾ ਸਭ ਤੋਂ ਵੱਡਾ ਕਾਰਨ ਹੈ। ਤੰਬਾਕੂ ਖਾਣ ਨਾਲ ਮੂੰਹ ਦੇ ਕੈਂਸਰ ਦੀਆਂ ਸੰਭਾਵਨਾਵਾਂ ਕਾਫ਼ੀ ਵਧ ਜਾਂਦੀਆਂ ਹਨ। ਇਸ ਤੋਂ ਇਲਾਵਾ ਸਿਗਰਟ, ਬੀੜੀ ਜਾਂ ਹੁੱਕਾ ਪੀਣ ਵਾਲਿਆਂ ਨੂੰ ਫੇਫੜਿਆਂ ਦੇ ਕੈਂਸਰ ਦੀਆਂ ਸੰਭਾਵਨਾਵਾਂ ਕਾਫ਼ੀ ਜ਼ਿਆਦਾ ਹੁੰਦੀਆਂ ਹਨ।

### ਪ੍ਰਦੂਸ਼ਣ

ਵਧਦਾ ਹੋਇਆ ਪ੍ਰਦੂਸ਼ਣ ਵੀ ਕੈਂਸਰ ਦਾ ਇਕ ਅਹਿਮ ਕਾਰਨ ਹੈ। ਖੇਤਾਂ 'ਚ ਵਰਤੇ ਜਾਣ ਕੀਟਨਾਸ਼ਕ ਅਤੇ ਲੋੜ ਤੋਂ ਜ਼ਿਆਦਾ ਖਾਦਾਂ ਪਾਣੀ 'ਚ ਘੁਲ ਕੇ ਜ਼ਮੀਨਦੋਜ਼ ਪਾਣੀ ਨੂੰ ਜ਼ਹਿਰੀਲਾ ਕਰ ਰਹੀਆਂ ਹਨ। ਇਹ ਦੂਸ਼ਿਤ ਪਾਣੀ ਕੈਂਸਰ ਅਤੇ ਕਈ ਹੋਰ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ। ਇਸ ਤੋਂ ਇਲਾਵਾ ਫ਼ੈਕਟਰੀਆਂ ਤੇ ਮੋਟਰ ਗੱਡੀਆਂ ਦੇ ਧੂੰਏਂ ਤੋਂ ਹੋਣ ਵਾਲਾ ਪ੍ਰਦੂਸ਼ਣ ਵੀ ਇਸ ਬਿਮਾਰੀ ਨੂੰ ਹੋਰ ਵਿਰਾਟ ਰੂਪ ਦੇਣ ਦਾ ਕਾਰਨ ਬਣ ਰਿਹਾ ਹੈ।



### ਸ਼ਰਾਬਖੋਰੀ

ਜੇ ਤੁਸੀ ਤੰਬਾਕੂ ਵੀ ਖਾਂਦੇ ਹੋ ਅਤੇ ਇਸ ਦੇ ਨਾਲ ਸ਼ਰਾਬ ਪੀਣ ਦੇ ਵੀ ਆਦੀ ਹੋ ਤਾਂ ਤੁਸੀਂ ਕੈਂਸਰ ਦੀਆਂ ਸੰਭਾਵਨਾਵਾਂ ਨੂੰ ਕਈ ਗੁਣਾਂ ਵਧਾ ਲੈਂਦੇ ਹੋ। ਇਸ ਨਾਲ ਮੂੰਹ, ਗਲੇ, ਆਈਸੋਫੇਗਸ ਅਤੇ ਜਿਗਰ ਦੇ ਕੈਂਸਰ ਦਾ ਖ਼ਤਰਾ ਵਧ ਜਾਂਦਾ ਹੈ।

### ਐੱਸਬੈਸਟੋਸ

ਸੀਮਿੰਟ ਦੀਆਂ ਚਾਦਰਾਂ ਅਤੇ ਸਪੱਨ ਪਾਈਪਾਂ ਦੇ ਨਿਰਮਾਣ 'ਚ ਵਰਤਿਆ ਜਾਣ ਵਾਲਾ ਤੱਤ ਐੱਸਬੈਸਟੋਸ ਆਪਣੇ ਆਪ ਵਿਚ ਕੈਂਸਰ ਦਾ ਵੱਡਾ ਕਾਰਕ ਹੈ। ਇਨ੍ਹਾਂ ਚੀਜ਼ਾਂ ਦਾ ਨਿਰਮਾਣ ਕਰਨ ਵਾਲੀਆਂ ਫੈਕਟਰੀਆਂ 'ਚ ਕੰਮ ਕਰਨ ਵਾਲੇ ਲੋਕਾਂ ਨੂੰ ਕੈਂਸਰ ਹੋਣ ਦੀਆਂ ਸੰਭਾਵਨਾਵਾਂ ਕਈ ਗੁਣਾਂ ਵਧ ਜਾਂਦੀਆਂ ਹਨ। ਇਸ ਦੇ ਨਾਲ ਹੀ ਜੇ ਅਜਿਹੀਆਂ ਫੈਕਟਰੀਆਂ 'ਚ ਕੰਮ ਕਰਨ ਵਾਲੇ ਕਾਮੇ ਸ਼ਰਾਬ ਅਤੇ ਤੰਬਾਕੂਨੋਸ਼ੀ ਵੀ ਕਰਦੇ ਹੋਣ ਤਾਂ ਕੈਂਸਰ ਦਾ ਖ਼ਤਰਾ ਹੋਰ ਵੀ ਵਧ ਜਾਂਦਾ ਹੈ।

### ਦਵਾਈਆਂ

ਦਵਾਈਆਂ ਦੀ ਵਰਤੋਂ ਲੋੜ ਤੋਂ ਜ਼ਿਆਦਾ ਕਰਨ ਨਾਲ ਵੀ ਕੈਂਸਰ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਇਨ੍ਹਾਂ ਦਵਾਈਆਂ 'ਚ ਮੌਜੂਦ ਕੈਮੀਕਲਜ਼ ਸਰੀਰ ਦੇ ਸੈੱਲਜ਼ ਨੂੰ ਅਤੇ ਸਰੀਰ 'ਚ ਕੰਮ ਕਰਨ ਵਾਲੀਆਂ ਵੱਖ-ਵੱਖ ਪ੍ਰਣਾਲੀਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇਸ ਲਈ ਸੈਲਫ-ਮੈਡੀਕੇਸ਼ਨ ਤੋਂ ਸਦਾ ਪਰਹੇਜਗਾਰ ਰਹਿਣਾ ਚਾਹੀਦਾ ਹੈ। ਡਾਕਟਰ ਦੀ ਸਲਾਹ ਨਾਲ ਹੀ ਦਵਾਈ ਲੈਣੀ ਚਾਹੀਦੀ ਹੈ।

### ਖਾਣਾ

ਵਿਗਿਆਨਕ ਖੋਜਾਂ ਤੋਂ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਈ ਹੈ ਕਿ ਜੋ ਲੋਕ ਜ਼ਿਆਦਾ ਮੀਟ, ਨਮਕ ਦਾ ਸੇਵਨ ਕਰਦੇ ਹਨ ਉਨ੍ਹਾਂ ਨੂੰ ਪੇਟ, ਕੋਲਨ, ਯੂਟਰਸ ਤੇ ਪ੍ਰੋਸਟੇਟ ਗਲੈਂਡ ਦਾ ਕੈਂਸਰ ਹੋ ਸਕਦਾ ਹੈ।

### ਉਮਰ

ਵੈਸੇ ਤਾਂ ਕੈਂਸਰ ਦੀ ਬਿਮਾਰੀ ਕਿਸੇ ਵੀ ਉਮਰ ਵਿਚ ਹੋ ਸਕਦੀ ਹੈ ਪਰ 60 ਸਾਲ ਅਤੇ ਇਸ ਤੋਂ ਉੱਪਰਲੀ ਉਮਰ ਦੇ ਲੋਕ ਇਸ ਦੇ ਜ਼ਿਆਦਾ ਸ਼ਿਕਾਰ ਬਣਦੇ ਹਨ। ਜਿਸ ਤਰ੍ਹਾਂ ਸਾਡੀ ਉਮਰ ਵਧਦੀ ਹੈ ਉਸ ਦੇ ਨਾਲ-ਨਾਲ ਸਾਡੇ ਸਰੀਰ ਦੀਆਂ ਮਾਸਪੇਸ਼ੀਆਂ ਵੀ ਵਧਦੀਆਂ ਹਨ। ਇਸ ਨਾਲ ਮਾਸਪੇਸ਼ੀਆਂ ਸੁੱਕ ਕੇ ਕੈਂਸਰ ਦੀ ਰਸੌਲੀ ਦਾ ਰੂਪ ਧਾਰਨ ਕਰ ਸਕਦੀਆਂ ਹਨ।

### ਫੇਫੜਿਆਂ ਦੇ ਕੈਂਸਰ ਦੇ ਲੱਛਣ

ਜ਼ਿਆਦਾਤਰ ਔਰਤਾਂ ਫੇਫੜਿਆਂ ਦੇ ਕੈਂਸਰ ਦੀਆਂ ਸ਼ਿਕਾਰ ਹੁੰਦੀਆਂ ਹਨ। ਇਸ ਨਾਲ ਸਾਹ ਲੈਣ 'ਚ ਪਰੇਸ਼ਾਨੀ ਅਤੇ ਘੁਟਣ ਮਹਿਸੂਸ ਹੁੰਦੀ ਹੈ। ਫੇਫੜਿਆਂ ਦਾ ਕੈਂਸਰ ਅਜਿਹਾ ਹੈ, ਜਿਸ ਨਾਲ ਹਰ ਸਾਲ ਅਨੇਕਾਂ ਆਦਮੀ ਤੇ ਔਰਤਾਂ ਮੌਤ ਦੇ ਮੂੰਹ 'ਚ ਚਲੇ ਜਾਂਦੇ ਹਨ। ਦੁਨੀਆ ਦੇ ਕਈ ਦੇਸ਼ਾਂ ਵਿਚ ਫੇਫੜਿਆਂ ਦੇ ਕੈਂਸਰ ਨਾਲ ਮਰਨ ਵਾਲੀਆਂ ਔਰਤਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ। ਜੇ ਕਿਸੇ ਵਿਅਕਤੀ ਨੂੰ ਲਗਾਤਾਰ ਖਾਂਸੀ ਰਹਿੰਦੀ ਹੋਵੇ ਅਤੇ ਉਹ ਕਈ ਤਰ੍ਹਾਂ ਦੀਆਂ ਦਵਾਈਆਂ ਲੈਣ ਨਾਲ ਵੀ ਠੀਕ ਨਾ ਹੁੰਦੀ ਹੋਵੇ ਤਾਂ ਇਸ ਦੀ ਕਿਸੇ ਮਾਹਿਰ ਡਾਕਟਰ ਪਾਸੋਂ ਜਾਂਚ ਕਰਵਾਉਣੀ ਚਾਹੀਦੀ ਹੈ। ਇਹ ਕਿਸੇ ਗੰਭੀਰ ਬਿਮਾਰੀ ਜਾਂ ਕੈਂਸਰ ਦਾ ਲੱਛਣ ਹੋ ਸਕਦਾ ਹੈ।

### ਸਿਰ ਦਰਦ ਤੇ ਘੁਟਣ ਮਹਿਸੂਸ ਹੋਣੀ

ਸਿਰ 'ਚ ਦਰਦ ਰਹਿਣਾ ਤੇ ਘੁਟਣ ਦੀ ਸ਼ਿਕਾਇਤ ਵੀ ਕਈ ਵਾਰ ਫੇਫੜਿਆਂ ਦੇ ਕੈਂਸਰ ਦਾ ਸ਼ਿਕਾਰ ਵਿਅਕਤੀ 'ਚ ਮੁੱਖ ਲੱਛਣ ਦੇ ਰੂਪ 'ਚ ਵੇਖੇ ਗਏ ਹਨ। ਇਸ ਪ੍ਰਕਾਰ ਦਾ ਦਰਦ ਕਾਫ਼ੀ ਦਿਨਾਂ ਤਕ ਰਹਿੰਦਾ ਹੈ। ਫੇਫੜਿਆਂ 'ਚ ਜਦੋਂ ਟਿਊਮਰ ਫੈਲ ਜਾਂਦੇ ਹਨ ਤਾਂ ਸਾਹ ਲੈਣ 'ਚ ਪਰੇਸ਼ਾਨੀ ਵਧ ਜਾਂਦੀ ਹੈ ਤੇ ਘੁਟਣ ਮਹਿਸੂਸ ਹੋਣ ਲੱਗਦੀ ਹੈ। ਟਿਊਮਰ ਕਾਰਨ ਫੇਫੜਿਆਂ ਦੇ ਜ਼ਿਆਦਾਤਰ ਹਿੱਸੇ 'ਚ ਹਵਾ ਦੀ ਪਹੁੰਚ ਪ੍ਰਭਾਵਿਤ ਹੋਣ ਕਾਰਨ ਅਜਿਹਾ ਹੁੰਦਾ ਹੈ। ਹੋਰਨਾਂ ਕਾਰਨਾਂ ਕਰ ਕੇ ਵੀ ਸਾਹ ਲੈਣ 'ਚ ਪਰੇਸ਼ਾਨੀ ਆ ਸਕਦੀ ਹੈ। ਇਸ ਲਈ ਅਜਿਹੀ ਸਮੱਸਿਆ ਹੋਣ 'ਤੇ ਤੁਰੰਤ ਡਾਕਟਰੀ ਦੀ ਸਲਾਹ ਲਵੋ।

### ਗਲੇ 'ਚ ਲਗਾਤਾਰ ਖ਼ਰਾਬੀ ਰਹਿਣਾ

ਗਲੇ 'ਚ ਲਗਾਤਾਰ ਖ਼ਰਾਬੀ ਰਹਿਣਾ ਜਾਂ ਵਾਰ-ਵਾਰ ਗਲਾ ਬੈਠਣਾ ਵੀ ਗਲੇ ਦੇ ਕੈਂਸਰ ਦੇ ਸੰਕੇਤ ਹੋ ਸਕਦੇ ਹਨ ਪਰ ਇਹ ਵੀ ਧਿਆਨ ਰਹੇ ਕਿ ਇਹ ਲੱਛਣ ਉਦੋਂ ਵੀ ਹੋ ਸਕਦੇ ਹਨ ਜਦੋਂ ਫੇਫੜਿਆਂ 'ਚ ਸੋਜ਼ਿਸ਼ ਹੋਵੇ। ਜੇ ਖਾਂਸੀ ਕਰਦੇ ਸਮੇਂ ਜਾਂ ਉਲਟੀ ਨਾਲ ਖ਼ੂਨ ਆਉਂਦਾ ਹੋਵੇ ਤਾਂ ਇਸ ਨੂੰ ਨਜ਼ਰਅੰਦਾਜ਼ ਨਾ ਕਰੋ 'ਤੇ ਤੁਰੰਤ ਡਾਕਟਰੀ ਸਹਾਇਤਾ ਲਵੋ।

### ਕਿੱਥੋਂ ਤਕ ਫੈਲ ਸਕਦਾ ਹੈ ਫੇਫੜਿਆਂ ਦਾ ਕੈਂਸਰ?

ਜਿਗਰ ਨੂੰ ਆਪਣੀ ਪਕੜ 'ਚ ਲੈ ਲੈਣ ਵਾਲਾ ਮੈਟਾਸਟੈਟਿਕ ਕੈਂਸਰ ਫੇਫੜਿਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ ਅਤੇ ਜ਼ਿਆਦਾਤਰ ਮਾਮਲਿਆਂ 'ਚ ਇਸ 'ਚ ਕੋਈ ਮੁੱਢਲੇ ਲੱਛਣ ਪਤਾ ਨਹੀਂ ਲੱਗਦੇ। ਡਾਕਟਰੀ ਜਾਂਚ ਰਾਹੀਂ ਹੀ ਇਸ ਦੀ ਲੱਖਣ ਕੀਤੀ ਜਾ ਸਕਦੀ ਹੈ। ਕਈ ਵਾਰ ਫੇਫੜਿਆਂ ਦਾ ਕੈਂਸਰ ਹੱਡੀਆਂ ਦੇ ਕੈਂਸਰ ਦਾ ਕਾਰਨ ਵੀ ਬਣ ਸਕਦਾ ਹੈ। ਹੱਡੀਆਂ ਦਾ ਕੈਂਸਰ ਹੋਣ 'ਤੇ ਹੱਡੀਆਂ 'ਚ ਦਰਦ ਰਹਿਣ ਵਰਗੀਆਂ ਅਲਾਮਤਾਂ ਪ੍ਰਗਟ ਹੋ ਸਕਦੀਆਂ ਹਨ। ਇਹ ਦਰਦ ਆਮ-ਤੌਰ 'ਤੇ ਰੀੜ੍ਹ ਦੀ ਹੱਡੀ, ਪਸਲੀਆਂ 'ਚ ਜ਼ਿਆਦਾ ਵੇਖਣ ਨੂੰ ਮਿਲਦੀ ਹੈ। ਕੁੱਝ ਮਾਮਲਿਆਂ 'ਚ ਮਾਸਪੇਸ਼ੀਆਂ ਦੀ ਕਮਜ਼ੋਰੀ ਅਤੇ ਠੀਕ ਤਰੀਕੇ ਨਾਲ ਕੰਮ ਨਾ ਕਰਨਾ ਵੀ, ਛੇਤੀ ਥਕਾਵਟ ਮਹਿਸੂਸ ਕਰਨਾ, ਥੋੜ੍ਹਾ ਜਿਹਾ ਕੰਮ ਕਰਨਾ, ਪੌੜੀਆਂ ਚੜ੍ਹਨਾ ਅਤੇ ਸਾਹ ਫੁੱਲਣਾ ਆਦਿ ਵੀ ਫੇਫੜਿਆਂ ਦੇ ਕੈਂਸਰ ਦੇ ਭਿਆਨਕ ਲੱਛਣ ਹੋ ਸਕਦੇ ਹਨ।

• ਫੀਚਰ ਡੈਸਕ



# ਅੱਧੇ ਸਿਰ ਦਾ ਬੇਹਾਲ ਕਰਨ ਵਾਲਾ ਦਰਦ - ਮਾਈਗ੍ਰੇਨ

ਸਿਰ ਦਰਦ ਅਜਿਹੀ ਸਮੱਸਿਆ ਹੈ ਜੋ ਅਕਸਰ ਸਾਨੂੰ ਪਰੇਸ਼ਾਨ ਕਰਦੀ ਹੈ। ਹਰ ਬੱਚੇ, ਬੁੱਢੇ, ਨੌਜਵਾਨ, ਔਰਤ ਅਤੇ ਮਰਦ ਨੂੰ ਕਦੇ ਨਾ ਕਦੇ ਇਸ ਦਾ ਸਾਹਮਣਾ ਜ਼ਰੂਰ ਕਰਨਾ ਪੈਂਦਾ ਹੈ। ਅਕਸਰ ਇਹ ਵੀ ਵੇਖਿਆ ਗਿਆ ਹੈ ਕਿ ਕੁੱਝ ਲੋਕ ਅੱਧੇ ਸਿਰ ਵਿਚ ਦਰਦ ਰਹਿਣ ਦੀ ਸ਼ਿਕਾਇਤ ਕਰਦੇ ਹਨ। ਅਜਿਹੀ ਦਰਦ ਉਨ੍ਹਾਂ ਨੂੰ ਬੁਰੀ ਤਰ੍ਹਾਂ ਪਰੇਸ਼ਾਨ ਅਤੇ ਬੇਚੈਨ ਕਰ ਦਿੰਦੀ ਹੈ। ਇਸ ਨੂੰ ਡਾਕਟਰੀ ਭਾਸ਼ਾ ਵਿਚ 'ਮਾਈਗ੍ਰੇਨ' ਆਖਦੇ ਹਨ।

### ਕਾਰਨ

ਲੰਬੇ ਸਮੇਂ ਤੋਂ ਰਹਿਣ ਵਾਲੀ ਕਬਜ਼, ਪੇਟ ਗੈਸ, ਜਿਗਰ ਦੀਆਂ ਬਿਮਾਰੀਆਂ, ਪੁਰਾਣਾ ਜ਼ੁਕਾਮ, ਰੀੜ੍ਹ ਦੀ ਹੱਡੀ ਦਾ ਦਰਦ, ਕੰਨ ਦਾ ਦਰਦ, ਨਸ਼ੇ ਦੀ ਖਿੱਚ ਆਦਿ ਮਾਈਗ੍ਰੇਨ ਦੀਆਂ ਨਿਸ਼ਾਨੀਆਂ ਹਨ।

### ਇਲਾਜ

ਐਲੋਪੈਥਿਕ ਦਵਾਈਆਂ ਤੋਂ ਇਲਾਵਾ ਐਕੂਪ੍ਰੈਸ਼ਰ ਜ਼ਰੀਏ ਹੱਥਾਂ ਅਤੇ ਪੈਰਾਂ ਦੇ ਕੁੱਝ ਵਿਸ਼ੇਸ਼ ਬਿੰਦੂਆਂ ਨੂੰ ਦਬਾਉਣ ਜਾਂ ਪ੍ਰੈਸ਼ਰ ਦੇਣ ਨਾਲ ਇਸ ਉੱਪਰ ਕਾਬੂ ਪਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਹੱਥਾਂ ਦੀਆਂ ਉਂਗਲੀਆਂ ਦੀ ਮਾਲਿਸ਼ ਕਰਨ ਨਾਲ ਵੀ ਇਸ ਨੂੰ ਦੂਰ ਕੀਤਾ ਜਾ ਸਕਦਾ ਹੈ। ਮਾਇਗ੍ਰੇਨ ਦੀ ਦਰਦ ਨੂੰ ਦੂਰ ਕਰਨ ਲਈ ਪੈਰਾਂ ਤੇ ਹੱਥਾਂ ਦੇ ਅੰਗੂਠਿਆਂ ਦੀ ਰੋਜ਼ ਮਾਲਿਸ਼ ਕਰਨੀ ਚਾਹੀਦੀ ਹੈ।

• ਫੀਚਰ ਡੈਸਕ

## ਸੰਪਾਦਕੀ

# ਪੰਜਾਬ 'ਚ ਇਸ ਵਾਰ ਵੱਖਰਾ ਹੀ ਸਿਆਸੀ ਘਮਸਾਣ ਦੇਖਣ ਨੂੰ ਮਿਲੇਗਾ

2027 ਦੀਆਂ ਚੋਣਾਂ ਦੌਰਾਨ ਪੰਜਾਬ ਵਿਚ ਇਸ ਵਾਰ ਵੱਖਰਾ ਹੀ ਸਿਆਸੀ ਘਮਸਾਣ ਦੇਖਣ ਨੂੰ ਮਿਲੇਗਾ। ਇਸ ਦੀ ਸ਼ੁਰੂਆਤ ਇਤਿਹਾਸਕ ਗੁਰਦੁਆਰਾ ਬਾਬਾ ਬਕਾਲਾ ਵਿਖੇ ਰੱਖੜ ਪੁੰਨਿਆ ਦੇ ਮੌਕੇ 'ਤੇ ਹੋ ਚੁੱਕੀ ਹੈ, ਜਿੱਥੇ 1664 ਵਿੱਚ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਪ੍ਰਗਟ ਹੋਏ। ਇਸ ਪਵਿੱਤਰ ਦਿਹਾੜੇ 'ਤੇ ਰਵਾਇਤੀ ਤੌਰ 'ਤੇ ਹੋਣ ਵਾਲੀਆਂ ਸਿਆਸੀ ਕਾਨਫਰੰਸਾਂ ਵਿੱਚ ਸਾਰੀਆਂ ਪਾਰਟੀਆਂ ਨੇ ਆਪਣੀ ਪੂਰੀ ਤਾਕਤ ਦਿਖਾਈ ਹੈ। ਇਤਿਹਾਸ ਵਿੱਚ ਪਹਿਲੀ ਵਾਰ ਭਾਜਪਾ ਨੇ ਵੀ ਇੱਥੇ ਆਪਣੀ ਰੈਲੀ ਕੀਤੀ ਹੈ, ਜਿਸ ਤੋਂ ਸਾਫ਼ ਸੰਕੇਤ ਮਿਲਦਾ ਹੈ ਕਿ ਉਹ ਜਾਂ ਤਾਂ ਆਪਣੇ ਪੁਰਾਣੇ ਸਾਥੀ ਸ਼੍ਰੋਮਣੀ ਅਕਾਲੀ ਦਲ ਨਾਲ ਮਿਲ ਕੇ ਜਾਂ ਫਿਰ ਇਕੱਲੇ ਹੀ ਪੰਜਾਬ ਵਿੱਚ ਮੁੜ ਪੈਰ ਜਮਾਉਣ ਦੀ ਪੂਰੀ ਤਿਆਰੀ ਵਿੱਚ ਹੈ। ਅਗਲੇ ਛੇ ਮਹੀਨਿਆਂ ਵਿੱਚ ਹੋਣ ਵਾਲੀਆਂ ਚੋਣਾਂ ਦੀ ਗੱਲ ਕਰੀਏ ਤਾਂ 'ਇੰਡੀਆ ਟੁਡੇ' ਸਮੂਹ ਵੱਲੋਂ ਕਰਵਾਏ ਗਏ 'ਮੂਡ ਆਫ਼ ਦਿ ਨੇਸ਼ਨ' ਸਰਵੇਖਣ ਨੇ ਸਥਿਤੀ ਨੂੰ ਹੋਰ ਸਪੱਸ਼ਟ ਕਰ ਦਿੱਤਾ ਹੈ। ਇਸ ਸਰਵੇਖਣ ਮੁਤਾਬਿਕ ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਗੱਠਜੋੜ ਨੂੰ ਦੇਸ਼ ਭਰ ਵਿੱਚ 45.1 ਫ਼ੀਸਦੀ ਵੋਟ ਹਿੱਸੇਦਾਰੀ ਮਿਲਣ ਦੀ ਉਮੀਦ ਹੈ, ਜਦੋਂ ਕਿ 'ਇੰਡੀਆ' ਗੱਠਜੋੜ ਨੂੰ 39.1 ਫ਼ੀਸਦੀ ਵੋਟਾਂ ਮਿਲ ਸਕਦੀਆਂ ਹਨ, ਜਿਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਫਿਲਹਾਲ ਪ੍ਰਧਾਨ ਮੰਤਰੀ ਮੋਦੀ ਨੂੰ ਚੁਣੌਤੀ ਦੇਣ ਵਾਲਾ ਕੋਈ ਵੱਡਾ ਆਗੂ ਸਾਹਮਣੇ ਨਹੀਂ ਆਇਆ। ਹਾਲਾਂਕਿ, ਸਿਆਸੀ ਮਾਹਿਰ ਹੀ ਇਸ ਗੱਲ ਵੱਲ ਧਿਆਨ ਦੇਣਗੇ ਕਿ ਐੱਨ ਡੀ ਏ ਦਾ ਇਹ ਵੋਟ ਸ਼ੇਅਰ ਇਸ ਸਾਲ ਜਨਵਰੀ ਵਿੱਚ ਅੰਦਾਜ਼ਨ 47 ਫ਼ੀਸਦੀ ਅਤੇ ਇੱਕ ਸਾਲ ਪਹਿਲਾਂ ਦੇ 46.7 ਫ਼ੀਸਦੀ ਨਾਲੋਂ ਕੁਝ ਘੱਟ ਜ਼ਰੂਰ ਹੋਇਆ ਹੈ।

ਪੰਜਾਬ ਵਿਚ ਇਸ ਸਮੇਂ ਅਕਾਲੀ ਦਲ ਬਾਦਲ ਵੱਡੀ ਪਾਰਟੀ ਵਜੋਂ ਉੱਭਰ ਰਹੀ ਹੈ ਅਤੇ ਲੱਗਦਾ ਹੈ ਕਿ ਇਸ ਵਾਰ ਅਕਾਲੀ ਦਲ ਸਭ ਤੋਂ ਵੱਧ ਸੀਟਾਂ ਲਿਜਾ ਸਕਦੀ ਹੈ। ਦੂਜੇ ਪਾਸੇ ਜੇਕਰ ਭਾਜਪਾ ਅਤੇ ਅਕਾਲੀ ਦਲ ਵਿਚਕਾਰ ਸਮਝੌਤਾ ਹੋ ਜਾਂਦਾ ਹੈ ਤਾਂ ਇਹ ਪੰਜਾਬ ਵਿਚ ਆਪਣੀ ਸਰਕਾਰ ਬਣਾ ਸਕਦੇ ਹਨ। ਇਸ ਸਭ ਦਾ ਪੰਜਾਬ ਦੇ ਨਾਲ-ਨਾਲ ਉੱਤਰ ਪ੍ਰਦੇਸ਼, ਗੋਆ, ਮਣੀਪੁਰ ਅਤੇ ਉਤਰਾਖੰਡ ਵਿੱਚ ਅਗਲੇ ਸਾਲ ਦੇ ਸ਼ੁਰੂ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਤੇ ਕੀ ਅਸਰ ਪਵੇਗਾ ? ਬਿਨਾਂ ਸ਼ੱਕ, ਭਾਜਪਾ 2024 ਦੀਆਂ ਲੋਕ ਸਭਾ ਚੋਣਾਂ ਤੋਂ ਲੈ ਕੇ ਹੁਣ ਤੱਕ ਬਣੇ ਆਪਣੀ ਜਿੱਤ ਦੇ ਸਿਲਸਿਲੇ ਨੂੰ ਕਾਇਮ ਰੱਖਣ ਲਈ ਪੂਰੀ ਤਰ੍ਹਾਂ ਦ੍ਰਿੜ ਹੋਵੇਗੀ, ਕਿਉਂਕਿ ਇਸ ਸਮੇਂ ਦੌਰਾਨ ਹਰਿਆਣਾ, ਮਹਾਰਾਸ਼ਟਰ, ਦਿੱਲੀ, ਬਿਹਾਰ ਜਾਂ ਪੱਛਮੀ ਬੰਗਾਲ ਸਮੇਤ ਕਈ ਸੂਬਿਆਂ ਵਿੱਚ ਪਾਰਟੀ ਨੇ ਸ਼ਾਨਦਾਰ ਜਿੱਤਾਂ ਦਰਜ ਕੀਤੀਆਂ ਹਨ। ਪੰਜਾਬ ਦੇ ਲੋਕਾਂ ਵਿੱਚ ਇੱਕ ਵੱਖਰੀ ਹੀ ਖੁੱਲ੍ਹਦਿਲੀ ਹੈ ਜੋ ਦੇਸ਼ ਦੇ ਕਿਸੇ ਹੋਰ ਸੂਬੇ ਵਿੱਚ ਦੇਖਣ ਨੂੰ ਨਹੀਂ ਮਿਲਦੀ।

ਦਿੱਲੀ ਵਿੱਚ ਸੀ ਏ ਏ ਪ੍ਰਦਰਸ਼ਨਕਾਰੀਆਂ ਦੀ ਮਦਦ ਲਈ ਗੁਰਦੁਆਰਿਆਂ ਦਾ ਖੁੱਲ੍ਹਣਾ ਹੋਵੇ ਜਾਂ ਫਿਰ ਪੰਜਾਬੀਆਂ ਵੱਲੋਂ ਹਾਲ ਹੀ ਵਿੱਚ ਆਸਾਮ ਦੇ ਹੜ੍ਹ ਪੀੜਤਾਂ ਦੀ ਕੀਤੀ ਗਈ ਮਦਦ, ਇਸ ਦੀ ਸਭ ਤੋਂ ਵੱਡੀ ਉਦਾਹਰਣ ਹੈ। ਇਹ ਸੂਬਾ ਇੱਕ ਮੁਸ਼ਕਲ ਗੁਆਂਢੀ ਨਾਲ ਸਰਹੱਦ ਸਾਂਝੀ ਕਰਦਾ ਹੈ ਪਰ ਫਿਰ ਵੀ ਲੋਕਾਂ ਨੂੰ ਇਹ ਸਮਝ ਨਹੀਂ ਆ ਰਹੀ ਕਿ ਭਾਜਪਾ ਕਰਤਾਰਪੁਰ ਸਾਹਿਬ ਲਾਂਘੇ ਨੂੰ ਮੁੜ ਕਿਉਂ ਨਹੀਂ ਖੋਲ੍ਹ ਰਹੀ ? ਆਜ਼ਾਦੀ ਤੋਂ ਬਾਅਦ ਪਿਛਲੇ 80 ਸਾਲਾਂ ਵਿੱਚ ਬੰਗਾਲ ਦਾ ਵੀ ਦਿੱਲੀ ਨਾਲ ਰਿਸ਼ਤਾ ਕੁਝ ਖ਼ਾਸ ਵਧੀਆ ਨਹੀਂ ਰਿਹਾ ਪਰ ਪੰਜਾਬ ਨੂੰ ਦੋ ਵਾਰ ਕੱਟ ਕੇ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਬਣਾ ਦਿੱਤਾ ਗਿਆ। ਇਸ ਤੋਂ ਇਲਾਵਾ ਅਤਿਵਾਦ, ਉਦਯੋਗਾਂ ਦੇ ਪਲਾਇਨ ਅਤੇ ਖੇਤੀਬਾੜੀ ਇਨਕਲਾਬ ਦੇ ਆਪਣੇ ਹੀ ਪੁੱਠੇ ਗੇੜ ਵਿੱਚ ਫਸ ਜਾਣ ਨੇ ਸੂਬੇ ਦੇ ਸਵੈ-ਮਾਣ ਨੂੰ ਹੋਰ ਡੂੰਘੀ ਸੱਟ ਮਾਰੀ ਹੈ।

# ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੀ ਪੰਜਾਬ ਸਰਕਾਰ: ਮੋਹਿੰਦਰ ਭਗਤ



**ਜਲੰਧਰ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਮੰਤਰੀ ਮੋਹਿੰਦਰ ਭਗਤ ਨੇ ਅੱਜ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਸਮੀਖਿਆ ਮੀਟਿੰਗ ਦੌਰਾਨ ਪੰਜਾਬ ਸਰਕਾਰ ਦੀ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਦੀ ਦ੍ਰਿੜ ਵਚਨਬੱਧਤਾ ਦੁਹਰਾਈ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕੈਬਨਿਟ ਮੰਤਰੀ ਨੇ ਪੁਲਿਸ ਕਮਿਸ਼ਨਰ ਸਤਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਅਮਰਜੀਤ ਬੈਂਸ, ਚੇਅਰਮੈਨ ਪੰਜਾਬ ਰਾਜ ਸਫਾਈ ਕਰਮਚਾਰੀ ਕਮਿਸ਼ਨ ਚੰਦਨ ਗਰੇਵਾਲ, ਚੇਅਰਮੈਨ ਪੰਜਾਬ ਰਾਜ ਖਾਦੀ ਬੋਰਡ ਗਗਨਦੀਪ ਸਿੰਘ ਕਾਕੂ ਆਹਲੂਵਾਲੀਆ, ਮੇਅਰ ਵਿਨੀਤ ਧੀਰ, 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ, ਨਿਤਿਨ ਕੋਹਲੀ ਸਮੇਤ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਦੀ ਨਾਮੁਰਾਦ ਬਿਮਾਰੀ ਨੂੰ ਜੜ੍ਹੋਂ ਖ਼ਤਮ ਕਰਨ ਲਈ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੀ ਹੈ, ਜਿਸ ਦੇ ਸਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਨਸ਼ਿਆਂ ਨੂੰ ਖ਼ਤਮ ਕਰਨ ਦਾ ਤਹੱਈਆ ਕੀਤਾ ਹੋਇਆ ਹੈ, ਜਿਸ ਤਹਿਤ ਹਜ਼ਾਰਾਂ ਨਸ਼ਾ ਤਸਕਰਾਂ ਨੂੰ ਜੇਲਾਂ ਦੀਆਂ ਸਲਾਖਾਂ ਪਿੱਛੇ ਭੇਜਣ ਤੋਂ ਇਲਾਵਾ ਨਸ਼ੇ ਦੇ ਆਦੀ ਵਿਅਕਤੀਆਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਭੇਜ ਕੇ ਉਨ੍ਹਾਂ ਦੇ ਮੁੜ ਵਸੇਬੇ ਲਈ ਸੰਜੀਦਾ ਯਤਨ ਕੀਤੇ ਜਾ ਰਹੇ ਹਨ।

ਸ਼੍ਰੀ ਭਗਤ ਨੇ ਨਸ਼ਾ ਮੁਕਤੀ ਮੋਰਚਾ ਵੱਲੋਂ ਨਸ਼ਿਆਂ ਖਿਲਾਫ਼ ਲੜਾਈ ਵਿੱਚ ਨਿਭਾਈ ਜਾ ਰਹੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਹੋਰ ਡਟ ਕੇ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਕਮੇਟੀਆਂ ਵੱਲੋਂ ਜਿਥੇ ਨਸ਼ਿਆਂ ਖਿਲਾਫ਼ ਜਾਗਰੂਕਤਾ ਫੈਲਾਉਣ ਵਿੱਚ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ ਉਥੇ ਸ਼ੱਕੀ ਵਿਅਕਤੀਆਂ ਦੀ ਪਛਾਣ, ਇਲਾਕਿਆਂ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਪੁਲਿਸ ਤੇ ਪ੍ਰਸ਼ਾਸਨ ਦਾ ਸਹਿਯੋਗ ਕਰਨ ਵਿੱਚ ਵੀ ਮਹੱਤਵਪੂਰਣ ਭੂਮਿਕਾ ਨਿਭਾਈ ਜਾ ਰਹੀ ਹੈ। ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਇਸ ਮੁਹਿੰਮ ਨੂੰ ਹੇਠਲੇ ਪੱਧਰ ਤੱਕ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਿਵਲ ਪ੍ਰਸ਼ਾਸਨ ਅਤੇ ਸਥਾਨਕ ਲੋਕਾਂ ਨਾਲ ਬਿਹਤਰ ਤਾਲਮੇਲ ਨਾਲ ਕੰਮ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਪੱਧਰ 'ਤੇ ਡੀ.ਐਸ.ਪੀਜ਼, ਨਸ਼ਾ ਮੁਕਤੀ ਮੋਰਚਾ ਦੇ ਹਲਕਾ ਕੋਆਰਡੀਨੇਟਰਾਂ ਅਤੇ ਲੋਕ ਨੁਮਾਇੰਦਿਆਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾਣ ਅਤੇ ਇਸ ਸਮੱਸਿਆ ਨਾਲ ਨਜਿੱਠਣ ਲਈ ਤਾਲਮੇਲ ਵਾਲੇ ਯਤਨਾਂ 'ਤੇ ਜ਼ੋਰ ਦਿੱਤਾ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਾ ਛੁਡਾਊ ਢਾਂਚੇ ਨੂੰ ਵੀ ਮਜ਼ਬੂਤ ਕੀਤਾ ਹੈ ਤਾਂ ਜੋ ਨਸ਼ੇ ਦੀ ਗ੍ਰਿਫ਼ਤ ਵਿੱਚ ਆਏ ਹਰ ਵਿਅਕਤੀ ਦਾ ਵਧੀਆ ਇਲਾਜ ਅਤੇ ਮੁੜ ਵਸੇਬਾ ਯਕੀਨੀ ਬਣਾਇਆ ਜਾ ਸਕੇ। ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਉਨ੍ਹਾਂ ਸਮਾਜ ਦੇ ਹਰ ਵਰਗ ਨੂੰ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ।

ਇਸ ਤੋਂ ਪਹਿਲਾਂ ਮੇਅਰ ਵਿਨੀਤ ਧੀਰ, ਰਾਜਵਿੰਦਰ ਕੌਰ ਥਿਆੜਾ ਅਤੇ ਨਿਤਿਨ ਕੋਹਲੀ ਨੇ ਨਸ਼ਿਆਂ ਦੇ ਖਾਤਮੇ ਲਈ ਹਰ ਵਰਗ ਦੀ ਭਾਗੀਦਾਰੀ 'ਤੇ ਜ਼ੋਰ ਦਿੱਤਾ।

ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਸਾਰੇ ਵਰਗਾਂ ਨੂੰ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਵਿੱਚ ਭਾਈਵਾਲ ਬਣਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਾਰਿਆਂ ਦੇ ਸਮੂਹਿਕ ਯਤਨਾਂ ਨਾਲ ਹੀ ਨਸ਼ਾ ਮੁਕਤ ਰੰਗਲਾ ਪੰਜਾਬ ਦਾ ਸੁਪਨਾ ਪੂਰਾ ਕੀਤਾ ਜਾ ਸਕਦਾ ਹੈ।

ਪੁਲਿਸ ਕਮਿਸ਼ਨਰ ਸਤਿੰਦਰ ਸਿੰਘ ਨੇ ਕਿਹਾ ਕਿ ਕਮਿਸ਼ਨਰੇਟ ਪੁਲਿਸ ਵੱਲੋਂ ਨਸ਼ਿਆਂ ਖਿਲਾਫ਼ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾਈ ਗਈ ਹੈ ਅਤੇ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕਮਿਸ਼ਨਰੇਟ ਪੁਲਿਸ ਵੱਲੋਂ ਨਸ਼ਿਆਂ ਦੇ ਮਾਮਲੇ ਵਿੱਚ ਪਿਛਲੇ ਦੋ ਮਹੀਨਿਆਂ ਜੁਲਾਈ ਤੇ ਅਗਸਤ ਦੌਰਾਨ 500 ਤੋਂ ਵੱਧ ਕੇਸ ਦਰਜ ਕੀਤੇ ਗਏ ਹਨ।

# ਸਾਂਝੀ ਰਸੋਈ ਵਿਖੇ ਸਵ. ਸ਼੍ਰੀਮਤੀ ਸੁਦੇਸ਼ ਕੁਮਾਰੀ ਧਨੋਟਾ ਦੀ ਯਾਦ ਵਿੱਚ ਰਕਮ 33,500 ਰੁਪਏ ਦਾ ਯੋਗਦਾਨ



**ਹੁਸ਼ਿਆਰਪੁਰ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਣਯੋਗ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਜੀ ਦੀ ਯੋਗ ਅਗਵਾਈ ਹੇਠਾਂ ਚਲਾਈ ਜਾ ਰਹੀ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਮੁੱਹਲਾ ਈਸ਼ ਨਗਰ, ਹੁਸ਼ਿਆਰਪੁਰ ਵਿਖੇ 'ਸਾਂਝੀ ਰਸੋਈ' ਦਾ ਸੰਚਾਲਨ ਕੀਤਾ ਜਾ ਰਿਹਾ ਹੈ।

ਇਸ ਰਸੋਈ ਰਾਹੀਂ ਆਮ ਲੋਕਾਂ ਨੂੰ ਕੇਵਲ 10 ਪ੍ਰਤੀ ਥਾਲੀ ਦੀ ਮਾਮੂਲੀ ਦਰ 'ਤੇ ਦੁਪਹਿਰ ਦਾ ਪੌਸ਼ਟਿਕ ਖਾਣਾ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇੱਥੇ ਹਰ ਰੋਜ਼ 500 ਤੋਂ ਵੱਧ ਲੋੜਵੰਦ ਲੋਕ ਭੋਜਨ ਦਾ ਲਾਭ ਲੈ ਰਹੇ ਹਨ।

ਇਸ ਨੇਕ ਉਪਰਾਲੇ ਨੂੰ ਲਗਾਤਾਰ ਚਲਾਉਣ ਅਤੇ ਇਸ ਵਿੱਚ ਆਮ ਜਨਤਾ ਦੀ ਹਿੱਸੇਦਾਰੀ ਵਧਾਉਣ ਲਈ ਸੁਸਾਇਟੀ ਵੱਲੋਂ ਬੁੱਕ-ਏ-ਡੇ ਪਹਿਲਕਦਮੀ ਚਲਾਈ ਜਾ ਰਹੀ ਹੈ, ਜਿਸ ਤਹਿਤ ਕੋਈ ਵੀ ਵਿਅਕਤੀ ਰਕਮ 5,100 ਦਾ ਯੋਗਦਾਨ ਪਾ ਕੇ ਆਪਣੇ ਪਰਿਵਾਰਕ ਮੈਂਬਰਾਂ ਜਾਂ ਪਿਆਰਿਆਂ ਦੇ ਨਾਮ 'ਤੇ ਸਾਂਝੀ ਰਸੋਈ ਦਾ ਇੱਕ ਦਿਨ ਬੁੱਕ ਕਰਵਾ ਸਕਦਾ ਹੈ। ਲੋਕ ਇਸ ਪਹਿਲਕਦਮੀ ਰਾਹੀਂ ਆਪਣੇ ਜਨਮਦਿਨ, ਵਿਆਹ ਦੀ ਵਰ੍ਹੇਗੰਢ ਜਾਂ ਕਿਸੇ ਵਿਛੜੇ ਹੋਏ ਪਰਿਵਾਰਕ ਮੈਂਬਰ ਦੀ ਨਿੱਘੀ ਯਾਦ ਵਿੱਚ ਭੋਜਨ ਦੀ ਸੇਵਾ ਕਰਕੇ ਇਨ੍ਹਾਂ ਵਿਸ਼ੇਸ਼ ਮੌਕਿਆਂ ਨੂੰ ਯਾਦਗਾਰ ਬਣਾ ਸਕਦੇ ਹਨ। ਜਨਮਦਿਨ ਦੇ ਮੌਕੇ 'ਤੇ ਰੈੱਡ ਕਰਾਸ ਵੱਲੋਂ ਸਾਂਝੀ ਰਸੋਈ ਵਿਖੇ ਕੇਕ ਕਟਿੰਗ ਸਮਾਰੋਹ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ।

ਇਸੇ ਲੜੀ ਤਹਿਤ ਅੱਜ ਕੈਨੇਡਾ ਵਾਸੀ ਮਿਸ ਅਰੁਣ ਧਨੋਤਾ ਵੱਲੋਂ ਆਪਣੀ ਮਾਤਾ ਸਵ. ਸ਼੍ਰੀਮਤੀ ਸੁਦੇਸ਼ ਕੁਮਾਰੀ ਧਨੋਤਾ ਜੀ ਦੀ ਮਿੱਠੀ ਯਾਦ ਵਿੱਚ 'ਬੁੱਕ-ਏ-ਡੇ' ਤਹਿਤ ਸਾਂਝੀ ਰਸੋਈ ਲਈ ਰਕਮ 33,500 ਦੀ ਰਾਸ਼ੀ ਦਾ ਯੋਗਦਾਨ ਪਾਇਆ ਗਿਆ।

ਇਸ ਮੌਕੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਸ਼੍ਰੀ ਮੰਗੇਸ਼ ਸੂਦ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਨੇਕ ਕਾਰਜ ਨਾਲ ਜੁੜਨ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਨਾ ਸਿਰਫ਼ ਸਾਂਝੀ ਰਸੋਈ ਨੂੰ ਆਰਥਿਕ ਸਹਿਯੋਗ ਦਿੰਦੇ ਹਨ, ਸਗੋਂ ਸਾਡੀਆਂ ਨਿੱਜੀ ਖੁਸ਼ੀਆਂ ਅਤੇ ਯਾਦਾਂ ਨੂੰ ਸਮਾਜ ਸੇਵਾ ਨਾਲ ਜੋੜਦੇ ਹਨ।

ਇਸ ਵਿਸ਼ੇਸ਼ ਮੌਕੇ 'ਤੇ ਸ਼੍ਰੀ ਆਦਿੱਤਿਆ ਰਾਣਾ ਜੁਆਇੰਟ ਸਕੱਤਰ, ਸ਼੍ਰੀ ਰਾਜੀਵ ਬਜਾਜ, ਵਾਈਸ ਚੇਅਰਮੈਨ, ਐਚ.ਡਬਲਿਊ.ਐਸ. ਸੈਕਸ਼ਨ ਰੈੱਡ ਕਰਾਸ ਅਤੇ ਸ਼੍ਰੀਮਤੀ ਰਾਕੇਸ਼ ਕਪਿਲਾ, ਕਾਰਜਕਾਰੀ ਮੈਂਬਰ, ਰੈੱਡ ਕਰਾਸ ਵੀ ਹਾਜ਼ਰ ਸਨ।

# ਕੈਬਨਿਟ ਮੰਤਰੀ ਬੈਂਸ ਨੇ ਸੰਗਤ ਨਾਲ ਮਿਲ ਕੇ ਬਾਬਾ ਬਾਲਕ ਨਾਥ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ



**ਸ੍ਰੀ ਆਨੰਦਪੁਰ ਸਾਹਿਬ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਪੰਜਾਬ ਅਤੇ ਹਲਕਾ ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਹਰਜੋਤ ਸਿੰਘ ਬੈਂਸ ਨੇ ਪਿੰਡ ਗੰਭੀਰਪੁਰ ਲੋਅਰ ਵਿਖੇ ਬਾਬਾ ਬਾਲਕ ਨਾਥ ਜੀ ਦੇ ਮੰਦਿਰ ਵਿੱਚ ਕਰਵਾਈ ਗਈ ਡੰਮਰੂਆ ਵਾਲੀ ਦਿਹਾੜੀ ਵਿੱਚ ਸ਼ਰਧਾ ਅਤੇ ਸਤਿਕਾਰ ਨਾਲ ਸ਼ਮੂਲੀਅਤ ਕੀਤੀ। ਇਸ ਮੌਕੇ ਉਨ੍ਹਾਂ ਨੇ ਮੰਦਿਰ ਵਿੱਚ ਨਤਮਸਤਕ ਹੋ ਕੇ ਬਾਬਾ ਬਾਲਕ ਨਾਥ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਧਾਰਮਿਕ ਸਮਾਗਮ ਦੌਰਾਨ ਸੰਗਤ ਵੱਲੋਂ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਹਾਜ਼ਰੀ ਭਰੀ ਗਈ ਅਤੇ ਮਾਹੌਲ ਭਗਤੀਮਈ ਬਣਿਆ ਰਿਹਾ।

ਹਰਜੋਤ ਸਿੰਘ ਬੈਂਸ ਨੇ ਇਸ ਪਾਵਨ ਦਿਹਾੜੇ ਮੌਕੇ ਸੰਗਤ ਨਾਲ ਮਿਲ ਕੇ ਬਾਬਾ ਬਾਲਕ ਨਾਥ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ। ਉਨ੍ਹਾਂ ਨੇ ਸਰਬੱਤ ਦੇ ਭਲੇ, ਸੁੱਖ-ਸ਼ਾਂਤੀ, ਤੰਦਰੁਸਤੀ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਗੁਰੂਆਂ, ਸੰਤਾਂ ਅਤੇ ਪੀਰਾਂ ਦੀ ਪਵਿੱਤਰ ਧਰਤੀ ਹੈ ਅਤੇ ਇੱਥੇ ਮਨਾਏ ਜਾਂਦੇ ਧਾਰਮਿਕ ਦਿਹਾੜੇ ਸਾਨੂੰ ਆਪਣੀ ਵਿਰਾਸਤ ਅਤੇ ਆਧਿਆਤਮਿਕ ਪਰੰਪਰਾਵਾਂ ਨਾਲ ਜੋੜਦੇ ਹਨ। ਅਜਿਹੇ ਪਵਿੱਤਰ ਸਮਾਗਮ ਲੋਕਾਂ ਵਿੱਚ ਆਪਸੀ ਪਿਆਰ, ਭਾਈਚਾਰੇ ਅਤੇ ਸਦਭਾਵਨਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਦੇ ਹਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਧਾਰਮਿਕ ਸਥਾਨ ਸਾਡੇ ਸਮਾਜ ਦੀ ਅਮੀਰ ਵਿਰਾਸਤ ਦਾ ਅਹਿਮ ਹਿੱਸਾ ਹਨ। ਇਨ੍ਹਾਂ ਅਸਥਾਨਾਂ 'ਤੇ ਨਤਮਸਤਕ ਹੋ ਕੇ ਮਨ ਨੂੰ ਆਤਮਿਕ ਸ਼ਾਂਤੀ ਮਿਲਦੀ ਹੈ ਅਤੇ ਸੇਵਾ, ਨਿਮਰਤਾ ਤੇ ਮਨੁੱਖਤਾ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਮਿਲਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਧਾਰਮਿਕ ਅਤੇ ਸੱਭਿਆਚਾਰਕ ਵਿਰਸੇ ਨੂੰ ਸੰਭਾਲਣ ਦੇ ਨਾਲ-ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਇਸ ਨਾਲ ਜੋੜਨਾ ਚਾਹੀਦਾ ਹੈ। ਉਨ੍ਹਾਂ ਨੇ ਸਮੂਹ ਸੰਗਤ ਨੂੰ ਪਵਿੱਤਰ ਦਿਹਾੜੇ ਦੀ ਵਧਾਈ ਦਿੱਤੀ ਅਤੇ ਸਾਰਿਆਂ ਲਈ ਚੜ੍ਹਦੀ ਕਲਾ ਦੀ ਕਾਮਨਾ ਕੀਤੀ।

ਇਸ ਮੌਕੇ ਪਿੰਡ ਵਾਸੀਆਂ ਅਤੇ ਸੰਗਤ ਵੱਲੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦਾ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਸੰਗਤ ਨਾਲ ਮਿਲ ਕੇ ਧਾਰਮਿਕ ਸਮਾਗਮ ਵਿੱਚ ਹਾਜ਼ਰੀ ਭਰੀ। ਪਿੰਡ ਵਾਸੀਆਂ ਨੇ ਕਿਹਾ ਕਿ ਅਜਿਹੇ ਪਵਿੱਤਰ ਸਮਾਗਮ ਸਾਂਝੀਵਾਲਤਾ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦਾ ਸੁਨੇਹਾ ਦਿੰਦੇ ਹਨ। ਸਮਾਗਮ ਦੌਰਾਨ ਸੰਗਤ ਨੇ ਬਾਬਾ ਬਾਲਕ ਨਾਥ ਜੀ ਅੱਗੇ ਸਰਬੱਤ ਦੇ ਭਲੇ ਅਤੇ ਪੰਜਾਬ ਦੀ ਤਰੱਕੀ ਲਈ ਅਰਦਾਸ ਕੀਤੀ।

ਇਸ ਮੌਕੇ ਮੀਨਾ ਕਾਲੀਆ ਸਰਪੰਚ, ਪ੍ਰਦੀਪ ਕੁਮਾਰ, ਪਵਨ ਕੁਮਾਰ, ਜੌਲੀ, ਐਡਵੋਕੇਟ ਆਰਤੀ ਬਾਲੀ, ਨਿਤਿਨ, ਅੰਕੁਸ਼ ਬਾਸੋਵਾਲ, ਸ਼ਿਲਪਾ ਧਰਮਾਣੀ, ਸੁਰਵੀ, ਅਸ਼ੋਕ ਕੁਮਾਰ, ਸੁਖਦੇਵ ਕੁਮਾਰ, ਆਕਾਸ਼ ਸ਼ਰਮਾ, ਅੰਤੁਲ ਸ਼ਰਮਾ, ਸੋਢੀ, ਰਾਮ ਕੁਮਾਰ, ਸ਼ਿਵ ਕੁਮਾਰ ਤੇ ਵੱਡੀ ਗਿਣਤੀ ਵਿਚ ਪਿੰਡ ਵਾਸੀ, ਆਪ ਵਰਕਰ ਹਾਜ਼ਰ ਸਨ।

# ਸ਼੍ਰੀਮਤੀ ਰਾਖੀ ਗੁਪਤਾ ਭੰਡਾਰੀ 6 ਸਤੰਬਰ ਨੂੰ ਸਮੂਹ ਰਾਜਨੀਤਿਕ ਪਾਰਟੀਆਂ ਦੇ ਪਧਾਨਾਂ, ਸਾਂਸਦ ਅਤੇ ਵਿਧਾਇਕਾਂ ਨਾਲ ਕਰਨਗੇ ਮੀਟਿੰਗ

**ਗੁਰਦਾਸਪੁਰ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਜ਼ਿਲ੍ਹਾ ਚੋਣ ਅਫ਼ਸਰ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੀਮਤੀ ਰਾਖੀ ਗੁਪਤਾ ਭੰਡਾਰੀ, ਆਈ.ਏ.ਐਸ, ਪਿ ?ਸੀਪਲ ਸੈਕਟਰੀ, ਫੂਡ ਪੋ ?ਸੈਸਿੰਗ ਜਿਨ੍ਹਾਂ ਨੂੰ ਜਿਲ੍ਹਾ ਗੁਰਦਾਸਪੁਰ ਵਿਖੇ ਇਲੈਕਟਰੋਲ ਰੋਲ ਆਬਜਰਵਰ (ਵੋਟਰ ਸੂਚੀ ਨਿਰੀਖਕ) ਨਿਯੁਕਤ ਕੀਤਾ ਗਿਆ ਹੈ, ਉਹ 6 ਸਤੰਬਰ ਨੂੰ ਗੁਰਦਾਸਪੁਰ ਪਹੁੰਚਣਗੇ।

ਉਨ੍ਹਾਂ ਦੱਸਿਆ ਕਿ ਸ਼੍ਰੀਮਤੀ ਰਾਖੀ ਗੁਪਤਾ, ਆਈ.ਏ.ਐਸ ਵਲੋਂ 6 ਸਤੰਬਰ, ਦਿਨ ਐਤਵਾਰ ਨੂੰ ਕਮਰਾ ਨੰਬਰ 416, ਕਾਨਫਰੰਸ ਹਾਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਦੁਪਹਿਰ 12:30 ਵਜੇ ਜ਼ਿਲ੍ਹੇ ਦੀਆਂ ਸਮੂਹ ਰਾਜਨੀਤਿਕ ਪਾਰਟੀਆਂ ਦੇ ਪ ?ਧਾਨਾਂ/ਸਕੱਤਰਾਂ, ਗੁਰਦਾਸਪੁਰ ਲੋਕ ਸਭਾ ਹਲਕੇ ਦੇ ਸੰਸਦ ਮੈਂਬਰ ਅਤੇ ਜ਼ਿਲ੍ਹੇ ਦੇ ਸਾਰੇ ਵਿਧਾਇਕਾਂ ਨਾਲ ਮੀਟਿੰਗ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਮਾਣਯੋਗ ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜਨ (ਐੱਸ.ਆਈ.ਆਰ) ਚੱਲ ਰਹੀ ਹੈ ਅਤੇ ਉਸ ਸਬੰਧ ਵਿੱਚ ਜ਼ਿਲ੍ਹੇ ਇਲੈਕਟਰੋਲ ਰੋਲ ਆਬਜਰਵਰ ਨਿਯੁਕਤ ਕੀਤੇ ਗਏ ਹਨ।

# ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਪਾਬੰਦੀ ਦਾ ਹੁਕਮ ਜਾਰੀ

**ਫਾਜ਼ਿਲਕਾ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਫਾਜ਼ਿਲਕਾ ਡਾ. ਮਨਦੀਪ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 (ਪੁਰਾਣੀ ਸੀ.ਆਰ.ਪੀ.ਸੀ, 1973 ਦੀ ਧਾਰਾ 144) ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮਿਤੀ 03 ਸਤੰਬਰ 2026 ਨੂੰ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਵਿੱਤਰ ਦਿਹਾੜੇ ਮੌਕੇ ਫਾਜ਼ਿਲਕਾ ਸ਼ਹਿਰ ਵਿੱਚ ਕੱਢੀ ਜਾਣ ਵਾਲੀ ਸੋਭਾ ਯਾਤਰਾ (ਸਾਮ ਨੂੰ 6:00 ਵਜੇ ਤੋਂ 8:00 ਵਜੇ ਤੱਕ) ਦੇ ਦੌਰਾਨ ਫਾਜ਼ਿਲਕਾ ਸ਼ਹਿਰ ਦੀਆਂ ਸਾਰੀਆਂ ਮੀਟ ਅਤੇ ਅੰਡੇ ਦੀਆਂ ਦੁਕਾਨਾਂ/ਰੇਹੜੀਆਂ ਅਤੇ ਬੁੱਚੜਖਾਨੇ ਮੁਕੰਮਲ ਤੌਰ 'ਤੇ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਉਨ੍ਹਾਂ ਦੱਸਿਆ ਕਿ ਸ੍ਰੀ ਕ੍ਰਿਸ਼ਨ ਜਨਮ ਅਸਟਮੀ ਦੇ ਪਵਿਤਰ ਦਿਹਾੜੇ ਦੇ ਸਬੰਧ ਵਿੱਚ ਫਾਜ਼ਿਲਕਾ ਸ਼ਹਿਰ ਵਿੱਚ ਸੋਭਾ ਯਾਤਰਾ ਕੱਢੀ ਜਾਣੀ ਹੈ। ਇਸ ਦਿਨ ਕਿਸੇ ਦੀ ਜਾਨਵਰ ਦੀ ਹੱਤਿਆ ਕਰਨਾ ਧਾਰਮਿਕ ਰੀਤੀ-ਰਿਵਾਜਾਂ ਅਨੁਸਾਰ ਅਸ਼ੁੱਭ ਮੰਨਿਆ ਜਾਂਦਾ ਹੈ।

ਜੀਵ ਹੱਤਿਆ ਕਰਨ ਨਾਲ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ ਅਤੇ ਸਰਾਰਤੀ ਅਨਸਰਾਂ ਵੱਲੋਂ ਇਸ ਦਾ ਨਜਾਇਜ ਫਾਇਦਾ ਉਠਾ ਕੇ ਅਮਨ ਕਾਨੂੰਨ ਦੀ ਸਥਿਤੀ ਨੂੰ ਖਰਾਸ ਕੀਤਾ ਜਾ ਸਕਦਾ ਹੈ। ਇਸ ਲਈ ਇਸ ਦੌਰਾਨ ਹੋਟਲਾਂ ਅਤੇ ਢਾਬਿਆਂ 'ਤੇ ਮੀਟ/ਅੰਡੇ ਬਣਾਉਣ ਅਤੇ ਇਨ੍ਹਾਂ ਦੀ ਵਿਕਰੀ ਕਰਨ ਦਿਹਾੜੇ ਦੇ ਸਬੰਧ ਵਿੱਚ ਫਾਜ਼ਿਲਕਾ ਸ਼ਹਿਰ ਵਿੱਚ ਸੋਭਾ ਯਾਤਰਾ ਕੱਢੀ ਜਾਣੀ ਹੈ। ਇਸ ਦਿਨ ਕਿਸੇ ਦੀ ਜਾਨਵਰ ਦੀ ਹੱਤਿਆ ਕਰਨਾ ਧਾਰਮਿਕ ਰੀਤੀ-ਰਿਵਾਜਾਂ ਅਨੁਸਾਰ ਅਸ਼ੁੱਭ ਮੰਨਿਆ ਜਾਂਦਾ ਹੈ। ਜੀਵ ਹੱਤਿਆ ਕਰਨ ਨਾਲ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ ਅਤੇ ਸਰਾਰਤੀ ਅਨਸਰਾਂ ਵੱਲੋਂ ਇਸ ਦਾ ਨਜਾਇਜ ਫਾਇਦਾ ਉਠਾ ਕੇ ਅਮਨ ਕਾਨੂੰਨ ਦੀ ਤੇ ਪੂਰਨ ਪਾਬੰਦੀ ਹੋਵੇਗੀ।

# ਗੁਰਦਾਸਪੁਰ ਵਿਖੇ ਨਸ਼ਾ ਮੁਕਤੀ ਮੋਰਚਾ ਦੀ ਜ਼ਿਲ੍ਹਾ ਪੱਧਰੀ ਰਿਵੀਊ ਮੀਟਿੰਗ

**ਗੁਰਦਾਸਪੁਰ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਮਜ਼ਬੂਤ ਇੱਛਾ ਸ਼ਕਤੀ ਨਾਲ ਸੂਬੇ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਲਈ 'ਯੁੱਧ ਨਸ਼ਿਆ ਵਿਰੁੱਧ' ਮੁਹਿੰਮ ਤਹਿਤ 'ਨਸ਼ਾ ਮੁਕਤੀ ਮੋਰਚਾ' ਦੀ ਜ਼ਿਲ੍ਹਾ ਪੱਧਰੀ ਰੀਵਿਊ ਮੀਟਿੰਗ ਸਥਾਨਕ ਗੋਲਡਨ ਗਰੁੱਪ ਆਫ ਇੰਸਟੀਚਿਊਟ, ਹਰਦੋਛੰਨੀ ਰੋਡ ਗੁਰਦਾਸਪੁਰ ਵਿਖੇ ਕੀਤੀ ਗਈ।



ਇਸ ਮੌਕੇ ਜ਼ੋਨ ਕੁਆਰਡੀਨੇਟਰ ਦੀਕਸ਼ਨ ਧਵਨ, ਜ਼ੋਨ ਵਾਈਸ ਕੁਆਰਡੀਨੇਟਰ ਅਤੇ ਹਲਕਾ ਇੰਚਾਰਜ ਪਠਾਨਕੋਟ ਰੋਹਿਤ ਸਿਆਲ, ਐੱਸ.ਐੱਸ.ਪੀ. ਬਟਾਲਾ ਡਾ. ਮਹਿਤਾਬ ਸਿੰਘ, ਹਲਕਾ ਇੰਚਾਰਜ ਗੁਰਦਾਸਪੁਰ ਰਮਨ ਬਹਿਲ, ਹਲਕਾ ਇੰਚਾਰਜ ਦੀਨਾਨਗਰ ਸ਼ਮਸ਼ੇਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਜ਼ਿਲ੍ਹਾ ਕੁਆਰਡੀਨੇਟਰ ਡਾ. ਅਰਸ਼ਦੀਪ ਸਿੰਘ, ਜ਼ਿਲ੍ਹਾ ਵਾਈਸ ਕੁਆਰਡੀਨੇਟਰ ਅਨਮੋਲਜੋਤ ਸਿੰਘ ਰੰਧਾਵਾ, ਦਵਿੰਦਰ ਚੌਧਰੀ ਐੱਸ.ਪੀ (ਆਪਰੇਸ਼ਨ) ਗੁਰਦਾਸਪੁਰ, ਨਵਜੋਤ ਸਿੰਘ ਐੱਸ ਪੀ (ਐੱਚ) ਬਟਾਲਾ, ਐੱਸ ਡੀ ਐੱਮ ਅਸ਼ੋਕ ਕੁਮਾਰ ਸਮੂਹ ਡੀ.ਐੱਸ.ਪੀਜ਼, ਡਾ. ਮਹੇਸ਼ ਪ੍ਰਭਾਕਰ ਸਿਵਲ ਸਰਜਨ, ਐੱਸ.ਐੱਸ.ਐੱਮ ਕਾਲਜ ਦੀਨਾਨਗਰ, ਗੋਲਡਨ ਗਰੁੱਪ ਇੰਸਟੀਚਿਊਟ ਦੇ ਐੱਮ ਡੀ ਮੋਹਿਤ ਮਹਾਜਨ, ਹਲਕਾ ਕੋਆਰਡੀਨੇਟਰ ਨੀਰਜ ਸਲਹੋਤਰਾ ਸਮੇਤ ਸਮੂਹ ਵਿਧਾਨ ਸਭਾ ਹਲਕਿਆ ਦੇ ਕੋਆਰਡੀਨੇਟਰ , ਹਲਕਾ ਵਾਈਸ ਕੋਆਰਡੀਨੇਟਰ ਅਤੇ ਬਲਾਕ ਵਾਈਸ ਕੋਆਰਡੀਨੇਟਰ ਆਦਿ ਮੌਜੂਦ ਸਨ।

ਇਸ ਮੌਕੇ ਵੱਖ -ਵੱਖ ਵਿਧਾਨ ਸਭਾ ਹਲਕਿਆਂ ਵਿਚ ਨਸ਼ਾ ਮੁਕਤੀ ਮੋਰਚਾ ਦੇ ਹਲਕਾ ਕੁਆਰਡੀਨੇਟਰਾਂ, ਵਾਈਸ ਕੁਆਰਡੀਨੇਟਰਾਂ ਅਤੇ ਬਲਾਕ ਕੁਆਰਡੀਨੇਟਰਾਂ ਨੂੰ ਸੰਬੋਧਨ ਕਰਦਿਆ ਰੋਹਿਤ ਸਿਆਲ ਜ਼ੋਨ ਵਾਈਸ ਕੁਆਰਡੀਨੇਟਰ ਨੇ ਕਿਹਾ ਕਿ ਨਸ਼ਾ ਮੁਕਤੀ ਮੋਰਚਾ ਦੀ ਸਮੁੱਚੀ ਟੀਮ ਨੂੰ ਕਿਹਾ ਕਿ ਤੁਸੀ ਪੰਜਾਬ ਦੇ ਹਮਦਰਦ ਹੋ, ਜੋ ਨਸ਼ਿਆਂ ਨੂੰ ਖਤਮ ਕਰਨ ਲਈ ਜ਼ਮੀਨੀ ਪੱਧਰ 'ਤੇ ਸਲਾਘਾਯੋਗ ਕੰਮ ਕਰ ਰਹੇ ਹੋ।

ਉਨਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵਲੋਂ ਪੰਜਾਬ ਵਿੱਚ ਨਸ਼ਿਆਂ ਨੂੰ ਖਤਮ ਕਰਨ ਦਾ ਤਹੱਈਆ ਕੀਤਾ ਗਿਆ ਹੈ ਅਤੇ ਇਸ ਲਈ ਜ਼ਮੀਨੀ ਪੱਧਰ 'ਤੇ ਕੀਤਾ ਗਿਆ ਕੰਮ ਨਜ਼ਰ ਆ ਰਿਹਾ ਹੈ। ਪੰਜਾਬ ਸਰਕਾਰ ਵੱਲੋ ਨਾ ਕੇਵਲ ਨਸ਼ਾਂ ਤਸਕਰਾਂ ਖਿਲਾਫ ਲੜਾਈ ਲੜੀ ਜਾ ਰਹੀ ਹੈ ਬਲਕਿ ਨਸ਼ਾ ਗ੍ਰਸਤ ਪੀੜਤ ਲੋਕਾਂ ਦਾ ਨਸ਼ਾ ਛੁਡਾਊ ਕੇਂਦਰਾ ਵਿਚ ਇਲਾਜ ਵੀ ਕਰਵਾਇਆ ਜਾ ਰਿਹਾ ਹੈ।

ਉਨਾਂ ਕਿਹਾ ਕਿ ਸਰਕਾਰ ਦਾ ਸਪੱਸ਼ਟ ਸੰਦੇਸ਼ ਹੈ ਕਿ ਨਸ਼ਾ ਤਸਕਰਾਂ ਵਿਰੁੱਧ ਕਿਸੇ ਕਿਸਮ ਦੀ ਰਿਆਇਤ ਨਹੀਂ ਵਰਤੀ ਜਾਵੇਗੀ।ਜਿਸ ਦੇ ਚੱਲਦਿਆ ਯੁੱਧ ਨਸ਼ਿਆ ਵਿਰੁੱਧ ਤਹਿਤ ਹਜ਼ਾਰਾ ਨਸ਼ਾ ਤਸਕਰ ਗ੍ਰਿਫਤਾਰ ਕੀਤੇ ਗਏ ਹਨ ਅਤੇ ਐੱਫ.ਆਈ.ਆਰ. ਦਰਜ ਕੀਤੀ ਗਈਆ ਹਨ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਤੁਹਾਡੀ ਸਾਰਿਆ ਦੀ ਵੱਡੀ ਭੂਮਿਕਾ ਹੈ ਅਤੇ ਬਿਨ੍ਹਾਂ ਕਿਸੇ ਭੈਅ ਦੇ ਆਪਣੇ ਫਰਜ ਪੂਰੇ ਕੀਤੇ ਜਾਣ।

# ਹਲਕਾ ਇੰਚਾਰਜ ਜੋਬਨ ਰੰਧਾਵਾ ਦੀ ਅਗਵਾਈ ਹੇਠ ਪਿੰਡ ਕਾਲਾ ਅਫ਼ਗਾਨਾ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਸ਼ਰਧਾਲੂਆਂ ਦੀ ਬੱਸ ਰਵਾਨਾ

**ਬਟਾਲਾ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਇੰਚਾਰਜ ਚੇਅਰਮੈਨ ਜੋਬਨ ਰੰਧਾਵਾ ਦੀ ਅਗਵਾਈ ਹੇਠ ਹਲਕਾ ਫਤਿਹਗੜ੍ਹ ਚੂੜੀਆਂ ਦੇ ਪਿੰਡ ਕਾਲਾ ਅਫ਼ਗਾਨਾ ਤੋਂ 'ਮੁੱਖ ਮੰਤਰੀ ਤੀਰਥ ਯਾਤਰਾ' ਤਹਿਤ ਸ਼ਰਧਾਲੂਆਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਅਨਮੋਲ ਰੰਧਾਵਾ, ਜ਼ਿਲ੍ਹਾ ਵਾਈਸ ਕੁਆਰਡੀਨੇਟਰ ਨਸ਼ਾ ਮੁਕਤੀ ਮੋਰਚਾ ਅਤੇ ਮੈਂਬਰ ਜ਼ਿਲ੍ਹਾ ਪਰੀਸ਼ਦ ਅਤੇ ਸਰਪੰਚ ਅਵਤਾਰ ਸਿੰਘ ਸਮੇਤ ਹੋਰ ਪਤਵੰਤੇ ਸੱਜਣ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ ਸਨ।



ਇਸ ਮੌਕੇ ਗੱਲਬਾਤ ਕਰਦਿਆਂ ਅਨਮੋਲ ਰੰਧਾਵਾਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵਲੋਂ ਤੀਰਥ ਯਾਤਰਾ ਸਕੀਮ ਵਿੱਚ ਵਿਸਥਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਪਹਿਲੀ ਅਗਸਤ ਤੋਂ ਤਿੰਨ ਹੋਰ ਰੂਟ ਸ਼ੁਰੂ ਕੀਤੇ ਗਏ ਹਨ। ਖਾਟੂ ਸ਼ਿਆਮ ਜੀ ਅਤੇ ਸਾਲਾਸਰ ਜੀ , ਹਰਿਦੁਆਰ ਅਤੇ ਰਿਸੀਕੇਸ਼ ਅਤੇ ਮਥੁਰਾ ਅਤੇ ਵ੍ਰਿੰਦਾਵਨ ਸ਼ਾਮਲ ਹਨ।ਉਨ੍ਹਾਂ ਨੇ ਕਿਹਾ ਕਿ ਇਸ ਯੋਜਨਾ ਤਹਿਤ ਯਾਤਰੀਆਂ ਲਈ ਆਵਾਜਾਈ, ਰਹਿਣ-ਸਹਿਣ ਤੇ ਭੋਜਨ ਦਾ ਪ੍ਰਬੰਧ ਪੰਜਾਬ ਸਰਕਾਰ ਵੱਲੋਂ ਬਿਲਕੁਲ ਮੁਫ਼ਤ ਕੀਤਾ ਗਿਆ ਹੈ ਤਾਂ ਜੋ ਕਿਸੇ ਵੀ ਯਾਤਰੀ ਨੂੰ ਕੋਈ ਅਸੁਵਿਧਾ ਨਾ ਹੋਵੇ। ਉਨ੍ਹਾਂ ਕਿਹਾ ਕਿ ਬਜੁਰਗ ਅਵਸਥਾ ਵਿਚ ਸ਼ਰਧਾਲੂ ਤੀਰਥ ਸਥਾਨਾਂ ਵਿਖੇ ਜਾਣ ਤੋਂ ਵਾਂਝੇ ਰਹਿ ਜਾਂਦੇ ਸਨ ਤੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦਾ ਮੁੱਖ ਉਦੇਸ਼ ਵੱਡੀ ਉਮਰ ਦੇ ਲੋਕਾਂ ਅਤੇ ਧਾਰਮਿਕ ਸ਼ਰਧਾਲੂਆਂ ਨੂੰ ਆਸਾਨ, ਸੁਰੱਖਿਅਤ ਅਤੇ ਮੁਫ਼ਤ ਤੀਰਥ ਦਰਸ਼ਨ ਕਰਵਾਉਣਾ ਹੈ।

ਯਾਤਰਾ 'ਤੇ ਜਾ ਰਹੇ ਸ਼ਰਧਾਲੂਆਂ ਅੰਦਰ ਪੂਰੀ ਖੁਸ਼ੀ ਤੇ ਉਤਸ਼ਾਹ ਸੀ ਅਤੇ ਉਨ੍ਹਾਂ ਵਲੋਂ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਭਰਵੀਂ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਭਾਗ ਮਿਲਿਆ ਹੈ।

# ਚੜ੍ਹਦੀ ਕਲਾ ਗੱਤਕਾ ਅਖਾੜਾ ਮਾਨ ਨਗਰ ਵਲੋਂ ਨਾਗਰਿਕ ਸੁਰੱਖਿਆ ਕੈਂਪ




**ਬਟਾਲਾ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਗਾਮੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ-ਪੁਰਬ ਮੌਕੇ ਚੜ੍ਹਦੀ ਕਲਾ ਗੱਤਕਾ ਅਖਾੜਾ ਮਾਨ ਨਗਰ ਵਲੋਂ ਨਾਗਰਿਕ ਸੁਰੱਖਿਆ ਕੈਂਪ ਸਥਾਨਕ ਅਹਿਮਦਾਬਾਦ ਤੇ ਬਾਉਲੀ ਇੰਦਰਜੀਤ ਵਿਖੇ ਲਗਾਏ ਗਏ।ਇਸ ਮੌਕੇ ਪੋਸਟ ਵਾਰਡਨ ਹਰਬਖਸ਼ ਸਿੰਘ, ਪ੍ਰਧਾਨ ਹਰਪ੍ਰੀਤ ਸਿੰਘ ਜੌੜਾ ਸਿੰਘਾ, ਭਗਤ ਸਿੰਘ ਸ਼ੇਰੂ, ਪ੍ਰਭਜੋਤ ਸਿੰਘ ਖਾਲਸਾ, ਲਵਪ੍ਰੀਤ ਸਿੰਘ ਢਿੱਲੋਂ, ਗੁਰਸੇਵਕ ਸਿੰਘ, ਗੁਰਪ੍ਰੀਤ ਸਿੰਘ ਧੌਲਪੁਰ, ਮਨਪ੍ਰੀਤ ਸਿੰਘ, ਜਸਬੀਰ ਸਿੰਘ ਉਮਰਪੁਰਾ, ਕਾਹਲੋਂ, ਹਰਮਨਪ੍ਰੀਤ ਸਿੰਘ ਖਤੀਬ, ਗੁਰਨੂਰ ਸਿੰਘ, ਮਹਿਕਦੀਪ ਸਿੰਘ ਤੇ ਬੱਚੇ ਹਾਜ਼ਰ ਸਨ।

ਇਸ ਮੌਕੇ ਪੋਸਟ ਵਾਰਡਨ ਹਰਬਖਸ਼ ਸਿੰਘ ਵਲੋਂ ਗੱਤਕੇ ਦੇ ਪ੍ਰਦਰਸ਼ਨ ਸਮੇਂ ਜੇਕਰ ਕੋਈ ਅਨਸੁਖਾਂਵੀਂ ਘਟਨਾ ਵਾਪਰ ਜਾਣ 'ਤੇ ਮੁੱਢਲੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ ਕਿ ਕੱਟ ਲੱਗ ਜਾਣ, ਸੋਟੀ ਦੀ ਗੁੱਝੀ ਸੱਟ ਜਾਂ ਹੰਗਾਮੀ ਹਾਲਤਾਂ ਤੇ ਜੇਕਰ ਪੈਰ ਨੂੰ ਮੋਚ ਆ ਜਾਵੇ ਤਾ ਗਰਮ ਪੱਟੀ ਕਰਕੇ ਕੇ ਡਾਕਟਰੀ ਸਹਾਇਤਾ ਲਈ ਜਾਵੇ। ਹਮੇਸ਼ਾਂ ਪ੍ਰਦਰਸ਼ਨ ਕਰਦੇ ਸਮੇਂ ਮੁਢੱਲੀ ਸਹਾਇਤਾ ਬਾਕਸ ਨਾਲ ਰੱਖੋ। ਅਗੇ ਕਿਹਾ ਕਿ ਗੱਤਕੇ ਦੇ ਜ਼ੌਹਰ ਦਿਖਾਉਦੇ ਸਮੇਂ ਕਦੀ ਵੀ ਮਨ ਵਿਚ ਵੈਰ ਨਹੀ ਰੱਖਣਾ ਚਾਹੀਦਾ ਹੈ ਕਿਸੇ ਤਰਾਂ ਦੇ ਸਟੰਟ ਨਾ ਕੀਤੇ ਜਾਣ ਇਹਨਾਂ ਤੋ ਬਚਿਆ ਜਾਵੇ, ਨਾਲ ਹੋਰ ਨਾਗਰਿਕ ਸੁਰੱਖਿਆ ਸਬੰਧੀ ਸਾਂਝ ਪਾਈ ਤੇ ਰਾਸ਼ਟਰੀ ਸਹਾਇਤਾ ਨੰਬਰ 112 ਬਾਰੇ ਦਸਿਆ।

# 6 ਸਤੰਬਰ ਨੂੰ ਜ਼ਿਲ੍ਹੇ ਦੇ ਸਾਰੇ ਪੋਲਿੰਗ ਬੂਥਾਂ 'ਤੇ ਲੱਗੇਗਾ ਵਿਸ਼ੇਸ਼ ਕੈਂਪ: ਜ਼ਿਲ੍ਹਾ ਚੋਣ ਅਫ਼ਸਰ

**ਹੁਸ਼ਿਆਰਪੁਰ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਤਹਿਤ ਪੰਜਾਬ ਵਿੱਚ ਚੱਲ ਰਹੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.)-2026 ਦੇ ਤਹਿਤ ਜ਼ਿਲ੍ਹੇ ਦੇ ਸਾਰੇ ਪੋਲਿੰਗ ਬੂਥਾਂ 'ਤੇ 6 ਸਤੰਬਰ 2026, ਐਤਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਇਨ੍ਹਾਂ ਕੈਂਪਾਂ ਦਾ ਮੁੱਖ ਉਦੇਸ਼ ਯੋਗ ਨਾਗਰਿਕਾਂ ਦੀ ਵੋਟਰ ਵਜੋਂ ਰਜਿਸਟ੍ਰੇਸ਼ਨ ਯਕੀਨੀ ਬਣਾਉਣਾ ਅਤੇ ਵੋਟਰਾਂ ਨੂੰ ਵੱਖ-ਵੱਖ ਚੋਣ ਸਬੰਧੀ ਸੇਵਾਵਾਂ ਮੁਹੱਈਆ ਕਰਵਾਉਣਾ ਹੈ।



ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਕੈਂਪ ਦੌਰਾਨ ਬੂਥ ਲੈਵਲ ਅਫ਼ਸਰ (ਬੀ.ਐਲ.ਓ.) ਆਪਣੇ-ਆਪਣੇ ਪੋਲਿੰਗ ਬੂਥਾਂ 'ਤੇ ਹਾਜ਼ਰ ਰਹਿਣਗੇ। ਯੋਗ ਨਾਗਰਿਕਾਂ ਤੋਂ ਲੋੜ ਅਨੁਸਾਰ ਫਾਰਮ ਨੰਬਰ 6, ਫਾਰਮ ਨੰਬਰ 6-ਏ ਅਤੇ ਫਾਰਮ ਨੰਬਰ 8 ਭਰਵਾਏ ਜਾਣਗੇ ਅਤੇ ਸਬੰਧਤ ਘੋਸ਼ਣਾ ਪੱਤਰਾਂ ਸਮੇਤ ਲੋੜੀਂਦੇ ਸਹਾਇਕ ਦਸਤਾਵੇਜ਼ ਵੀ ਪ੍ਰਾਪਤ ਕੀਤੇ ਜਾਣਗੇ।

ਡਿਪਟੀ ਕਮਿਸ਼ਨਰ ਨੇ ਵਿਸ਼ੇਸ਼ ਤੌਰ 'ਤੇ 18 ਤੋਂ 19 ਸਾਲ ਦੀ ਉਮਰ ਵਰਗ ਦੇ ਨੌਜਵਾਨਾਂ ਦੀ ਵੱਧ ਤੋਂ ਵੱਧ ਵੋਟਰ ਰਜਿਸਟ੍ਰੇਸ਼ਨ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਲੋਕਤੰਤਰਿਕ ਪ੍ਰਕਿਰਿਆ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਬਹੁਤ ਮਹੱਤਵਪੂਰਨ ਹੈ ਅਤੇ ਯੋਗ ਨੌਜਵਾਨਾਂ ਨੂੰ ਵੋਟਰ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾਉਣ ਲਈ ਇਸ ਵਿਸ਼ੇਸ਼ ਕੈਂਪ ਦਾ ਲਾਭ ਉਠਾਉਣਾ ਚਾਹੀਦਾ ਹੈ।

ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਦਿਵਿਆਂਗ (ਪੀ.ਪਬਲਯੂ.ਡੀ.) ਵੋਟਰਾਂ ਦੀ ਪਛਾਣ ਵੀ ਕੀਤੀ ਜਾਵੇਗੀ ਅਤੇ ਉਨ੍ਹਾਂ ਦੀ ਲੋੜੀਂਦੀ ਮਾਰਕਿੰਗ ਲਈ ਫਾਰਮ ਨੰਬਰ 8 ਭਰਵਾਏ ਜਾਣਗੇ, ਤਾਂ ਜੋ ਉਨ੍ਹਾਂ ਨੂੰ ਚੋਣ ਸਬੰਧੀ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦੀ ਪ੍ਰਕਿਰਿਆ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਵੱਲੋਂ ਨਿਯੁਕਤ ਬੂਥ ਲੈਵਲ ਏਜੰਟਾਂ (ਬੀ.ਐਲ.ਏ.) ਨੂੰ ਵੀ ਵਿਸ਼ੇਸ਼ ਕੈਂਪ ਸਬੰਧੀ ਪਹਿਲਾਂ ਹੀ ਸੂਚਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਸਾਰੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਬੀ.ਐਲ.ਏ. ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਈ ਜਾਵੇ, ਤਾਂ ਜੋ ਵੋਟਰ ਸੂਚੀ ਦੀ ਸੋਧ ਦਾ ਕੰਮ ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕੀਤਾ ਜਾ ਸਕੇ।

ਉਨ੍ਹਾਂ ਸਾਰੇ ਚੋਣ ਰਜਿਸਟ੍ਰੇਸ਼ਨ ਅਧਿਕਾਰੀਆਂ ਨੂੰ ਆਪਣੇ ਅਧੀਨ ਆਉਂਦੇ ਪੋਲਿੰਗ ਬੂਥਾਂ 'ਤੇ ਲਗਾਏ ਜਾਣ ਵਾਲੇ ਕੈਂਪਾਂ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਅਤੇ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਸਾਰੇ ਨਿਰਦੇਸ਼ਾਂ ਦੀ ਪੂਰੀ ਤਰ੍ਹਾਂ ਪਾਲਣਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਡਿਪਟੀ ਕਮਿਸ਼ਨਰ ਨੇ ਸਬੰਧਤ ਸਕੂਲਾਂ ਅਤੇ ਦਫ਼ਤਰਾਂ ਦੇ ਮੁਖੀਆਂ ਨੂੰ ਵੀ ਨਿਰਦੇਸ਼ ਦਿੱਤੇ ਕਿ ਜਿਨ੍ਹਾਂ ਸਕੂਲਾਂ ਜਾਂ ਦਫ਼ਤਰਾਂ ਵਿੱਚ ਪੋਲਿੰਗ ਬੂਥ ਸਥਾਪਿਤ ਹਨ, ਉਹ 6 ਸਤੰਬਰ ਨੂੰ ਵਿਸ਼ੇਸ਼ ਕੈਂਪ ਦੌਰਾਨ ਖੁੱਲ੍ਹੇ ਰੱਖੇ ਜਾਣ ਅਤੇ ਬੀ.ਐਲ.ਓ. ਨੂੰ ਲੋੜੀਂਦਾ ਫਰਨੀਚਰ ਅਤੇ ਹੋਰ ਜ਼ਰੂਰੀ ਸਹੂਲਤਾਂ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਆਸ਼ਿਕਾ ਜੈਨ ਨੇ ਜ਼ਿਲ੍ਹੇ ਦੇ ਸਾਰੇ ਯੋਗ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ 6 ਸਤੰਬਰ ਨੂੰ ਆਪਣੇ ਸਬੰਧਤ ਪੋਲਿੰਗ ਬੂਥ 'ਤੇ ਪਹੁੰਚ ਕੇ ਵੋਟਰ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾਉਣ, ਵੇਰਵਿਆਂ ਵਿੱਚ ਲੋੜੀਂਦੀ ਸੋਧ ਕਰਵਾਉਣ ਅਤੇ ਹੋਰ ਚੋਣ ਸਬੰਧੀ ਸੇਵਾਵਾਂ ਦਾ ਲਾਭ ਉਠਾਉਣ।

# ਐਤਵਾਰ ਨੂੰ ਲੱਗ ਰਹੇ ਵਿਸ਼ੇਸ਼ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਵਿਦਿਆਰਥੀ : ਸਵੀਪ ਨੋਡਲ ਅਫ਼ਸਰ

**ਤਰਨਤਾਰਨ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕਤੰਤਰ ਦੀ ਮਜ਼ਬੂਤੀ ਲਈ ਚੱਲ ਰਹੀ ਵੋਟਰ ਸੂਚੀ ਦੀ ਵਿਸ਼ੇਸ਼ ਗਹਿਰੀ ਸੁਧਾਈ (ਐਸ.ਆਈ.ਆਰ-2026) ਤਹਿਤ ਅੱਜ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰ)-ਕਮ-ਨੋਡਲ ਅਫ਼ਸਰ ਸਵੀਪ ਰਜਿੰਦਰ ਕੌਰ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸੰਦੇਸ਼ ਦਿੰਦਿਆਂ ਕਿਹਾ ਗਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ 'ਤੇ ਪੂਰੇ ਪੰਜਾਬ ਵਿੱਚ ਵੋਟਰ ਸੂਚੀਆਂ ਨੂੰ ਸ਼ੁੱਧ ਅਤੇ ਪਾਰਦਰਸ਼ੀ ਬਣਾਉਣ ਲਈ ਐਸ.ਆਈ.ਆਰ-2026 ਦਾ ਵੱਡਾ ਉਪਰਾਲਾ ਜਾਰੀ ਹੈ। ਜਾਰੀ ਸ਼ਡਿਊਲ ਅਨੁਸਾਰ ਮਿਤੀ 13 ਅਗਸਤ 2026 ਨੂੰ ਫੋਟੋ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ਕੀਤੀ ਜਾ ਚੁੱਕੀ ਹੈ ਅਤੇ 13 ਅਗਸਤ ਤੋਂ 12 ਸਤੰਬਰ 2026 ਤੱਕ ਵੋਟਰ ਆਪਣੇ ਦਾਅਵੇ ਅਤੇ ਇਤਰਾਜ ਫਾਰਮ ਨੰਬਰ 6, 6-ਏ, 7 ਅਤੇ 8 ਰਾਹੀਂ ਆਨਲਾਈਨ ਅਤੇ ਆਫਲਾਈਨ ਦਰਜ ਕਰਵਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਵੋਟਰਾਂ ਦੀ ਸਹੂਲਤ ਲਈ ਜ਼ਿਲ੍ਹਾ ਤਰਨ ਤਾਰਨ ਦੇ ਸਮੂਹ ਪੋਲਿੰਗ ਸਟੇਸ਼ਨਾਂ 'ਤੇ 6 ਸਤੰਬਰ 2026, ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਵਿਸ਼ੇਸ਼ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਨ੍ਹਾਂ ਕੈਂਪਾਂ ਵਿੱਚ ਸਮੂਹ ਬੀ.ਐਲ.ਓਜ਼ ਆਪਣੇ-ਆਪਣੇ ਬੂਥਾਂ 'ਤੇ ਮੌਜੂਦ ਰਹਿ ਕੇ ਵੋਟਰਾਂ ਨੂੰ ਨੋਟਿਸ ਫਾਰਮ ਅਤੇ ਦਾਅਵੇ-ਇਤਰਾਜ ਸਬੰਧੀ ਹਰ ਲੋੜੀਂਦੀ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਨਗੇ।

ਉਨ੍ਹਾਂ ਨੇ ਜ਼ਿਲ੍ਹਾ ਤਰਨ ਤਾਰਨ ਦੇ ਸਮੂਹ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਯੋਗਤਾ ਮਿਤੀ 01 ਅਕਤੂਬਰ 2026 ਦੇ ਆਧਾਰ 'ਤੇ ਜਿਸ ਵੀ ਨਾਗਰਿਕ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋ ਗਈ ਹੈ, ਉਹ ਆਪਣੀ ਵੋਟ ਬਣਾਉਣਾ ਯਕੀਨੀ ਬਣਾਉਣ। ਨਵੀਂ ਵੋਟ ਬਣਾਉਣ ਲਈ ਫਾਰਮ ਨੰਬਰ 6 ਅਤੇ ਵੋਟਰ ਕਾਰਡ ਵਿੱਚ ਕਿਸੇ ਵੀ ਤਰ੍ਹਾਂ ਦੀ ਦਰੁਸਤੀ ਲਈ ਫਾਰਮ ਨੰਬਰ 8 ਭਰਿਆ ਜਾਵੇ।

ਅੰਤ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਸੰਦੇਸ਼ ਦਿੱਤਾ ਕਿ ਉਹ ਨਾ ਸਿਰਫ਼ ਆਪਣੀ ਵੋਟ ਬਣਾਉਣ, ਸਗੋਂ ਇਸ ਲੋਕਤੰਤਰ ਦੇ ਮਹਾਂ-ਤਿਉਹਾਰ ਵਿੱਚ ਆਪਣੇ ਪਰਿਵਾਰ, ਸਾਥੀਆਂ ਅਤੇ ਆਂਢ-ਗੁਆਂਢ ਨੂੰ ਵੀ ਜਾਗਰੂਕ ਕਰਕੇ ਇਨ੍ਹਾਂ ਵਿਸ਼ੇਸ਼ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲੈਣ।

ਵਧੇਰੇ ਜਾਣਕਾਰੀ ਲਈ ਟੋਲ ਫਰੀ ਵੋਟਰ ਹੈਲਪ ਅੰਤ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਸੰਦੇਸ਼ ਦਿੱਤਾ ਕਿ ਉਹ ਨਾ ਸਿਰਫ਼ ਆਪਣੀ ਵੋਟ ਬਣਾਉਣ, ਸਗੋਂ ਇਸ ਲੋਕਤੰਤਰ ਦੇ ਮਹਾਂ-ਤਿਉਹਾਰ ਵਿੱਚ ਆਪਣੇ ਪਰਿਵਾਰ, ਸਾਥੀਆਂ ਅਤੇ ਆਂਢ-ਗੁਆਂਢ ਨੂੰ ਵੀ ਜਾਗਰੂਕ ਕਰਕੇ ਇਨ੍ਹਾਂ ਵਿਸ਼ੇਸ਼ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲੈਣ। ਵਧੇਰੇ ਜਾਣਕਾਰੀ ਲਈ ਟੋਲ ਫਰੀ ਵੋਟਰ ਹੈਲਪ ਲਾਈਨ ਨੰਬਰਲਾਈਨ ਨੰਬਰ 1950 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਆਈ.ਐਮ.ਏ. ਦੇ ਸੱਦੇ ਦੇ ਬਾਵਜੂਦ ਹਰਿਆਣਾ ਵਿੱਚ ਆਯੂਸਮਾਨ ਭਾਰਤ ਯੋਜਨਾ ਦੀਆਂ ਸੇਵਾਵਾਂ ਨਿਰਵਿਘਨ ਰਹੀਆਂ

## ਨਿੱਜੀ ਅਤੇ ਸਰਕਾਰੀ ਹਸਪਤਾਲਾਂ ਵਿੱਚ 3,511 ਤੋਂ ਵੱਧ ਦਾਅਵੇ ਕੀਤੇ ਗਏ ਪੇਸ਼, ਮਰੀਜ਼ਾਂ ਦੇ ਇਲਾਜ 'ਤੇ ਨਹੀਂ ਪਿਆ ਕੋਈ ਅਸਰ

**ਚੰਡੀਗੜ੍ਹ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿੱਚ ਆਯੁਸਮਾਨ ਭਾਰਤ-ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ (ਏ.ਬੀ.-ਪੀ.ਐਮ.ਜੇ.ਏ.ਵਾਈ.) ਤਹਿਤ ਸਿਹਤ ਸੇਵਾਵਾਂ ਆਮ ਵਾਂਗ ਜਾਰੀ ਰਹੀਆਂ। ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ.ਐਮ.ਏ.) ਵੱਲੋਂ 31 ਅਗਸਤ ਦੀ ਰਾਤ ਤੋਂ 1 ਸਤੰਬਰ ਦੀ ਰਾਤ ਤੱਕ ਯੋਜਨਾ ਤਹਿਤ ਸੇਵਾਵਾਂ ਰੋਕਣ ਦੇ ਸੱਦੇ ਦੇ ਬਾਵਜੂਦ ਸੂਬੇ ਵਿੱਚ ਯੋਗ ਲਾਭਪਾਤਰੀਆਂ ਨੂੰ ਇਲਾਜ ਲੈਣ ਵਿੱਚ ਕਿਸੇ ਕਿਸਮ ਦੀ ਵੱਡੀ ਪਰੇਸ਼ਾਨੀ ਨਹੀਂ ਆਈ।

ਰਾਜ ਸਿਹਤ ਅਥਾਰਟੀ (ਐਸ.ਐਚ.ਏ.), ਹਰਿਆਣਾ ਤੋਂ ਮਿਲੀ ਜਾਣਕਾਰੀ ਅਨੁਸਾਰ, ਇਸ ਮਿਆਦ ਵਿੱਚ ਨਿੱਜੀ ਸੂਚੀਬੱਧ ਹਸਪਤਾਲਾਂ ਨੇ ਹੀ 1,314 ਤੋਂ ਵੱਧ ਦਾਅਵੇ ਪੇਸ਼ ਕੀਤੇ।

ਸਰਕਾਰੀ ਹਸਪਤਾਲਾਂ ਦੇ ਦਾਅਵਿਆਂ ਨੂੰ ਵੀ ਸ਼ਾਮਲ ਕਰਨ 'ਤੇ ਆਯੁਸਮਾਨ ਭਾਰਤ ਯੋਜਨਾ ਤਹਿਤ ਕੁੱਲ 3,511 ਤੋਂ ਵੱਧ ਦਾਅਵੇ ਪੇਸ਼ ਕੀਤੇ ਗਏ। ਇਹ ਗਿਣਤੀ ਯੋਜਨਾ ਤਹਿਤ ਰੋਜ਼ਾਨਾ ਪੇਸ਼ ਹੋਣ ਵਾਲੇ ਕਰੀਬ 3,441 ਦਾਅਵਿਆਂ ਦੇ ਔਸਤ ਨਾਲੋਂ ਵੀ ਵੱਧ ਹੈ। ਇਸ ਤੋਂ ਸਾਫ਼ ਹੈ ਕਿ ਆਈ.ਐਮ.ਏ. ਦੇ ਸੱਦੇ ਦਾ ਸੂਬੇ ਵਿੱਚ ਆਯੁਸਮਾਨ ਭਾਰਤ ਯੋਜਨਾ ਤਹਿਤ ਇਲਾਜ ਲੈਣ ਵਾਲੇ ਮਰੀਜ਼ਾਂ 'ਤੇ ਕੋਈ ਵੱਡਾ ਅਸਰ ਨਹੀਂ ਪਿਆ।



**ਹਸਪਤਾਲਾਂ ਦੇ ਨਾਲ ਲਗਾਤਾਰ ਸੰਪਰਕ ਵਿੱਚ ਰਿਹਾ ਸਿਹਤ ਅਥਾਰਟੀ**

ਰਾਜ ਸਿਹਤ ਅਥਾਰਟੀ ਨੇ ਪੂਰੇ ਮਾਮਲੇ 'ਤੇ ਲਗਾਤਾਰ ਨਜ਼ਰ ਰੱਖੀ। ਜ਼ਿਲ੍ਹਾ ਪੱਧਰ 'ਤੇ ਅਧਿਕਾਰੀਆਂ, ਜ਼ਿਲ੍ਹਾ ਅਮਲ ਪ੍ਰਬੰਧਕਾਂ ਅਤੇ ਸੂਚੀਬੱਧ ਹਸਪਤਾਲਾਂ ਨਾਲ ਲਗਾਤਾਰ ਸੰਪਰਕ ਬਣਾਈ ਰੱਖਿਆ ਗਿਆ। ਸਾਰੇ ਸੂਚੀਬੱਧ ਹਸਪਤਾਲਾਂ ਨੂੰ ਕਿਹਾ ਗਿਆ ਕਿ ਆਯੁਸਮਾਨ ਭਾਰਤ ਯੋਜਨਾ ਦੇ ਯੋਗ ਮਰੀਜ਼ਾਂ ਨੂੰ ਪਹਿਲ ਦਿੰਦੇ ਹੋਏ ਇਲਾਜ ਅਤੇ ਸਿਹਤ ਸੇਵਾਵਾਂ ਆਮ ਵਾਂਗ ਜਾਰੀ ਰੱਖਣ। ਹਸਪਤਾਲਾਂ ਤੋਂ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਗਿਆ ਕਿ ਕਿਸੇ ਯੋਗ ਮਰੀਜ਼ ਨੂੰ ਯੋਜਨਾ ਤਹਿਤ ਇਲਾਜ ਲੈਣ ਵਿੱਚ ਬੇਲੋੜੀ ਪਰੇਸ਼ਾਨੀ ਨਾ ਆਵੇ।

ਐਸ.ਐਚ.ਏ. ਦੇ ਅਨੁਸਾਰ, ਇਸ ਮਿਆਦ ਵਿੱਚ ਕਿਸੇ ਯੋਗ ਮਰੀਜ਼ ਨੂੰ ਇਲਾਜ ਤੋਂ ਮਨ੍ਹਾ ਕਰਨ ਜਾਂ ਆਯੁਸਮਾਨ ਭਾਰਤ ਯੋਜਨਾ ਤਹਿਤ ਸਿਹਤ ਸੇਵਾਵਾਂ ਵਿੱਚ ਰੁਕਾਵਟ ਦੀ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ। ਹਸਪਤਾਲਾਂ ਤੋਂ ਮਿਲੇ ਜਵਾਬ ਅਤੇ ਇਸ ਦੌਰਾਨ ਪੇਸ਼ ਕੀਤੇ ਗਏ ਦਾਅਵਿਆਂ ਦੀ ਗਿਣਤੀ ਤੋਂ ਵੀ ਸਪੱਸ਼ਟ ਹੈ ਕਿ ਲਾਭਪਾਤਰੀਆਂ ਨੂੰ ਯੋਜਨਾ ਤਹਿਤ ਸਿਹਤ ਸੇਵਾਵਾਂ ਮਿਲਦੀਆਂ ਰਹੀਆਂ।

**12 ਹਜ਼ਾਰ ਕਰੋੜ ਰੁਪਏ ਦੇ ਬਕਾਏ ਦੀ ਖ਼ਬਰ ਨੂੰ ਦੱਸਿਆ ਭਰਮਾਊ:**

ਰਾਜ ਸਿਹਤ ਅਥਾਰਟੀ ਨੇ ਕੁਝ ਅਖਬਾਰਾਂ ਵਿੱਚ ਆਯੁਸਮਾਨ ਭਾਰਤ ਯੋਜਨਾ ਤਹਿਤ ਹਸਪਤਾਲਾਂ ਦੇ 12,000 ਕਰੋੜ ਰੁਪਏ ਦੇ ਬਕਾਏ ਨਾਲ ਜੁੜੀਆਂ ਖ਼ਬਰਾਂ ਨੂੰ ਤੱਥਾਤਮਕ ਤੌਰ 'ਤੇ ਸਹੀ ਨਹੀਂ ਦੱਸਿਆ ਹੈ। ਐਸ.ਐਚ.ਏ. ਨੇ ਕਿਹਾ ਕਿ ਇਸ ਤਰ੍ਹਾਂ ਦੀ ਜਾਣਕਾਰੀ ਨਾਲ ਲਾਭਪਾਤਰੀਆਂ ਅਤੇ ਆਮ ਲੋਕਾਂ ਵਿੱਚ ਬੇਲੋੜਾ ਭਰਮ ਪੈਦਾ ਹੁੰਦਾ ਹੈ। ਯੋਜਨਾ ਤਹਿਤ ਭੁਗਤਾਨ ਅਤੇ ਦਾਅਵਿਆਂ ਦੀ ਅਸਲ ਸਥਿਤੀ ਨਿਰਧਾਰਤ ਪ੍ਰਕਿਰਿਆ ਅਨੁਸਾਰ ਜਾਂਚੀ ਜਾਂਦੀ ਹੈ।

ਅਥਾਰਟੀ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਪੁਸ਼ਟ ਖ਼ਬਰਾਂ ਜਾਂ ਅਧੂਰੀ ਜਾਣਕਾਰੀ 'ਤੇ ਭਰੋਸਾ ਨਾ ਕਰਨ ਅਤੇ ਸਿਰਫ਼ ਸਹੀ ਅਤੇ ਅਧਿਕਾਰਤ ਜਾਣਕਾਰੀ 'ਤੇ ਹੀ ਵਿਸ਼ਵਾਸ ਕਰਨ।

**ਇਲਾਜ ਤੋਂ ਮਨ੍ਹਾ ਕਰਨ ਦੀ ਸ਼ਿਕਾਇਤ 'ਤੇ ਹੋਵੇਗੀ ਜਾਂਚ :**

ਰਾਜ ਸਿਹਤ ਅਥਾਰਟੀ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਕਿਸੇ ਲਾਭਪਾਤਰੀ ਵੱਲੋਂ ਇਹ ਸ਼ਿਕਾਇਤ ਮਿਲਦੀ ਹੈ ਕਿ 31 ਅਗਸਤ ਜਾਂ 1 ਸਤੰਬਰ ਨੂੰ ਕਿਸੇ ਸੂਚੀਬੱਧ ਹਸਪਤਾਲ ਨੇ ਆਯੁਸਮਾਨ ਭਾਰਤ ਯੋਜਨਾ ਤਹਿਤ ਇਲਾਜ ਕਰਨ ਤੋਂ ਮਨ੍ਹਾ ਕੀਤਾ, ਤਾਂ ਉਸ ਮਾਮਲੇ ਦੀ ਨਿਰਧਾਰਤ ਪ੍ਰਕਿਰਿਆ ਅਨੁਸਾਰ ਜਾਂਚ ਕੀਤੀ ਜਾਵੇਗੀ।

ਐਸ.ਐਚ.ਏ. ਸ਼ਿਕਾਇਤਾਂ ਅਤੇ ਹਸਪਤਾਲਾਂ ਤੋਂ ਮਿਲੀ ਜਾਣਕਾਰੀ ਦੀ ਸਮੀਖਿਆ ਕਰੇਗਾ। ਜੇਕਰ ਜਾਂਚ ਵਿੱਚ ਕਿਸੇ ਹਸਪਤਾਲ ਵੱਲੋਂ ਯੋਗ ਲਾਭਪਾਤਰੀ ਨੂੰ ਯੋਜਨਾ ਤਹਿਤ ਇਲਾਜ ਦੇਣ ਤੋਂ ਮਨ੍ਹਾ ਕਰਨ ਜਾਂ ਜਾਣਬੁੱਝ ਕੇ ਇਲਾਜ ਵਿੱਚ ਰੁਕਾਵਟ ਪਾਉਣ ਦੀ ਗੱਲ ਸਹੀ ਪਾਈ ਜਾਂਦੀ ਹੈ, ਤਾਂ ਸਬੰਧਤ ਹਸਪਤਾਲ ਖਿਲਾਫ ਨਿਯਮਾਂ ਅਨੁਸਾਰ ਉਚਿਤ ਕਾਰਵਾਈ ਕੀਤੀ ਜਾਵੇਗੀ।

**ਲਾਭਪਾਤਰੀਆਂ ਤੋਂ ਇਲਾਜ ਜਾਰੀ ਰੱਖਣ ਦੀ ਅਪੀਲ :**

ਰਾਜ ਸਿਹਤ ਅਥਾਰਟੀ ਨੇ ਆਯੁਸਮਾਨ ਭਾਰਤ-ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ ਦੇ ਸਾਰੇ ਯੋਗ ਪਰਿਵਾਰਾਂ ਨੂੰ ਭਰੋਸਾ ਦਿਵਾਇਆ ਹੈ ਕਿ ਉਹ ਨਿਰਧਾਰਤ ਪ੍ਰਕਿਰਿਆ ਤਹਿਤ ਪ੍ਰਦੇਸ਼ ਦੇ ਸੂਚੀਬੱਧ ਹਸਪਤਾਲਾਂ ਵਿੱਚ ਆਪਣਾ ਇਲਾਜ ਜਾਰੀ ਰੱਖ ਸਕਦੇ ਹਨ। ਲਾਭਪਾਤਰੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਕਿਸੇ ਅਫਵਾਹ, ਅਪੁਸ਼ਟ ਸੂਚਨਾ ਜਾਂ ਭਰਮਾਊ ਖ਼ਬਰ ਤੋਂ ਪ੍ਰਭਾਵਿਤ ਨਾ ਹੋਣ।

ਹਰਿਆਣਾ ਸਰਕਾਰ ਦੀ ਪਹਿਲ ਪ੍ਰਦੇਸ਼ ਦੇ ਯੋਗ ਨਾਗਰਿਕਾਂ ਨੂੰ ਸਮੇਂ 'ਤੇ, ਆਸਾਨੀ ਨਾਲ ਅਤੇ ਬਿਹਤਰ ਸਿਹਤ ਸੇਵਾਵਾਂ ਉਪਲਬਧ ਕਰਵਾਉਣਾ ਹੈ। ਰਾਜ ਸਰਕਾਰ ਆਯੁਸਮਾਨ ਭਾਰਤ ਯੋਜਨਾ ਦੇ ਪ੍ਰਭਾਵਸ਼ਾਲੀ ਸੰਚਾਲਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਯੋਗ ਲਾਭਪਾਤਰੀਆਂ ਨੂੰ ਇਲਾਜ ਲੈਣ ਵਿੱਚ ਕਿਸੇ ਪ੍ਰਕਾਰ ਦੀ ਪਰੇਸ਼ਾਨੀ ਨਾ ਆਵੇ। ਰਾਜ ਸਿਹਤ ਅਥਾਰਟੀ ਵੱਲੋਂ ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਅਤੇ ਸੂਚੀਬੱਧ ਹਸਪਤਾਲਾਂ ਨਾਲ ਲਗਾਤਾਰ ਤਾਲਮੇਲ ਕੀਤਾ ਜਾ ਰਿਹਾ ਹੈ, ਤਾਂ ਜੋ ਯੋਜਨਾ ਤਹਿਤ ਸਿਹਤ ਸੇਵਾਵਾਂ ਅਤੇ ਇਲਾਜ ਦੀ ਵਿਵਸਥਾ ਸੁਚਾਰੂ ਰੂਪ ਨਾਲ ਚੱਲਦੀ ਰਹੇ।

# ਮਹਿਲਾ ਸਸ਼ਕਤੀਕਰਨ ਅਤੇ ਸੁਰੱਖਿਅਤ ਕੰਮਕਾਜੀ ਥਾਂ ਨੂੰ ਉਤਸ਼ਾਹਤ ਕਰਨ ਲਈ ਦਿੱਤੇ ਜਾਣਗੇ 'ਮਹਿਲਾ ਸਮਰਥ ਸੰਸਥਾਨ ਪੁਰਸਕਾਰ

**ਚੰਡੀਗੜ੍ਹ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਨੇ ਸੂਬੇ ਵਿੱਚ ਔਰਤਾਂ ਲਈ ਸੁਰੱਖਿਅਤ, ਸਨਮਾਨਜਨਕ ਅਤੇ ਸਮਾਵੇਸ਼ੀ ਕੰਮਕਾਜੀ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਲਈ 'ਮਹਿਲਾ ਸਮਰਥ ਸੰਸਥਾਨ ਪੁਰਸਕਾਰ' ਪਹਿਲ ਸ਼ੁਰੂ ਕੀਤੀ ਹੈ।

ਇੱਕ ਸਰਕਾਰੀ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਯੋਜਨਾ ਦਾ ਮੁੱਖ ਉਦੇਸ਼ ਕੰਮਕਾਜੀ ਥਾਵਾਂ ਨੂੰ ਜੈਂਡਰ-ਸੰਵੇਦਨਸ਼ੀਲ ਬਣਾਉਣਾ, ਪੋਸ਼ ਐਕਟ (2013) ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣਾ, ਰੁਜ਼ਗਾਰ ਅਤੇ ਲੀਡਰਸ਼ਿਪ ਵਿੱਚ ਔਰਤਾਂ ਦੀ ਭਾਗੀਦਾਰੀ ਵਧਾਉਣਾ ਅਤੇ ਬਾਲ ਦੇਖਭਾਲ, ਲਚਕਦਾਰ ਕੰਮ ਸ਼ੈਲੀ ਅਤੇ ਸ਼ਿਕਾਇਤ ਨਿਵਾਰਨ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਹੈ।

ਉਨ੍ਹਾਂ ਦੱਸਿਆ ਕਿ ਇਸ ਰਾਜ ਪੱਧਰੀ ਪਛਾਣ ਅਤੇ ਪ੍ਰੋਤਸਾਹਨ ਯੋਜਨਾ ਲਈ ਕੁੱਲ 23.75 ਲੱਖ ਰੁਪਏ ਦਾ ਬਜਟ ਨਿਰਧਾਰਤ ਕੀਤਾ ਗਿਆ ਹੈ, ਜਿਸ ਤਹਿਤ 5 ਵੱਖ-ਵੱਖ ਸ਼੍ਰੇਣੀਆਂ ਵਿੱਚ ਕੁੱਲ 25 ਪੁਰਸਕਾਰ ਦਿੱਤੇ ਜਾਣਗੇ।

ਇਨ੍ਹਾਂ 5 ਸ਼੍ਰੇਣੀਆਂ ਵਿੱਚ ਸਰਕਾਰੀ ਵਿਭਾਗ/ਬੋਰਡ/ਨਿਗਮ/ਆਯੋਗ ਅਤੇ ਜਨਤਕ ਖੇਤਰ ਦੇ ਅਦਾਰੇ, ਖੁਦਮੁਖਤਿਆਰ ਸੰਸਥਾਵਾਂ/ਨਿੱਜੀ ਕੰਪਨੀਆਂ, ਉਦਯੋਗਿਕ ਇਕਾਈਆਂ, ਸੂਖਮ, ਲਘੂ ਅਤੇ ਮੱਧ ਉਦਯੋਗ ਸਿੱਖਿਆ ਸੰਸਥਾਵਾਂ/ਹਸਪਤਾਲ/ਸੇਵਾ ਖੇਤਰ ਦੇ ਅਦਾਰੇ ਅਤੇ ਗੈਰ-ਸਰਕਾਰੀ ਸੰਗਠਨ ਸ਼ਾਮਲ ਹਨ। ਹਰੇਕ ਸ਼੍ਰੇਣੀ ਲਈ 4.75 ਲੱਖ ਰੁਪਏ ਦਾ ਬਜਟ ਅਲਾਟ ਕੀਤਾ ਗਿਆ ਹੈ ਅਤੇ ਹਰ ਸ਼੍ਰੇਣੀ ਵਿੱਚ 5-5 ਪੁਰਸਕਾਰ ਪ੍ਰਦਾਨ ਕੀਤੇ ਜਾਣਗੇ।

ਸਰਕਾਰ ਨੇ ਇੱਛੁਕ ਅਤੇ ਯੋਗ ਸੰਸਥਾਵਾਂ ਤੋਂ ਆਨਲਾਈਨ ਅਰਜ਼ੀਆਂ ਦੀ ਮੰਗ ਕੀਤੀ ਹੈ। ਅਰਜ਼ੀ ਦੀ ਆਖਰੀ ਮਿਤੀ 20 ਸਤੰਬਰ, 2026 ਨਿਰਧਾਰਤ ਕੀਤੀ ਗਈ ਹੈ।

ਬੁਲਾਰੇ ਨੇ ਸਪੱਸ਼ਟ ਕੀਤਾ ਕਿ ਸਿਰਫ਼ ਅਧਿਕਾਰਤ ਪੋਰਟਲ ਰਾਹੀਂ ਉਪਲਬਧ ਪੋਰਟਲ 'ਤੇ ਹੀ ਆਨਲਾਈਨ ਅਰਜ਼ੀਆਂ ਸਵੀਕਾਰ ਕੀਤੀਆਂ ਜਾਣਗੀਆਂ। ਡਾਕ, ਕੋਰੀਅਰ ਜਾਂ ਆਫ਼ਲਾਈਨ ਮਾਧਿਅਮ ਰਾਹੀਂ ਭੇਜੀਆਂ ਗਈਆਂ ਅਰਜ਼ੀਆਂ ਯੋਗ ਨਹੀਂ ਮੰਨੀਆਂ ਜਾਣਗੀਆਂ ਅਤੇ ਅਧੂਰੇ ਜਾਂ ਗਲਤ ਫਾਰਮੈਟ ਵਿੱਚ ਜਮ੍ਹਾਂ ਕੀਤੀਆਂ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਜਾਵੇਗਾ। ਵਿਭਾਗ ਦੀ ਅਧਿਕਾਰਤ ਵੈੱਬਸਾਈਟ 'ਤੇ ਫਾਰਮ, ਮੁਲਾਂਕਣ ਢਾਂਚਾ, ਯੋਗਤਾ ਮਾਪਦੰਡ, ਦਿਸ਼ਾ-ਨਿਰਦੇਸ਼ ਅਤੇ ਨਿਯਮ ਤੇ ਸ਼ਰਤਾਂ ਉਪਲਬਧ ਹਨ।

# ਐਸ.ਜੀ.ਐਸ.ਟੀ. ਇੱਕਠਾ ਵਿੱਚ ਹਰਿਆਣਾ ਨੇ ਦੇਸ਼ ਭਰ ਵਿੱਚ ਦਰਜ ਕੀਤਾ ਸਭ ਤੋਂ ਵੱਧ ਵਾਧਾ

**ਚੰਡੀਗੜ੍ਹ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਨੇ ਚਾਲੂ ਵਿੱਤ ਸਾਲ 2026-27 ਦੇ ਪਹਿਲੇ ਪੰਜ ਮਹੀਨਿਆਂ ਵਿੱਚ ਰਾਜ ਜੀ.ਐਸ.ਟੀ. (ਐਸ.ਜੀ.ਐਸ.ਟੀ.) ਕੁਲੈਕਸ਼ਨ ਵਿੱਚ 29 ਫੀਸਦੀ ਦਾ ਵਾਧਾ ਦਰਜ ਕੀਤਾ ਹੈ, ਜੋ ਦੇਸ਼ ਦੇ ਸਾਰੇ ਰਾਜਾਂ ਵਿੱਚੋਂ ਸਭ ਤੋਂ ਵੱਧ ਹੈ। ਇਸ ਮਿਆਦ ਦੌਰਾਨ ਸੂਬੇ ਦਾ ਐਸ.ਜੀ.ਐਸ.ਟੀ. ਕੁਲੈਕਸ਼ਨ 24,662 ਕਰੋੜ ਰੁਪਏ ਰਿਹਾ, ਜਦਕਿ ਪਿਛਲੇ ਵਿੱਤ ਸਾਲ ਦੀ ਇਸੇ ਮਿਆਦ ਵਿੱਚ ਇਹ 19,174 ਕਰੋੜ ਰੁਪਏ ਸੀ। ਰਾਜ ਦਾ ਇਹ ਵਾਧਾ ਰਾਸ਼ਟਰੀ ਔਸਤ ਵਿਕਾਸ ਦਰ 16 ਫੀਸਦੀ ਨਾਲੋਂ ਲਗਭਗ ਦੁਗਣਾ ਹੈ।

ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਅਗਸਤ 2026 ਵਿੱਚ ਵੀ ਹਰਿਆਣਾ ਨੇ ਐਸ.ਜੀ.ਐਸ.ਟੀ. ਕੁਲੈਕਸ਼ਨ ਵਿੱਚ ਸ਼ਾਨਦਾਰ ਵਾਧਾ ਦਰਜ ਕੀਤਾ ਹੈ। ਇਸ ਮਹੀਨੇ ਰਾਜ ਨੂੰ ਐਸ.ਜੀ.ਐਸ.ਟੀ. (ਸਮਾਯੋਜਨ ਤੋਂ ਬਾਅਦ) ਤੋਂ 4,982 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ, ਜਦਕਿ ਪਿਛਲੇ ਸਾਲ ਅਗਸਤ ਮਹੀਨੇ ਵਿੱਚ ਇਹ ਕੁਲੈਕਸ਼ਨ 4,119 ਕਰੋੜ ਰੁਪਏ ਸੀ। ਇਸ ਤਰ੍ਹਾਂ ਅਗਸਤ 2026 ਵਿੱਚ ਐਸ.ਜੀ.ਐਸ.ਟੀ. ਕੁਲੈਕਸ਼ਨ ਵਿੱਚ 21 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ, ਜੋ ਰਾਸ਼ਟਰੀ ਔਸਤ ਵਿਕਾਸ ਦਰ 13 ਫੀਸਦੀ ਤੋਂ ਵੱਧ ਹੈ।

ਬੁਲਾਰੇ ਨੇ ਦੱਸਿਆ ਕਿ ਹਰਿਆਣਾ ਵਿੱਚ ਮੌਜੂਦਾ ਸਮੇਂ ਵਿੱਚ ਕੁੱਲ 6.63 ਲੱਖ ਜੀ.ਐਸ.ਟੀ. ਟੈਕਸਦਾਤੇ ਹਨ। ਇਹ ਗਿਣਤੀ ਦੇਸ਼ ਦੇ ਕੁੱਲ ਜੀ.ਐਸ.ਟੀ. ਟੈਕਸਦਾਤਿਆਂ ਦੀ 4 ਫੀਸਦੀ ਤੋਂ ਵੀ ਘੱਟ ਹੈ। ਇਸ ਦੇ ਬਾਵਜੂਦ ਦੇਸ਼ ਦੇ ਕੁੱਲ ਜੀ.ਐਸ.ਟੀ. ਕੁਲੈਕਸ਼ਨ (ਐਸਜੀਐਸਟੀ+ਸੀਜੀਐਸਟੀ+ਆਈਜੀਐਸਟੀ) ਵਿੱਚ ਹਰਿਆਣਾ ਦਾ ਯੋਗਦਾਨ ਲਗਭਗ 7.7 ਫੀਸਦੀ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸੂਬੇ ਵਿੱਚ ਵੈਟ/ਸੀ.ਐਸ.ਟੀ. ਕੁਲੈਕਸ਼ਨ ਵਿੱਚ ਵੀ ਸ਼ਾਨਦਾਰ ਵਾਧਾ ਦਰਜ ਕੀਤਾ ਗਿਆ ਹੈ। ਵਿੱਤ ਸਾਲ 2026-27 ਦੇ ਪਹਿਲੇ ਪੰਜ ਮਹੀਨਿਆਂ ਵਿੱਚ ਵੈਟ/ਸੀ.ਐਸ.ਟੀ. ਤੋਂ 5,768 ਕਰੋੜ ਰੁਪਏ ਦਾ ਕੁਲੈਕਸ਼ਨ ਹੋਇਆ ਹੈ, ਜਦਕਿ ਪਿਛਲੇ ਸਾਲ ਇਸੇ ਮਿਆਦ ਵਿੱਚ ਇਹ 5,067 ਕਰੋੜ ਰੁਪਏ ਸੀ। ਇਸ ਤਰ੍ਹਾਂ ਵੈਟ/ਸੀ.ਐਸ.ਟੀ. ਕੁਲੈਕਸ਼ਨ ਵਿੱਚ 13.8 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ।

# ਆਨਲਾਈਨ ਅਰਜ਼ੀ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 30 ਸਤੰਬਰ 2026

**ਗੁਰਦਾਸਪੁਰ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਐਮ.ਸ਼੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ, ਦਬੂੜੀ ਵਿਖੇ ਸੈਸ਼ਨ 2027-28 ਲਈ ਜਮਾਤ ।✓ ਅਤੇ ✓9 ਵਿੱਚ ਖਾਲੀ ਸੀਟਾਂ ਨੂੰ ਭਰਨ ਲਈ 2027 ਰਾਹੀਂ ਦਾਖਲੇ ਲਈ ਆਨਲਾਈਨ ਰਜਿਸਟ੍ਰੇਸ਼ਨ ਪੋਰਟਲ ਸ਼ੁਰੂ ਕਰ ਦਿੱਤਾ ਗਿਆ ਹੈ।

ਨਰੇਸ਼ ਕੁਮਾਰ ਪਿ੍ਰੰਸੀਪਲ ਜਵਾਹਰ ਨਵੋਦਿਆ ਵਿਦਿਆਲਿਆ, ਦਬੂੜੀ ਨੇ ਦੱਸਿਆ ਕਿ ਕਲਾਸਾਂ ।✓ ਅਤੇ ✓9 ਲਈ ਲੇਟਰਲ ਐਂਟਰੀ ਸਿਲੈਕਸ਼ਨ ਟੈਸਟ ਸੈਸ਼ਨ 2027-28 ਲਈ ਦਾਖਲੇ ਹੇਤੂ 10 ਅਪ੍ਰੈਲ 2027 (ਸ਼ਨੀਵਾਰ) ਨੂੰ ਹੋਵੇਗਾ। ਯੋਗ ਉਮੀਦਵਾਰ ਜੋ ਸੈਸ਼ਨ 2026-27 ਵਿੱਚ ਕਲਾਸ ੭999 (ਕਲਾਸ 9✓ ਵਿੱਚ ਦਾਖਲੇ ਲਈ) ਵਿੱਚ ਪੜ੍ਹ ਰਹੇ ਹਨ ਉਹ ਤੇ ਜਾ ਕੇ ਮੁਫ਼ਤ ਅਪਲਾਈ ਕਰ ਸਕਦੇ ਹਨ ਅਤੇ ਕਲਾਸ ✓ (ਕਲਾਸ ✓9 ਵਿੱਚ ਦਾਖਲੇ ਲਈ) ਵਿੱਚ ਪੜ੍ਹ ਰਹੇ ਹਨ, ਉਹ ਤੇ ਜਾ ਕੇ ਮੁਫ਼ਤ ਅਪਲਾਈ ਕਰ ਸਕਦੇ ਹਨ।

ਆਨਲਾਈਨ ਅਰਜ਼ੀ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 30 ਸਤੰਬਰ 2026 ਹੈ। ਪ੍ਰਾਸਪੈਕਟਸ ਰਜਿਸਟ੍ਰੇਸ਼ਨ ਪੋਰਟਲ 'ਤੇ ਉਪਲਬਧ ਹੈ।

# ਹਰਿਆਣਾ ਵਿੱਚ ਖੇਤੀ ਨੂੰ ਕਿਫ਼ਾਇਤੀ ਅਤੇ ਲਾਹੇਵੰਦ ਬਣਾਉਣ ਲਈ ਵੱਡਾ ਕਦਮ

**ਚੰਡੀਗੜ੍ਹ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿੱਚ ਖੇਤੀ ਲਾਗਤ ਘਟਾਉਣ, ਕਿਸਾਨਾਂ ਦੀ ਆਮਦਨ ਵਧਾਉਣ ਅਤੇ ਵਾਤਾਵਰਣ-ਪੱਖੀ ਖੇਤੀ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਸੂਬਾ ਸਰਕਾਰ ਨੇ ਵੱਡੇ ਨੀਤੀਗਤ ਕਦਮ ਚੁੱਕਣ ਦੀ ਤਿਆਰੀ ਕੀਤੀ ਹੈ।

ਚੰਡੀਗੜ੍ਹ ਸਥਿਤ ਆਪਣੇ ਦਫ਼ਤਰ ਵਿੱਚ ਮਿਸ਼ਨ ਫਾਰ ਆਤਮਨਿਰਭਰਤਾ ਇਨ ਪਲਸੀਜ਼ ਵਿਸ਼ੇ 'ਤੇ ਆਯੋਜਿਤ ਇੱਕ ਉੱਚ-ਪੱਧਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਕਿ ਉਹ ਸੂਬੇ ਵਿੱਚ ਖੇਤਰਵਾਰ ਜਲਵਾਯੂ ਹਾਲਤਾਂ ਨੂੰ ਧਿਆਨ ਵਿੱਚ ਰੱਖਦਿਆਂ ਇੱਕ ਵਿਸ਼ੇਸ਼ 'ਫ਼ਸਲੀ-ਕੈਲੰਡਰ' ਤਿਆਰ ਕਰਨ। ਇਸ ਕੈਲੰਡਰ ਰਾਹੀਂ ਕਿਸਾਨਾਂ ਦੀ ਸਹੀ ਅਗਵਾਈ ਕੀਤੀ ਜਾਵੇਗੀ, ਤਾਂ ਜੋ ਉਹ ਘੱਟ ਲਾਗਤ ਵਿੱਚ ਵੱਧ ਤੋਂ ਵੱਧ ਮੁਨਾਫ਼ਾ ਕਮਾ ਸਕਣ।

ਇਸ ਮੀਟਿੰਗ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਵਿਜੇਂਦਰ ਕੁਮਾਰ, ਡਾਇਰੈਕਟਰ ਸ੍ਰੀ ਰਾਜਨਾਰਾਇਣ ਕੌਸ਼ਿਕ, ਵਧੀਕ ਨਿਦੇਸ਼ਕ ਸ੍ਰੀ ਰਾਮਪ੍ਰਤਾਪ ਸਿਹਾਗ ਅਤੇ ਡਾ. ਦੇਵੇਂਦਰ ਸਿਹਾਗ ਸਮੇਤ ਕਈ ਸੀਨੀਅਰ ਅਧਿਕਾਰੀ ਹਾਜ਼ਰ ਸਨ।

ਖੇਤੀਬਾੜੀ ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਕਿਸਾਨਾਂ ਨੂੰ ਅਜਿਹੀਆਂ ਫ਼ਸਲਾਂ ਦੀ ਬਿਜਾਈ ਲਈ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ ਜਿਨ੍ਹਾਂ ਵਿੱਚ ਖਾਦ ਅਤੇ ਪਾਣੀ ਦੀ ਘੱਟੋ-ਘੱਟ ਖਪਤ ਹੋਵੇ। ਉਨ੍ਹਾਂ ਝੋਨੇ ਅਤੇ ਦਾਲਾਂ ਵਰਗੀਆਂ ਫ਼ਸਲਾਂ ਦੀਆਂ ਅਜਿਹੀਆਂ ਉੱਤਮ ਕਿਸਮਾਂ ਦੀ ਪਛਾਣ ਕਰਨ 'ਤੇ ਖਾਸ ਜ਼ੋਰ ਦਿੱਤਾ ਜਿਨ੍ਹਾਂ ਦਾ ਵਿਦੇਸ਼ਾਂ ਵਿੱਚ ਵੀ ਨਿਰਯਾਤ ਕੀਤਾ ਜਾ ਸਕੇ। ਇਸ ਨਾਲ ਨਾ ਸਿਰਫ਼ ਕਿਸਾਨਾਂ ਨੂੰ ਆਪਣੀ ਉਪਜ ਦਾ ਬਿਹਤਰ ਮੁੱਲ ਅਤੇ ਚੰਗੀ ਆਮਦਨ ਮਿਲੇਗੀ, ਸਗੋਂ ਨਿਰਯਾਤ ਵਧਣ ਨਾਲ ਦੇਸ਼ ਦੀ ਜੀ.ਡੀ.ਪੀ. ਵਿੱਚ ਵੀ ਸਕਾਰਾਤਮਕ ਵਾਧਾ ਹੋਵੇਗਾ। ਆਉਣ ਵਾਲੇ ਸੀਜ਼ਨ ਲਈ ਫ਼ਸਲਾਂ ਦੇ ਉੱਤਮ ਬੀਜਾਂ ਦੀ ਉਪਲਬਧਤਾ ਦੀ ਸਮੀਖਿਆ ਕਰਦਿਆਂ ਉਨ੍ਹਾਂ ਕਿਹਾ ਕਿ ਕਿਸੇ ਵੀ ਫ਼ਸਲ ਦੇ ਬਿਹਤਰ ਉਤਪਾਦਨ ਵਿੱਚ ਬੀਜ ਦਾ ਸਭ ਤੋਂ ਵੱਡਾ ਯੋਗਦਾਨ ਹੁੰਦਾ ਹੈ, ਇਸ ਲਈ ਅਧਿਕਾਰੀਆਂ ਨੂੰ ਕਿਸਾਨਾਂ ਨੂੰ ਸਿਰਫ਼ ਪ੍ਰਮਾਣਿਤ ਅਤੇ ਉੱਨਤ ਕਿਸਮ ਦੇ ਬੀਜ ਖਰੀਦਣ ਲਈ ਹੀ ਪ੍ਰੇਰਿਤ ਕਰਨਾ ਚਾਹੀਦਾ ਹੈ।

ਕੁਦਰਤੀ ਖੇਤੀ ਨੂੰ ਜ਼ਮੀਨੀ ਪੱਧਰ 'ਤੇ ਉਤਾਰਨ ਅਤੇ ਰਸਾਇਣਕ ਖਾਦਾਂ 'ਤੇ ਨਿਰਭਰਤਾ ਘਟਾਉਣ ਲਈ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਇੱਕ ਅਨੋਖੀ ਪਹਿਲ ਦਾ ਸੁਝਾਅ ਦਿੱਤਾ।

ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਗਊਸ਼ਾਲਾਵਾਂ ਵਿੱਚ ਗਾਵਾਂ ਦੇ ਗੋਬਰ ਅਤੇ ਗਊਂ ਮੂਤਰ ਤੋਂ 'ਜੀਵਾਮ੍ਰਿਤ' ਤਿਆਰ ਕਰਕੇ ਕਿਸਾਨਾਂ ਨੂੰ ਮੁਫ਼ਤ ਮੁਹੱਈਆ ਕਰਵਾਉਣ ਦੀਆਂ ਸੰਭਾਵਨਾਵਾਂ ਦੀ ਭਾਲ ਕਰਨ, ਤਾਂ ਜੋ ਕਿਸਾਨ ਕੁਦਰਤੀ ਖੇਤੀ ਜ਼ਰੀਏ ਆਪਣਾ ਉਤਪਾਦਨ ਵਧਾ ਸਕਣ। ਇਸ ਲਈ ਉਨ੍ਹਾਂ ਨੇ ਇੱਕ ਸਮਰਪਿਤ ਪਾਇਲਟ ਪ੍ਰੋਜੈਕਟ ਬਣਾ ਕੇ ਕੰਮ ਕਰਨ ਦੀ ਸਲਾਹ ਦਿੱਤੀ।

ਇਸ ਦੇ ਨਾਲ ਹੀ, ਖੇਤੀ ਵਿੱਚ ਮਿਹਨਤ ਅਤੇ ਲਾਗਤ ਨੂੰ ਘਟਾਉਣ ਦੇ ਉਦੇਸ਼ ਨਾਲ ਮੰਤਰੀ ਨੇ ਕਪਾਹ ਅਤੇ ਦਾਲ ਵਾਲੀਆਂ ਫ਼ਸਲਾਂ ਦੀ ਕਟਾਈ ਅਤੇ ਗਹਾਈ ਲਈ ਆਧੁਨਿਕ ਮਸ਼ੀਨੀਕਰਨ ਨੂੰ ਅਪਣਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਅਧਿਕਾਰੀਆਂ ਨੂੰ ਬਿਜਾਈ ਤੋਂ ਲੈ ਕੇ ਕਟਾਈ ਤੱਕ ਅਜਿਹੇ ਵਿਗਿਆਨਕ ਪ੍ਰਬੰਧਨ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਜਿਸ ਨਾਲ ਖੇਤੀ ਦਾ ਖਰਚਾ ਘੱਟ ਹੋਵੇ ਅਤੇ ਇਹ ਕਿਸਾਨਾਂ ਲਈ ਆਰਥਿਕ ਤੌਰ 'ਤੇ ਬਹੁਤ ਜ਼ਿਆਦਾ ਲਾਹੇਵੰਦ ਸਾਬਤ ਹੋ ਸਕੇ।

# ਜ਼ਿਲ੍ਹਾ ਮੈਜਿਸਟ੍ਰੇਟ ਫਾਜ਼ਿਲਕਾ ਵੱਲੋਂ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ

**ਫਾਜ਼ਿਲਕਾ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਮੈਜਿਸਟ੍ਰੇਟ ਫਾਜ਼ਿਲਕਾ ਅਮਰਪ੍ਰੀਤ ਕੌਰ ਸੰਧੂ ਆਈ.ਏ.ਐਸ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫਾਜ਼ਿਲਕ 'ਚ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ। ਇਹ ਆਦੇਸ਼ 31 ਅਕਤੂਬਰ 2026 ਤੱਕ ਲਾਗੂ ਰਹਿਣਗੇ।

ਸਰਕਾਰੀ ਇਮਾਰਤਾਂ ਅਤੇ ਪਾਣੀ ਦੀਆਂ ਟੈਂਕੀਆਂ ਉੱਪਰ ਆਮ ਜਨਤਾ/ਵਿਅਕਤੀਆਂ/ਪ੍ਰਦਰਸ਼ਨਕਾਰੀਆਂ ਨੂੰ ਚੜ੍ਹਨ ਤੇ ਪਾਬੰਦੀ

ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਫਾਜ਼ਿਲਕਾ ਦੀ ਹਦੂਦ ਅੰਦਰ ਪੈਂਦੀਆਂ ਸਾਰੀਆਂ ਸਰਕਾਰੀ ਇਮਾਰਤਾਂ ਅਤੇ ਪਾਣੀ ਦੀਆਂ ਟੈਂਕੀਆਂ ਉੱਪਰ ਆਮ ਜਨਤਾ/ਵਿਅਕਤੀਆਂ/ਪ੍ਰਦਰਸ਼ਨਕਾਰੀਆਂ ਨੂੰ ਚੜ੍ਹਨ ਤੇ ਪੂਰਨ ਤੌਰ ਤੇ ਪਾਬੰਦੀ ਲਗਾਈ ਹੈ।

ਉਨ੍ਹਾਂ ਜ਼ਿਲ੍ਹੇ ਫਾਜਿਲਕਾ ਦੀ ਹਦੂਦ ਅੰਦਰ ਪੈਂਦੀਆਂ ਸਾਰੀਆਂ ਸਰਕਾਰੀ ਇਮਾਰਤਾਂ ਅਤੇ ਪਾਣੀ ਦੀਆਂ ਟੈਂਕੀਆਂ ਆਦਿ ਦੀ ਸੁਰੱਖਿਆ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕਰਦੀ ਹਾਂ ਕਿ ਉਹ ਆਪਣੇ ਅਧੀਨ ਆਉਂਦੇ ਅਧਿਕਾਰੀ/ ਕਰਮਚਾਰੀ/ਚੌਂਕੀਦਾਰ ਦੀ 24 ਘੰਟੇ ਲਈ ਡਿਊਟੀ ਲਗਾਈ ਜਾਵੇ, ਤਾਂ ਜੋ ਕਿਸੇ ਵੀ ਜਥੇਬੰਦੀ ਵੱਲੋਂ ਰੋਸ਼ ਪ੍ਰਦਰਸ਼ਨ ਦੀ ਕਾਰਵਾਈ ਨੂੰ ਰੋਕਿਆ ਜਾ ਸਕੇ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਫਾਜਿਲਕਾ ਵਿੱਚ ਸ਼ਾਮ ਨੂੰ ਸੂਰਜ ਡੁੱਬਣ ਤੋਂ ਬਾਅਦ ਅਤੇ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਗਊਵੰਸ਼ ਦੀ ਢੋਆ ਢੁਆਈ ਤੇ ਪੂਰਨ ਪਾਬੰਦੀ ਲਗਾਈ ਹੈ। ਹੁਕਮਾਂ ਵਿੱਚ ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਗਊਵੰਸ਼ ਰੱਖੇ ਹੋਏ ਹਨ ਉਹ ਪਸ਼ੂ ਪਾਲਣ ਵਿਭਾਗ ਪਾਸ ਰਜਿਸਟਰਡ ਕਰਵਾਉਣ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਜਿਲਾ ਫਾਜ਼ਿਲਕਾ ਦੀ ਹਦੂਦ ਅੰਦਰ ਪਤੰਗਾਂ ਆਦਿ ਦੀ ਵਰਤੋਂ ਲਈ ਚਾਈਨਾ ਡੋਰ ਵੇਚਣ, ਸਟੋਰ ਕਰਨ ਅਤੇ ਵਰਤੋਂ ਕਰਨ ਤੇ ਪੂਰਨ ਤੌਰ ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ । ਉਨ੍ਹਾਂ ਨੇ ਦੱਸਿਆ ਕਿ ਇਹ ਡੋਰ ਸੂਤੀ ਧਾਗੇ ਤੋਂ ਹਟ ਕੇ ਸਿੰਥੈਟਿਕ/ਪਲਾਸਟਿਕ ਦੀ ਬਣੀ ਹੁੰਦੀ ਹੈ ਜੋ ਕਾਫੀ ਮਜ਼ਬੂਤ, ਨਾ ਗਲਣਯੋਗ ਅਤੇ ਨਾ ਟੁੱਟਣਯੋਗ ਹੁੰਦੀ ਹੈ। ਇਸ ਡੋਰ ਦੀ ਵਰਤੋਂ ਨਾਲ ਹੱਥ/ਉਂਗਲਾਂ ਕੱਟਣ, ਸਾਇਕਲ/ਮੋਟਰਸਾਈਕਲ ਚਾਲਕਾਂ ਦੇ ਗਲੇ ਤੇ ਕੰਨ ਕੱਟਣ ਅਤੇ ਉੱਡਦੇ ਪੰਛੀਆਂ ਦੇ ਖੰਭਾਂ ਵਿੱਚ ਫਸ ਜਾਣ ਆਦਿ ਘਟਨਾਵਾਂ ਵਾਪਰ ਸਕਦੀਆਂ ਹਨ ਅਤੇ ਇਹ ਡੋਰ ਮਨੁੱਖੀ ਜਾਨਾਂ ਤੇ ਪਸ਼ੂ/ਪੰਛੀਆਂ ਲਈ ਘਾਤਕ ਸਿੱਧ ਹੁੰਦੀ ਹੈ ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਫਾਜ਼ਿਲਕਾ ਦੀ ਸਬ ਜੇਲ੍ਹ ਫਾਜ਼ਿਲਕਾ ਦੀ ਹਦੂਦ ਅੰਦਰ 500 ਮੀਟਰ ਏਰੀਏ ਨੂੰ ਨੋ ਡਰੋਨ ਫਲਾਇੰਗ ਜ਼ੋਨ ਐਲਾਨਿਆ ਹੈ। ਉਨ੍ਹਾਂ ਨੇ ਕਿਹਾ ਕਿ ਡਰੋਨ ਜੋ ਆਮ ਲੋਕਾਂ ਤੱਕ ਅਸਾਨੀ ਨਾਲ ਪਹੁੰਚ ਬਣਾ ਚੁਕਿਆ ਹੈ ਅਤੇ ਕੋਈ ਵੀ ਇਸ ਦੀ ਦੁਰਵਰਤੋ ਕਰਕੇ ਜੇਲ੍ਹਾਂ ਵਿੱਚ ਬੰਦ ਖਤਰਨਾਕ ਕੈਦੀਆਂ ਤੱਕ ਮੋਬਾਇਲ ਫੋਨ/ਡਰੱਗ ਹਥਿਆਰ ਅਤੇ ਉਨ੍ਹਾਂ ਨੂੰ ਭੱਜਣ ਵਿੱਚ ਮਦਦ ਕਰਨ ਵਾਲੀ ਸਮੱਗਰੀ ਦੀ ਸਪਲਾਈ ਕਰ ਸਕਦਾ ਹੈ। ਜਿਸ ਲਾਲ ਜ਼ਿਲ੍ਹੇ ਅੰਦਰ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਅਜਿਹੇ ਸਖਤ ਕਦਮ ਚੁੱਕਣ ਦੀ ਲੋੜ ਹੈ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਫਾਜ਼ਿਲਕਾ ਦੇ ਬਾਰਡਰ ਨੇੜਲੇ ਪਿੰਡਾਂ ਅਤੇ ਬੀ.ਓ.ਪੀਜ ਦੇ ਨੇੜੇ ਸ਼ਾਮ 6 ਵਜੇ ਤੋਂ ਸਵੇਰੇ 8 ਵਜੇ ਤੱਕ ਆਮ ਜਨਤਾ ਦੇ ਆਉਣ-ਜਾਣ *ਤੇ ਪਾਬੰਦੀ ਲਗਾਈ ਹੈ। ਇਹ ਹੁਕਮ 31 ਅਕਤੂਬਰ 2026 ਤੱਕ ਲਾਗੂ ਰਹਿਣਗੇ।

ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਡਰੋਨ ਗਤੀਵਿਧੀ ਵਧਣ ਨਾਲ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਧੀ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ।ਇਸ ਲਈ ਸਰਹਦੀ ਖੇਤਰ ਦੀ ਸੁਰੱਖਿਆ ਦੇ ਮੱਦੇਨਜਰ ਆਮ ਲੋਕਾਂ ਲਈ ਸਰਹਦੀ ਖੇਤਰਾਂ ਦੇ ਨਾਲ-ਨਾਲ ਬੀ.ਓ.ਪੀਜ ਦੇ ਨੇੜੇ ਆਉਣ-ਜਾਣ *ਤੇ ਪਾਬੰਦੀ ਰਹੇਗੀ। ਉਨ੍ਹਾਂ ਕਿਹਾ ਕਿ ਇਹ ਹੁਕਮ ਫੌਜ/ਬੀ.ਐਸ.ਐਫ/ਪੁਲਿਸ ਠੇਕੇਦਾਰਾ ਜਾਂ ਸਮਰੱਥ ਅਧਿਕਾਰੀ ਵੱਲੋ ਜਾਰੀ ਪਰਮਿਟ ਤੇ ਲਾਗੂ ਨਹੀਂ ਹੋਣਗੇ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲਾ ਫਾਜ਼ਿਲਕਾ ਦੀ ਹਦੂਦ ਅੰਦਰ ਕੋਬਰਾ/ਕੰਡਿਆਲੀ ਤਾਰ ਨੂੰ ਵੇਚਣ, ਖਰੀਦਣ ਅਤੇ ਵਰਤਣ ਉੱਤੇ ਪੂਰਨ ਤੌਰ 'ਤੇ ਪਾਬੰਦੀ ਦੇ ਹੁਕਮ ਦਿੱਤੇ ਹਨ। ਜ਼ਿਲਾ ਮੈਜਿਸਟ੍ਰੇਟ ਨੇ ਦੱਸਿਆ ਕਿ ਕਿਸਾਨਾਂ ਵੱਲੋਂ ਆਪਣੀ ਫ਼ਸਲਾਂ ਦੀ ਸੁਰੱਖਿਆ ਲਈ ਕੰਡਿਆਲੀ ਤਾਰ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਹੁਣ ਲੋਕਾਂ ਵੱਲੋਂ ਆਪਣੇ ਪਲਾਟ, ਖੇਤ ਅਤੇ ਹੋਰ ਪਾਸੇ ਜਿੱਥੇ ਵੇਖਿਆ ਜਾਵੇ ਫ਼ਸਲਾਂ ਦੀ ਸੁਰੱਖਿਆ ਲਈ ਕੰਡਿਆਲੀ ਤਾਰ ਦੇ ਨਾਲ-ਨਾਲ ਕੋਬਰਾ ਤਾਰ ਦੀ ਵਰਤੋਂ ਕਰਨੀ ਵੀ ਸ਼ੁਰੂ ਕਰ ਦਿੱਤੀ ਹੈ। ਜੋ ਕਿ ਬਹੁਤ ਤੇਜਧਾਰ ਵਾਲੀ ਹੁੰਦੀ ਹੈ ਜਿਸ ਨਾਲ ਕੁਦਰਤੀ ਜੀਵਾਂ ਨੂੰ ਜਾਨ ਦਾ ਖ਼ਤਰਾ ਹੁੰਦਾ ਹੈ। ਜ਼ਿਲਾ ਮੈਜਿਸਟਰੇਟ ਨੇ ਦੱਸਿਆ ਕਿ ਜ਼ਿਲੇ ਦੇ ਸਭ ਤੋਂ ਵੱਡੇ ਪਸ਼ੂ ਹਸਪਤਾਲ, ਗਊਸ਼ਾਲਾ ਦੌਲਤਪੁਰਾ ਅਤੇ ਸੈਂਚੁਰੀ ਏਰੀਆ ਵਿਖੇ 90 ਫੀਸਦੀ ਪਸ਼ੂ ਅਤੇ ਗਊਆਂ ਇਸ ਕੋਬਰਾ/ਕੰਡਿਆਲੀ ਤਾਰ ਤੋਂ ਜਖਮੀ ਹੈ। ਇਸ ਲਈ ਕੋਬਰਾ/ਕੰਡਿਆਲੀ ਤਾਰ ਨੂੰ ਵੇਚਣ, ਖਰੀਦਣ ਅਤੇ ਵਰਤਣ ਉੱਤੇ ਪੂਰਨ ਤੌਰ 'ਤੇ ਪਾਬੰਦੀ ਦੇ ਹੁਕਮ ਦਿੱਤੇ ਹਨ।

# ਫ਼ੌਜ ਵਿੱਚ ਭਰਤੀ ਲਈ ਪ੍ਰੀ-ਰਿਕਰੂਟਮੈਂਟ ਕੋਰਸ ਅੱਜ ਤੋਂ ਹੋਵੇਗਾ ਸ਼ੁਰੂ

**ਤਰਨਤਾਰਨ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੱਖਿਆਂ ਸੇਵਾਵਾਂ ਭਲਾਈ ਅਫ਼ਸਰ ਤਰਨ ਤਾਰਨ ਲੈਫ਼. ਕਰਨਲ ਰੋਹਿਤ ਸ਼ਰਮਾ (ਸੇਵਾਮੁਕਤ) ਨੇ ਦੱਸਿਆ ਕਿ ਆਰਮੀ, ਨੇਵੀ, ਏਅਰ ਫੋਰਸ, ਬੀ.ਐੱਸ. ਐੱਫ, ਆਈ.ਟੀ.ਬੀ.ਪੀ, ਸੀ.ਆਰ.ਪੀ.ਐੱਫ, ਸੀ.ਆਈ.ਐੱਸ.ਐੱਫ ਵਿੱਚ ਭਰਤੀ ਹੋਣ ਲਈ ਪ੍ਰੀ-ਰਿਕਰੂਟਮੈਂਟ ਕੋਰਸ ਅੱਜ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਕੋਰਸ ਵਿੱਚ ਸਾਬਕਾ ਸੈਨਿਕਾਂ, ਸੈਨਿਕ ਵਿਧਵਾਵਾਂ ਅਤੇ ਵੀਰ ਨਾਰੀਆਂ, ਸੇਵਾ ਕਰ ਰਹੇ ਸੈਨਿਕਾਂ ਅਤੇ ਸਿਵਲੀਅਨ ਦੇ ਬੱਚਿਆਂ ਦੇ ਰੋਸ਼ਨ ਭਵਿੱਖ ਨੂੰ ਮੁੱਖ ਰੱਖਦਿਆਂ ਭਰਤੀ ਹੋਣ ਵਾਸਤੇ ਸਰੀਰਕ ਯੋਗਤਾ ਅਤੇ ਲਿਖਤੀ ਇਮਤਿਹਾਨ ਦੀ ਤਿਆਰੀ ਕਰਵਾਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਥੋਂ ਸਿਖਲਾਈ ਪ੍ਰਾਪਤ ਪਿਛਲੇ ਬੈਚ ਦੇ ਸਾਰੇ ਸਿਖਿਆਰਥੀਆਂ ਦਾ ਨਤੀਜਾ 100 ਫੀਸਦੀ ਆਇਆ ਹੈ। ਉਨ੍ਹਾਂ ਕਿਹਾ ਕਿ ਚਾਹਵਾਨ ਨੌਜਵਾਨ ਆਪਣੇ ਜ਼ਰੂਰੀ ਕਾਗਜ਼ਾਤ ਲੈ ਕੇ ਮੁੱਢਲੀ ਜਾਂਚ ਲਈ ਜ਼ਿਲ੍ਹਾ ਰੱਖਿਆਂ ਸੇਵਾਵਾਂ ਭਲਾਈ ਦਫਤਰ ਵਿਖੇ ਤੁਰੰਤ ਰਿਪੋਰਟ ਕਰਨ।

ਉਨ੍ਹਾਂ ਦੱਸਿਆ ਕਿ ਇਹ ਕੋਰਸ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਅੰਮ੍ਰਿਤਸਰ ਰੋਡ, ਤਰਨ ਤਾਰਨ (ਨੇੜੇ ਪੁਲਿਸ ਲਾਈਨ ਅਤੇ ਵਿਕਾਸ ਭਵਨ) ਵਿਖੇ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਦਫਤਰ ਨਾਲ ਫੋਨ ਨੰਬਰ 01852-292565, 62802-84812, 77995-67940 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੱਤ ਗਊਸ਼ਾਲਾਵਾਂ ਸਮੇਤ ਸੂਬੇ ਦੀਆਂ 518 ਗਊਸ਼ਾਲਾਵਾਂ ਦੇ ਬਿਜਲੀ ਬਿੱਲ ਮੁਆਫ਼ : ਕੀਮਤੀ ਭਗਤ

**ਤਰਨਤਾਰਨ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**





ਪੰਜਾਬ ਗਊ ਸੇਵਾ ਕਮਿਸ਼ਨ ਦੇ ਉੱਪ ਚੇਅਰਮੈਨ ਕੀਮਤੀ ਭਗਤ ਨੇ ਕਿਹਾ ਕਿ ਪੰਜਾਬ ਗਊ ਸੇਵਾ ਕਮਿਸ਼ਨ ਗਊਧਨ ਦੀ ਸਾਂਭ-ਸੰਭਾਲ ਅਤੇ ਗਊਸ਼ਾਲਾਵਾਂ ਨੂੰ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਵੱਲੋਂ ਸੂਬੇ ਦੀਆਂ 518 ਗਊਸ਼ਾਲਾਵਾਂ ਦੇ ਬਿਜਲੀ ਬਿੱਲ ਮੁਆਫ਼ ਕਰਵਾਏ ਗਏ ਹਨ, ਜਿਨ੍ਹਾਂ ਵਿੱਚ ਤਰਨ ਤਾਰਨ ਜ਼ਿਲ੍ਹੇ ਦੀਆਂ 7 ਗਊਸ਼ਾਲਾਵਾਂ ਵੀ ਸ਼ਾਮਲ ਹਨ। ਉਹ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਅਧਿਕਾਰੀਆਂ ਅਤੇ ਜ਼ਿਲ੍ਹੇ ਦੀਆਂ ਗਊਸ਼ਾਲਾਵਾਂ ਦੇ ਪ੍ਰਬੰਧਕਾਂ ਨਾਲ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

ਉੱਪ ਚੇਅਰਮੈਨ ਕੀਮਤੀ ਭਗਤ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਗਊਸ਼ਾਲਾਵਾਂ ਦੇ 100 ਕਰੋੜ ਰੁਪਏ ਤੋਂ ਵੱਧ ਦੇ ਬਿਜਲੀ ਬਿੱਲ ਮੁਆਫ਼ ਕੀਤੇ ਜਾ ਚੁੱਕੇ ਹਨ। ਇਸ ਲਈ ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜ਼ਖ਼ਮੀ ਗਊਧਨ ਦੇ ਇਲਾਜ ਲਈ ਵੀ ਕਮਿਸ਼ਨ ਦੀ ਸਿਫ਼ਾਰਸ਼ 'ਤੇ ਪੰਜਾਬ ਸਰਕਾਰ ਵੱਲੋਂ 3 ਕਰੋੜ 6 ਲੱਖ ਰੁਪਏ ਦੀ ਲਾਗਤ ਨਾਲ ਸੂਬੇ ਦੀਆਂ ਗਊਸ਼ਾਲਾਵਾਂ ਨੂੰ ਕਾਓ ਲਿਫਟਰ ਮੁਹੱਈਆ ਕਰਵਾਏ ਗਏ ਹਨ, ਜਿਨ੍ਹਾਂ ਵਿੱਚੋਂ ਤਰਨ ਤਾਰਨ ਜ਼ਿਲ੍ਹੇ ਦੀਆਂ ਸੱਤ ਗਊਸ਼ਾਲਾਵਾਂ ਵੀ ਸ਼ਾਮਿਲ ਹਨ।

ਉੱਪ ਚੇਅਰਮੈਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਗਊਸ਼ਾਲਾਵਾਂ ਵਿੱਚ ਰੱਖੀ ਹਰੇਕ ਗਾਂ ਲਈ ਰੋਜ਼ਾਨਾ 61 ਰੁਪਏ ਦੇਣ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਹੈ। ਜਲਦ ਹੀ ਇਸ ਸਬੰਧੀ ਮੀਟਿੰਗ ਕਰਕੇ ਗਊਸ਼ਾਲਾਵਾਂ ਨੂੰ ਇਹ ਰਾਸ਼ੀ ਮੁਹੱਈਆ ਕਰਵਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ।

ਕੀਮਤੀ ਭਗਤ ਨੇ ਕਿਹਾ ਕਿ ਸੂਬੇ ਵਿੱਚ ਲਾਵਾਰਿਸ ਤੇ ਬੇਸਹਾਰਾ ਗਊਧਨ ਦੀ ਸਾਂਭ-ਸੰਭਾਲ, ਸੁਰੱਖਿਆ ਅਤੇ ਬਿਹਤਰੀ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕੋਈ ਵੀ ਬੇਸਹਾਰਾ ਗਊਧਨ ਸੜਕਾਂ 'ਤੇ ਲਾਵਾਰਿਸ ਨਾ ਘੁੰਮੇ। ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਕਿਸਾਨਾਂ ਦੀਆਂ ਫ਼ਸਲਾਂ ਨੂੰ ਨੁਕਸਾਨ ਪਹੁੰਚ ਰਿਹਾ ਹੈ, ਉਥੇ ਸੜਕ ਹਾਦਸਿਆਂ ਅਤੇ ਆਵਾਜਾਈ ਸਬੰਧੀ ਸਮੱਸਿਆਵਾਂ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਬੇਸਹਾਰਾ ਗਊਧਨ ਦੀ ਸਮੱਸਿਆ ਦੇ ਸਥਾਈ ਹੱਲ ਅਤੇ ਗਊਸ਼ਾਲਾਵਾਂ ਦੀ ਸਮਰੱਥਾ ਵਧਾਉਣ ਲਈ ਉਹ ਲਗਾਤਾਰ ਵੱਖ-ਵੱਖ ਜ਼ਿਲ੍ਹਿਆਂ ਦਾ ਦੌਰਾ ਕਰ ਰਹੇ ਹਨ ਅਤੇ ਡਿਪਟੀ ਕਮਿਸ਼ਨਰਾਂ ਤੇ ਹੋਰ ਸਬੰਧਤ ਅਧਿਕਾਰੀਆਂ ਨਾਲ ਮੀਟਿੰਗਾਂ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਪਿਛਲੇ ਚਾਰ ਮਹੀਨਿਆਂ ਦੌਰਾਨ ਇਸ ਸਬੰਧੀ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ 63 ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ।

ਇਸ ਤੋਂ ਪਹਿਲਾਂ ਉਨ੍ਹਾਂ ਪਸ਼ੂ ਪਾਲਣ ਅਤੇ ਹੋਰਨਾਂ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਸਥਾਰਤ ਮੀਟਿੰਗ ਦੌਰਾਨ ਸਰਕਾਰੀ ਗਊਸ਼ਾਲਾਵਾਂ ਦੇ ਪ੍ਰਬੰਧਾਂ, ਕਾਓਸੈੱਸ, ਗਊ-ਮਾਸ ਤੇ ਗਊ- ਸਮਗਲਿੰਗ ਦੀ ਰੋਕਥਾਮ ਅਤੇ ਹੋਰਨਾਂ ਮੁੱਦਿਆਂ ਆਦਿ ਤੇ ਵਿਸਥਾਰ ਨਾਲ ਚਰਚਾ ਕੀਤੀ ਅਤੇ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ।

ਉਨ੍ਹਾਂ ਨਗਰ ਕੌਂਸਲ ਤਰਨ ਤਾਰਨ ਨੂੰ ਨਿਰਦੇਸ਼ ਦਿੱਤੇ ਕਿ ਇਕ ਮਹੀਨੇ ਅੰਦਰ ਨਵੀਂ ਐਨੀਮਲ ਕੈਪਚਰ ਗੱਡੀ ਦਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਇਹ ਵੀ ਨਿਰਦੇਸ਼ ਦਿੱਤੇ ਕਿ ਨਗਰ ਕੌਂਸਲਾਂ ਅਤੇ ਵੱਖ ਵੱਖ ਵਿਭਾਗਾਂ ਕੋਲ ਇਕੱਤਰ ਹੋਏ ਗਊ ਸੈੱਸ ਨੂੰ ਗਊਧਨ ਦੀ ਸਾਂਭ-ਸੰਭਾਲ, ਸੁਰੱਖਿਆ ਅਤੇ ਬਿਹਤਰੀ ਲਈ ਵਰਤਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਹਰੇਕ ਤਿੰਨ ਮਹੀਨੇ ਬਾਅਦ ਗਊ ਸ਼ਾਲਾਵਾਂ ਦੇ ਪ੍ਰਬੰਧਕਾਂ ਨਾਲ ਮੀਟਿੰਗ ਕੀਤੀ ਜਾਵੇ। ਉਨ੍ਹਾਂ ਹਦਾਇਤ ਕੀਤੀ ਕਿ ਸੜਕਾਂ 'ਤੇ ਲਾਵਾਰਿਸ, ਬੇਸਹਾਰਾ ਗਊਧਨ ਨੂੰ ਜਲਦ ਤੋਂ ਜਲਦ ਜ਼ਿਲ੍ਹੇ ਦੀਆਂ ਗਊਸ਼ਾਲਾਵਾਂ ਵਿੱਚ ਲਿਜਾਣ ਦੇ ਪ੍ਰਬੰਧ ਕੀਤੇ ਜਾਣ। ਇਸ ਤੋਂ ਬਾਅਦ ਉਨ੍ਹਾਂ ਸਰਕਾਰੀ ਕੈਟਲ ਪਾਉਂਡ ਦੁਬਲੀ ਦਾ ਦੌਰਾ ਕਰਕੇ ਉਥੋਂ ਦੇ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਆਦਿੱਤਿਆ ਸ਼ਰਮਾ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸੰਜੀਵ ਕੁਮਾਰ, ਐਸ.ਡੀ.ਐਮ ਪੱਟੀ ਅਮਨਦੀਪ ਸਿੰਘ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾ. ਤੇਜਬੀਰ ਸਿੰਘ ਰੰਧਾਵਾ, ਡੀ.ਐਸ.ਪੀ ਪ੍ਰਵੇਸ਼ ਚੋਪੜਾ, ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਕਿਸਾਨਾਂ ਦੀਆਂ ਫ਼ਸਲਾਂ ਨੂੰ ਨੁਕਸਾਨ ਪਹੁੰਚ ਰਿਹਾ ਹੈ, ਉਥੇ ਸੜਕ ਹਾਦਸਿਆਂ ਅਤੇ ਆਵਾਜਾਈ ਸਬੰਧੀ ਸਮੱਸਿਆਵਾਂ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਬੇਸਹਾਰਾ ਗਊਧਨ ਦੀ ਸਮੱਸਿਆ ਦੇ ਸਥਾਈ ਹੱਲ ਅਤੇ ਗਊਸ਼ਾਲਾਵਾਂ ਦੀ ਸਮਰੱਥਾ ਵਧਾਉਣ ਲਈ ਉਹ ਲਗਾਤਾਰ ਵੱਖ-ਵੱਖ ਜ਼ਿਲ੍ਹਿਆਂ ਦਾ ਦੌਰਾ ਕਰ ਰਹੇ ਹਨ ਅਤੇ ਡਿਪਟੀ ਕਮਿਸ਼ਨਰਾਂ ਤੇ ਹੋਰ ਸਬੰਧਤ ਸਮੂਹ ਕਾਰਜ ਸਾਧਕ ਅਫ਼ਸਰ, ਬੀ.ਡੀ.ਪੀ.ਓਜ਼, ਗਊਸ਼ਾਲਾਵਾਂ ਦੇ ਪ੍ਰਬੰਧਕ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਬਾਲ ਸਾਹਿਤਕਾਰ ਬਾਜ਼ ਸਿੰਘ ਮਹਿਲੀਆ ਸਨਮਾਨਿਤ

**ਪਾਤੜਾਂ, 7 ਸਤੰਬਰ**
**-ਅਮਰਜੀਤ ਸਿੰਘ-**
**-ਪ੍ਰੈਸ ਕੀ ਤਾਕਤ ਬਿਊਰੋ**

ਪੰਜਾਬੀ ਬਾਲ ਸਾਹਿਤ ਦੇ ਖੇਤਰ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਣ ਵਾਲੇ ਬਾਲ ਸਾਹਿਤਕਾਰ ਬਾਜ ਸਿੰਘ ਮਹਿਲੀਆ ਨੂੰ ਸੂਬਾ ਸਰਕਾਰ ਵੱਲੋਂ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਗਏ ਬਾਜ ਸਿੰਘ ਮਹਿਲੀਆ ਦੇ ਸਨਮਾਨ ਨੂੰ ਲੈ ਕੇ ਇਲਾਕੇ ਦੇ ਸਾਹਤ ਪ੍ਰੇਮੀਆਂ ਵਿੱਚ ਖੁਸ਼ੀ ਪਾਈ ਜਾ ਰਹੀ ਹੈ। ਜਿਸ ਦੇ ਚੱਲਦਿਆਂ ਪਿੰਡ ਖਾਨੇਵਾਲ ਦੀਆਂ ਸੰਗਤਾਂ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਖਾਨੇਵਾਲ ਵਿਖੇ ਹੈਡ ਮਾਸਟਰ ਪਰਮਜੀਤ ਸਿੰਘ ਤੂਰ ਦੀ ਅਗਵਾਈ ਵਿੱਚ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਜਾਣਕਾਰੀ ਅਨੁਸਾਰ ਬਾਜ ਸਿੰਘ ਮਹਿਲੀਆ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਸਾਹਿਤ ਦੇ ਖੇਤਰ ਵਿੱਚ ਸਰਗਰਮ ਹਨ, ਪੰਜਾਬੀ ਦੇ ਵੱਖ-ਵੱਖ ਅਖਬਾਰਾਂ ਅਤੇ ਰਸਾਲਿਆਂ ਵਿੱਚ ਸਹਿਤ ਦੀਆਂ ਵੱਖ-ਵੱਖ ਵਿਧਧਾਵਾਂ ਵਿੱਚ ਆਪਣਾ ਯੋਗਦਾਨ ਪਾਉਣ ਵਾਲੇ ਬਾਜ ਸਿੰਘ ਮਹਿਲੀਆ ਪਿਛਲੇ ਲੰਬੇ ਸਮੇਂ ਤੋਂ ਬਾਲ ਸਾਹਿਤ ਦੇ ਖੇਤਰ ਵਿੱਚ ਸਰਗਰਮ ਹਨ।

# ਪੰਜਾਬ ਸਰਕਾਰ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਦ੍ਰਿੜ ਸੰਕਲਪ : ਹਰਭਜਨ ਸਿੰਘ ਈ.ਟੀ.ਓ

**ਤਰਨਤਾਰਨ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਵਿੱਢੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੀ ਸਮੀਖਿਆ ਕਰਨ ਲਈ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਅੱਜ ਤਰਨ ਤਾਰਨ ਪਹੁੰਚੇ। ਇਸ ਮੌਕੇ ਹੋਈ ਜ਼ਿਲ੍ਹਾ ਪੱਧਰੀ ਮੀਟਿੰਗ ਵਿੱਚ ਐਸ.ਐਸ.ਪੀ ਸੁਰੇਂਦਰ ਲਾਂਬਾ, ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਆਦਿੱਤਿਆ ਸ਼ਰਮਾ ਅਤੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸੰਜੀਵ ਕੁਮਾਰ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਮਾਝਾ ਜੋ?ਨ ਦੇ ਇੰਚਾਰਜ ਦੀਕਸ਼ਿਤ ਧਵਨ, ਜ਼ਿਲ੍ਹਾ ਕੋਆਰਡੀਨੇਟਰ ਅਮਰਿੰਦਰ ਸਿੰਘ ਐਮੀ ਸਮੇਤ ਜ਼ਿਲ੍ਹੇ ਦੀ ਨਸ਼ਾ ਮੁਕਤੀ ਮੋਰਚਾ ਦੀ ਸਮੁੱਚੀ ਟੀਮ ਤੋਂ ਇਲਾਵਾ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਉੱਚ ਅਧਿਕਾਰੀ ਵੀ ਮੌਜੂਦ ਰਹੇ।



ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਪੂਰੀ ਤਰ੍ਹਾਂ ਦ੍ਰਿੜ ਸੰਕਲਪ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਜਿਥੇ ਵੱਡੀ ਗਿਣਤੀ ਨਸ਼ਾ ਤਸਕਰਾਂ ਨੂੰ ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਭੇਜਿਆ ਹੈ, ਉਥੇ ਨਸ਼ੇ ਦੀ ਦਲਦਲ ਵਿੱਚ ਫਸੇ ਨੌਜਵਾਨਾਂ ਦੇ ਮੁੜ-ਵਸੇਬੇ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਹਨ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਲੋਕਾਂ, ਖ਼ਾਸ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਨਸ਼ਾ ਮੁਕਤ ਜੀਵਨ ਅਪਣਾਉਣ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਨਸ਼ਾ ਮੁਕਤੀ ਮੋਰਚਾ ਦੀ ਟੀਮ ਅਤੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੂੰ ਆਪਸੀ ਤਾਲਮੇਲ ਅਤੇ ਸੰਜ਼ੀਦਗੀ ਨਾਲ ਕੰਮ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਨਸ਼ਿਆਂ ਖ਼ਿਲਾਫ਼ ਲੜਾਈ ਸਿਰਫ਼ ਸਰਕਾਰ ਜਾਂ ਪ੍ਰਸ਼ਾਸਨ ਦੀ ਨਹੀਂ, ਸਗੋਂ ਸਮੁੱਚੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਮਾਜ ਦੇ ਹਰੇਕ ਵਰਗ ਦਾ ਸਹਿਯੋਗ ਮਿਲੇ ਤਾਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦਾ ਟੀਚਾ ਜਲਦ ਹਾਸਲ ਕੀਤਾ ਜਾ ਸਕਦਾ ਹੈ।

ਇਸ ਮੌਕੇ ਐਸ.ਐਸ.ਪੀ ਸੁਰੇਂਦਰ ਲਾਂਬਾ, ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਆਦਿੱਤਿਆ ਸ਼ਰਮਾ ਅਤੇ ਹੋਰਨਾਂ ਬੁਲਾਰਿਆਂ ਨੇ ਵੀ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈਆਂ ਜਾ ਰਹੀਆਂ ਕਾਰਵਾਈਆਂ ਅਤੇ ਜਾਗਰੂਕਤਾ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਐਸ.ਡੀ.ਐਮ ਤਰਨ ਤਾਰਨ ਡਾ. ਕਰਨਵੀਰ ਸਿੰਘ, ਐਸ.ਪੀ ਸੁਖਨਿੰਦਰ ਸਿੰਘ, ਐਸ.ਪੀ ਡਾ. ਰਿਪੁਤਾਮਨ ਸਿੰਘ, ਤਹਿਸੀਲਦਾਰ ਅਰਚਨਾ ਸ਼ਰਮਾ, ਨਾਇਬ ਤਹਿਸੀਲਦਾਰ ਕਰਨਵੀਰ ਸਿੰਘ, ਨਸ਼ਾ ਮੁਕਤੀ ਮੋਰਚਾ ਦੇ ਵਾਈਸ ਜ਼ਿਲ੍ਹਾ ਕੋਆਰਡੀਨੇਟਰ ਕੁਲਦੀਪ ਸਿੰਘ ਢਿੱਲੋਂ, ਅਸੰਬਲੀ ਕੋਆਰਡੀਨੇਟਰ ਤਰਨ ਤਾਰਨ ਆਲਮਬੀਰ ਸਿੰਘ ਰੰਧਾਵਾ, ਅਸੰਬਲੀ ਕੋਆਰਡੀਨੇਟਰ ਖੇਮਕਰਨ ਜੋਗਿੰਦਰ ਸਿੰਘ ਸੰਧੂ, ਅਸੰਬਲੀ ਕੋਆਰਡੀਨੇਟਰ ਪੱਟੀ ਪਰਮਜੀਤ ਸਿੰਘ ਚੰਬਲ ਅਤੇ ਅਸੰਬਲੀ ਕੋਆਰਡੀਨੇਟਰ ਖਡੂਰ ਸਾਹਿਬ ਜਸਕਰਨ ਸਿੰਘ ਲਾਡੀ, ਵਾਈਸ ਕੋਆਰਡੀਨੇਟਰ ਸਰਬਜੀਤ ਸਿੰਘ, ਰਣਜੀਤ ਸਿੰਘ ਧੂੰਦਾ, ਮਲਕੀਤ ਸਿੰਘ, ਗੁਰਵੰਤ ਸਿੰਘ ਰੋੜਾਂਵਾਲੀ, ਸੁਖਵਿੰਦਰ ਸਿੰਘ ਹੁੰਦਲ, ਬਲਜਿੰਦਰ ਸਿੰਘ ਚੂਸਲੇਵੜ ਅਤੇ ਸੋਨਵੀਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਨਸ਼ਾ ਮੁਕਤੀ ਮੋਰਚਾਉਨ੍ਹਾਂ ਨਸ਼ਾ ਮੁਕਤੀ ਮੋਰਚਾ ਦੀ ਟੀਮ ਅਤੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੂੰ ਆਪਸੀ ਤਾਲਮੇਲ ਅਤੇ ਸੰਜ਼ੀਦਗੀ ਨਾਲ ਕੰਮ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਨਸ਼ਿਆਂ ਖ਼ਿਲਾਫ਼ ਲੜਾਈ ਸਿਰਫ਼ ਸਰਕਾਰ ਜਾਂ ਪ੍ਰਸ਼ਾਸਨ ਦੀ ਨਹੀਂ, ਸਗੋਂ ਸਮੁੱਚੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਮਾਜ ਦੇ ਹਰੇਕ ਵਰਗ ਦਾ ਸਹਿਯੋਗ ਮਿਲੇ ਤਾਂ ਪੰਜਾਬ ਨੂੰ ਨਸ਼ਾ ਦੇ ਬਲਾਕ ਪਰਮਜੀਤ ਸਿੰਘ ਚੰਬਲ ਅਤੇ ਅਸੰਬਲੀ ਕੋਆਰਡੀਨੇਟਰ ਖਡੂਰ ਸਾਹਿਬ ਜਸਕਰਨ ਸਿੰਘ ਲਾਡੀ, ਵਾਈਸ ਕੋਆਰਡੀਨੇਟਰ ਅਤੇ ਹੋਰ ਸ਼ਖਸੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਬਾਗ਼ਬਾਨੀ ਨੂੰ ਹੁਲਾਰਾ ਦੇਣ ਲਈ ਜਾਪਾਨ ਦੇ ਸਹਿਯੋਗ ਵਾਲੇ 1300 ਕਰੋੜ ਦੇ ਪ੍ਰਾਜੈਕਟ ਨੂੰ ਦਿੱਤੀ ਪ੍ਰਵਾਨਗੀ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

**➢ ਇਨ੍ਹਾਂ 3 ਕਾਲੇ ਕਾਨੂੰਨਾਂ ਵਿਰੁੱਧ ਸਰਹੱਦੀ ਵਿਰੋਧ ਪ੍ਰਦਰਸ਼ਨਾਂ ਦੌਰਾਨ ਭਾਜਪਾ ਨੇ ਸਾਡੇ 750 ਕਿਸਾਨਾਂ ਨੂੰ ਮਾਰ ਦਿੱਤਾ ➢ ਪੰਜਾਬ ਦੇ ਲੋਕ ਆਪਣੇ ਸ਼ਹੀਦ ਕਿਸਾਨਾਂ ਦੀਆਂ ਲਾਸ਼ਾਂ 'ਤੇ ਪੈਰ ਰੱਖ ਕੇ ਕਦੇ ਵੀ ਭਾਜਪਾ ਨੂੰ ਵੋਟ ਨਹੀਂ ਦੇਣਗੇ ➢ ਅਕਾਲੀ ਦਲ ਸਿਰਫ਼ ਕੁਰਸੀ ਹਾਸਲ ਕਰਨ ਲਈ ਪੰਜਾਬ ਵਿੱਚ ਕੁਝ ਵੀ ਵੇਚਣ ਲਈ ਤਿਆਰ**

**ਸੰਗਰੂਰ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਨੂੰ ਭਾਜਪਾ-ਅਕਾਲੀ ਦਲ ਗਠਜੋੜ 'ਤੇ ਹਮਲਾ ਬੋਲਦਿਆਂ ਕਿਹਾ ਕਿ ਭਾਜਪਾ ਅਕਾਲੀ ਦਲ ਨਾਲ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਲਿਆਉਣ ਦੀ ਸ਼ਰਤ 'ਤੇ ਸਮਝੌਤਾ ਕਰਨ ਦੀ ਤਿਆਰੀ ਕਰ ਰਹੀ ਹੈ, ਭਾਵੇਂ ਕਿ ਵਿਰੋਧ ਪ੍ਰਦਰਸ਼ਨਾਂ ਦੌਰਾਨ 750 ਕਿਸਾਨਾਂ ਦੀ ਮੌਤ ਹੋ ਗਈ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਸਿਆਸੀ ਕੁਰਸੀ ਲਈ ਪੰਜਾਬ ਵਿੱਚ ਕੁਝ ਵੀ ਵੇਚਣ ਲਈ ਤਿਆਰ ਹੈ, ਜਦੋਂ ਕਿ ਇਹ ਵੀ ਕਿਹਾ ਕਿ ਪੰਜਾਬੀ ਆਪਣੇ ਸ਼ਹੀਦ ਕਿਸਾਨਾਂ ਦੀਆਂ ਲਾਸ਼ਾਂ 'ਤੇ ਪੈਰ ਰੱਖ ਕੇ ਕਦੇ ਵੀ ਭਾਜਪਾ ਨੂੰ ਵੋਟ ਨਹੀਂ ਦੇਣਗੇ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਭਾਜਪਾ ਵੋਟਾਂ ਹਾਸਲ ਕਰਨ ਲਈ ਵਿਰੁੱਧ ਵੰਡਾਂ ਦੀ ਵਰਤੋਂ ਕਰ ਰਹੀ ਹੈ ਅਤੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਚੋਣਾਂ ਵਿੱਚ ਉਸਦੀ ਜਿੱਤ, ਜਿਸ ਬਾਰੇ ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ ਦਲ ਦੇ ਸਮਰਥਨ ਨਾਲ ਮਿਲੀ ਹੈ, ਨੇ ਦੋਵਾਂ ਪਾਰਟੀਆਂ ਵਿਚਕਾਰ ਗੱਠਜੋੜ ਦਾ ਪਰਦਾਫਾਸ਼ ਕੀਤਾ ਹੈ। ਇਸ ਰਾਜਨੀਤੀ ਦੀ ਤੁਲਨਾ ਆਪਣੀ ਸਰਕਾਰ ਦੀ ਕਾਰਗੁਜ਼ਾਰੀ ਨਾਲ ਕਰਦੇ ਹੋਏ, ਉਨ੍ਹਾਂ ਕਿਹਾ ਕਿ ਪੰਜਾਬ ਸਕੂਲਾਂ, ਹਸਪਤਾਲਾਂ, ਬਿਜਲੀ, ਪਾਣੀ ਅਤੇ ਸੜਕਾਂ ਵਿੱਚ ਤੇਜ਼ੀ ਨਾਲ ਕੰਮ ਕਰਕੇ ਵਿਕਾਸ ਦੀ ਲੀਹ 'ਤੇ ਅੱਗੇ ਵਧ ਰਿਹਾ ਹੈ।

ਲੋਕ ਮਿਲਣੀ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਕਾਲੀਆਂ ਨੇ ਹਮੇਸ਼ਾ ਸੂਬੇ ਦੇ ਹਿੱਤਾਂ ਦੇ ਵਿਰੋਧੀ ਤਾਕਤਾਂ ਨਾਲ ਹੱਥ ਮਿਲਾ ਕੇ ਪੰਜਾਬ ਵਿਰੋਧੀ ਸਟੈਂਡ ਅਪਣਾਇਆ ਹੈ। ਉਨ੍ਹਾਂ ਕਿਹਾ ਕਿ ਪ੍ਰਸਤਾਵਿਤ ਅਕਾਲੀ-ਭਾਜਪਾ ਗੱਠਜੋੜ ਸਿਰਫ਼ ਰਾਜਨੀਤਿਕ ਲਾਭ ਲਈ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ, ਅਕਾਲੀ ਸੱਤਾ ਦੀ ਖ਼ਾਤਰ ਭਗਵਾ ਪਾਰਟੀ ਨਾਲ ਹੱਥ ਮਿਲਾਉਣ ਲਈ ਤਿਆਰ ਹਨ, ਇਸ ਤੱਥ ਦੇ ਬਾਵਜੂਦ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਦੌਰਾਨ 700 ਤੋਂ ਵੱਧ ਕਿਸਾਨਾਂ ਦੀ ਸ਼ਹਾਦਤ ਲਈ ਜ਼ਿੰਮੇਵਾਰ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਅਕਾਲੀ ਲੀਡਰਸ਼ਿਪ ਕੋਲ ਕੋਈ ਵਿਚਾਰਧਾਰਾ ਨਹੀਂ ਬਚੀ ਹੈ ਅਤੇ ਉਹ ਸੱਤਾ ਲਈ ਪੰਜਾਬ ਦੇ ਹਿੱਤਾਂ ਨਾਲ ਸਮਝੌਤਾ ਕਰਨ ਲਈ ਤਿਆਰ ਹੈ।

ਮੁੱਖ ਮੰਤਰੀ ਨੇ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਸੱਤਾ ਵਿੱਚ ਆਇਆ ਤਾਂ ਅਕਾਲੀ-ਭਾਜਪਾ ਗੱਠਜੋੜ ਇੱਕ ਵਾਰ ਫਿਰ ਕਿਸਾਨਾਂ 'ਤੇ ਸਖ਼ਤ ਖੇਤੀ ਕਾਨੂੰਨ ਲਾਗੂ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਸੂਬਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨਾਲ ਗੱਠਜੋੜ ਕਰਨ ਲਈ ਆਪਣੇ ਗੋਡਿਆਂ ਭਾਰ ਹੈ। ਅਕਾਲੀ-ਭਾਜਪਾ ਗੱਠਜੋੜ ਦੀ ਕੋਈ ਵਿਚਾਰਧਾਰਾ ਨਹੀਂ ਹੈ ਅਤੇ ਨਾ ਹੀ ਲੋਕ ਭਲਾਈ ਲਈ ਕੋਈ ਏਜੰਡਾ ਹੈ। ਇਸਦਾ ਇੱਕੋ ਇੱਕ ਉਦੇਸ਼ ਪੰਜਾਬ ਵਿੱਚ ਸੱਤਾ ਹਥਿਆਉਣਾ ਹੈ। ਪੰਜਾਬ ਦੇ ਲੋਕ ਇਨ੍ਹਾਂ ਪਾਰਟੀਆਂ ਦੇ ਰਾਜਨੀਤਿਕ ਫਾਂਸਿਆਂ ਤੋਂ ਗੁੰਮਰਾਹ ਨਹੀਂ ਹੋਣਗੇ ਅਤੇ ਆਉਣ ਵਾਲੇ ਦਿਨਾਂ ਵਿੱਚ ਉਨ੍ਹਾਂ ਨੂੰ ਢੁਕਵਾਂ ਸਬਕ ਸਿਖਾਉਣਗੇ, ਉਨ੍ਹਾਂ ਕਿਹਾ। ਉਨ੍ਹਾਂ ਕਿਹਾ, ਪੰਜਾਬੀ ਅਕਾਲੀਆਂ ਅਤੇ ਭਾਜਪਾ ਨੂੰ ਪੰਜਾਬ ਦੇ ਇਸਦੇ ਲੋਕਾਂ ਵਿਰੁੱਧ ਕੀਤੇ ਪਾਪਾਂ ਕਾਰਨ ਰਾਜਨੀਤਿਕ ਗੁਮਨਾਮੀ ਵਿੱਚ ਭੇਜ ਦੇਣਗੇ। ਇਸ ਲੋਕ ਮਿਲਣੀ ਵਿੱਚ ਲੋਕਾਂ ਦੀ ਭਾਰੀ ਮੌਜੂਦਗੀ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਪੰਜਾਬੀ 2027 ਵਿੱਚ ਇੱਕ ਨਵੀਂ ਕਹਾਣੀ ਲਿਖਣ ਲਈ ਤਿਆਰ ਹਨ।

2022 ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਆਪਣੀ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਨੂੰ ਉਜਾਗਰ ਕਰਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਨੇ ਸੰਪੂਰਨ ਵਿਕਾਸ 'ਤੇ ਧਿਆਨ ਕੇਂਦਰਿਤ ਕੀਤਾ ਹੈ ਅਤੇ ਬਿਜਲੀ, ਖੇਡਾਂ, ਸਿੱਖਿਆ, ਸਿਹਤ ਸੰਭਾਲ ਅਤੇ ਹੋਰ ਮੁੱਖ ਖੇਤਰਾਂ ਵਿੱਚ ਸੁਧਾਰ ਪੇਸ਼ ਕੀਤੇ ਹਨ। ਉਨ੍ਹਾਂ ਕਿਹਾ, ਅੱਜ, ਚਾਰ ਸਾਲਾਂ ਬਾਅਦ, ਮੈਂ ਲੋਕਾਂ ਨਾਲ ਕੀਤੇ ਗਏ ਹਰ ਵਾਅਦੇ ਨੂੰ ਪੂਰਾ ਕਰਨ ਅਤੇ ਸਾਰੀਆਂ ਗਾਰੰਟੀਆਂ ਦੇਣ ਤੋਂ ਬਾਅਦ ਲੋਕਾਂ ਦੇ ਸਾਹਮਣੇ ਖੜ੍ਹਾ ਹਾਂ। ਪਿਛਲੀਆਂ ਸਰਕਾਰਾਂ ਦੌਰਾਨ, ਲੋਕ



ਡਰ ਅਤੇ ਸਦਮੇ ਦੇ ਮਾਹੌਲ ਵਿੱਚ ਰਹਿੰਦੇ ਸਨ, ਜਦੋਂ ਕਿ ਨਸ਼ਿਆਂ ਨੇ ਪੰਜਾਬ ਦੇ ਨੌਜਵਾਨਾਂ ਦੀਆਂ ਪੀੜ੍ਹੀਆਂ ਨੂੰ ਤਬਾਹ ਕਰ ਦਿੱਤਾ ਸੀ।

ਵਿਰੋਧੀ ਧਿਰ 'ਤੇ ਤਿੱਖਾ ਹਮਲਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕ ਕਾਂਗਰਸ, ਅਕਾਲੀਆਂ ਅਤੇ ਭਾਜਪਾ ਨੂੰ ਉਨ੍ਹਾਂ ਦੀਆਂ ਪੰਜਾਬ ਵਿਰੋਧੀ ਨੀਤੀਆਂ ਲਈ ਕਦੇ ਮੁਆਫ ਨਹੀਂ ਕਰਨਗੇ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਨੂੰ ਰਾਜਨੀਤਿਕ ਤੌਰ 'ਤੇ ਗੁਮਨਾਮੀ ਵਿੱਚ ਸੁੱਟ ਦੇਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਰਵਾਇਤੀ ਰਾਜਨੀਤਿਕ ਪਾਰਟੀਆਂ ਨੇ ਸੱਤਾ ਵਿੱਚ ਰਹਿੰਦਿਆਂ ਹਮੇਸ਼ਾ ਇੱਕ ਦੂਜੇ ਦੇ ਹਿੱਤਾਂ ਦੀ ਰੱਖਿਆ ਕੀਤੀ ਹੈ ਅਤੇ ਸੰਗੀਤਕ ਕੁਰਸੀਆਂ ਵਜਾਉਂਦੇ ਸਨ, ਸ਼ਾਸਨ ਕਰਨ ਦੀ ਆਪਣੀ ਵਾਰੀ ਦੀ ਉਡੀਕ ਕਰਦੇ ਸਨ।

ਉਨ੍ਹਾਂ ਦੋਸ਼ ਲਗਾਇਆ ਕਿ ਉਨ੍ਹਾਂ ਦੀ ਆਪਸੀ ਸਮਝ ਨੇ ਇਹ ਯਕੀਨੀ ਬਣਾਇਆ ਹੈ ਕਿ ਉਨ੍ਹਾਂ ਦੇ ਮਾੜੇ ਕੰਮ ਛੁਪੇ ਰਹਿਣ। ਹੁਣ ਲੋਕਾਂ ਨੇ 'ਆਪ' ਨੂੰ ਚੁਣਿਆ ਹੈ ਅਤੇ ਝਾੜੂ ਪੰਜਾਬ ਦੇ ਰਾਜਨੀਤਿਕ ਸਿਸਟਮ ਨੂੰ ਸਾਫ਼ ਕਰ ਰਿਹਾ ਹੈ। ਉਹ ਦਿਨ ਦੂਰ ਨਹੀਂ ਜਦੋਂ ਉਨ੍ਹਾਂ ਦੇ ਪਾਪਾਂ ਲਈ ਜ਼ਿੰਮੇਵਾਰ ਲੋਕਾਂ ਨੂੰ ਆਪਣੇ ਕੰਮਾਂ ਦੇ ਨਤੀਜੇ ਭੁਗਤਣੇ ਪੈਣਗੇ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ।

ਨਸ਼ਿਆਂ ਦੇ ਖਤਰੇ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਰਾਜਨੀਤਿਕ ਪਾਰਟੀਆਂ ਨੇ ਪੰਜਾਬ ਦੇ ਨੌਜਵਾਨਾਂ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਾਇਆ ਹੈ ਅਤੇ ਲੋਕ ਜਾਣਦੇ ਹਨ ਕਿ ਨਸ਼ਿਆਂ ਦੇ ਵਪਾਰ ਨੂੰ ਕਿਸਨੇ ਵਧਣ-ਫੁੱਲਣ ਦਿੱਤਾ ਸੀ। ਉਨ੍ਹਾਂ ਕਿਹਾ, ਜਿਨ੍ਹਾਂ ਨੇ ਨਸ਼ਿਆਂ ਦੇ ਵਪਾਰ ਨੂੰ ਉਤਸ਼ਾਹਿਤ ਕੀਤਾ ਅਤੇ ਸਰਪ੍ਰਸਤੀ ਦਿੱਤੀ, ਉਨ੍ਹਾਂ ਨੂੰ ਸੱਤਾ ਵਿੱਚ ਵਾਪਸ ਨਹੀਂ ਆਉਣ ਦਿੱਤਾ ਜਾ ਸਕਦਾ। ਜੇਕਰ ਇਹ ਪਾਰਟੀਆਂ ਵਾਪਸ ਆਉਂਦੀਆਂ ਹਨ, ਤਾਂ ਉਹ ਇੱਕ ਵਾਰ ਫਿਰ ਪੰਜਾਬ ਅਤੇ ਇਸਦੇ ਲੋਕਾਂ ਦਾ ਸ਼ੋਸ਼ਣ ਕਰਨ ਲਈ ਸੱਤਾ ਦੀ ਦੁਰਵਰਤੋਂ ਕਰਨਗੇ।

ਅਕਾਲੀ ਆਗੂ ਸੁਖਬੀਰ ਬਾਦਲ 'ਤੇ ਵਰ੍ਹਦਿਆਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਤੋਂ ਵੱਖ ਹੋ ਗਏ ਹਨ ਕਿਉਂਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਇੱਕ ਸੁਰੱਖਿਅਤ ਵਾਤਾਵਰਣ ਵਿੱਚ ਬਿਤਾਈ ਹੈ ਜੋ ਕਿ ਐਸ਼ੋ-ਆਰਾਮ ਅਤੇ ਅਮੀਰੀ ਨਾਲ ਘਿਰਿਆ ਹੋਇਆ ਹੈ। ਸੁਖਬੀਰ ਸਿੰਘ ਬਾਦਲ ਇੱਕ ਕਾਨਵੈਂਟ-ਪੜ੍ਹੇ-ਲਿਖੇ ਰਾਜਨੀਤਿਕ ਨੇਤਾ ਹਨ ਜੋ ਪੰਜਾਬ ਦੀ ਮੁੱਢਲੀ ਭੂਗੋਲਿਕ ਸਥਿਤੀ ਨਹੀਂ ਜਾਣਦੇ ਪਰ ਰਾਜ ਕਰਨਾ ਚਾਹੁੰਦੇ ਹਨ। ਬਾਕੀ ਸਭ ਕੁਝ ਛੱਡ ਕੇ, ਉਹ ਪੰਜਾਬ ਦੀਆਂ ਮੁੱਢਲੀਆਂ ਫਸਲਾਂ ਵਿੱਚ ਫਰਕ ਵੀ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਨੂੰ ਲੋਕਾਂ ਨੂੰ ਦਰਪੇਸ਼ ਬੁਨਿਆਦੀ ਮੁੱਦਿਆਂ ਦੀ ਬਹੁਤ ਘੱਟ ਸਮਝ ਹੈ, ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀਆਂ ਨੇ ਨਸ਼ਿਆਂ ਦੇ ਵਪਾਰ ਨੂੰ ਉਤਸ਼ਾਹਿਤ ਅਤੇ ਸਰਪ੍ਰਸਤੀ ਦੇ ਕੇ ਪੰਜਾਬ ਦੀਆਂ ਪੀੜ੍ਹੀਆਂ ਪੀੜ੍ਹੀਆਂ ਦਾ ਕਤਲੇਆਮ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰੀ ਵਾਹਨਾਂ ਦੀ ਵਰਤੋਂ ਨਸ਼ਿਆਂ ਨੂੰ ਵੇਚਣ ਜਾਂ ਵੰਡਣ ਲਈ ਕੀਤੀ ਗਈ ਸੀ ਅਤੇ ਧਰਮ ਦਾ ਸਿਆਸੀ ਹਿੱਤਾਂ ਲਈ ਸ਼ੋਸ਼ਣ ਕੀਤਾ ਗਿਆ ਸੀ। ਧਰਮ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤਣਾ ਇੱਕ ਨਾ-ਮੁਆਫੀਯੋਗ ਪਾਪ ਹੈ। ਅਕਾਲੀ ਆਗੂਆਂ ਨੇ ਆਪਣੇ ਕਾਰਜਕਾਲ ਦੌਰਾਨ ਪੰਜਾਬ ਦੀ ਦੌਲਤ ਨੂੰ ਬੇਰਹਿਮੀ ਨਾਲ ਲੁੱਟਿਆ ਅਤੇ ਹੁਣ ਸੂਬੇ ਨੂੰ ਦੁਬਾਰਾ ਲੁੱਟਣ ਲਈ ਦਿੱਲੀ ਨਾਲ ਗੱਠਜੋੜ ਦੇ ਸੁਪਨੇ ਦੇਖ ਰਹੇ ਹਨ। ਉਨ੍ਹਾਂ ਦੇ ਹਿੱਤ ਹਮੇਸ਼ਾ ਆਪਣੇ ਬਾਰੇ ਰਹੇ ਹਨ, ਜਦੋਂ ਕਿ 'ਆਪ' ਸਿਰਫ਼ ਪੰਜਾਬ ਅਤੇ ਇਸਦੇ ਲੋਕਾਂ ਲਈ ਵਚਨਬੱਧ ਹੈ, ਉਨ੍ਹਾਂ ਕਿਹਾ।

ਕਾਂਗਰਸ ਦੇ ਅੰਦਰ ਚੱਲ ਰਹੇ ਅੰਦਰੂਨੀ ਕਲੇਸ਼ 'ਤੇ ਚੁਟਕੀ ਲੈਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿੱਥੇ ਕਾਂਗਰਸੀ ਆਗੂ ਸਿਆਸੀ ਸੱਤਾ ਲਈ ਆਪਸ ਵਿੱਚ ਲੜ ਰਹੇ ਹਨ, ਉੱਥੇ ਹੀ ਸੂਬਾ ਸਰਕਾਰ ਲੋਕਾਂ ਦੀ ਭਲਾਈ ਲਈ ਅਣਥੱਕ ਮਿਹਨਤ ਕਰ ਰਹੀ ਹੈ। ਉਹ ਸੱਤਾ ਲਈ ਆਪਸ ਵਿੱਚ ਲੜ ਰਹੇ ਹਨ, ਜਦੋਂ ਕਿ ਅਸੀਂ ਰੰਗਲਾ ਪੰਜਾਬ ਬਣਾਉਣ ਲਈ ਅਣਥੱਕ ਮਿਹਨਤ ਕਰ ਰਹੇ ਹਾਂ। ਸਾਡੀ ਲੜਾਈ ਮਿਆਰੀ ਸਿੱਖਿਆ, ਚੰਗੀ ਸਿਹਤ ਸੰਭਾਲ ਅਤੇ ਲੋਕਾਂ ਲਈ ਭਲਾਈ ਯੋਜਨਾਵਾਂ ਲਈ ਹੈ। ਕਾਂਗਰਸੀ ਆਗੂ ਇੱਕ ਦੂਜੇ ਨਾਲ ਅੱਖ ਮਿਲਾ ਕੇ ਵੀ ਨਹੀਂ ਦੇਖਦੇ ਕਿਉਂਕਿ ਉਨ੍ਹਾਂ ਦੀ ਇੱਕੋ ਇੱਕ ਚਿੰਤਾ ਸੱਤਾ ਹੈ, ਉਨ੍ਹਾਂ ਕਿਹਾ।

ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਕੋਲ ਪੰਜਾਬ ਲਈ ਕੋਈ ਦ੍ਰਿਸ਼ਟੀਕੋਣ ਨਹੀਂ ਹੈ ਅਤੇ ਦੋਸ਼ ਲਗਾਇਆ ਕਿ ਉਸਦਾ ਇੱਕੋ ਇੱਕ ਉਦੇਸ਼ ਸੱਤਾ ਸੰਭਾਲਣਾ ਅਤੇ ਸੂਬੇ ਦੀ ਦੌਲਤ ਲੁੱਟਣਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਇੱਕ ਵੰਡਿਆ ਹੋਇਆ ਘਰ ਹੈ ਜੋ ਆਪਣੀ ਅੰਦਰੂਨੀ ਲੜਾਈ ਕਾਰਨ ਢਹਿ ਜਾਵੇਗਾ। ਇਹ ਦੁੱਖ ਦੀ ਗੱਲ ਹੈ ਕਿ ਸੀਨੀਅਰ ਕਾਂਗਰਸੀ ਆਗੂ ਜੋ ਪੰਜਾਬ ਵਿੱਚ ਪਾਰਟੀ ਦੇ ਆਗੂਆਂ ਨੂੰ ਇੱਕਜੁੱਟ ਕਰਨ ਦਾ ਦਾਅਵਾ ਕਰਦੇ ਹੋਏ ਆਉਂਦੇ ਹਨ, ਉਨ੍ਹਾਂ ਨੂੰ ਆਪਣੇ ਨਾਵਾਂ ਦਾ ਉਚਾਰਨ ਕਰਨ ਦਾ ਵੀ ਪਤਾ ਨਹੀਂ ਹੈ। ਸੱਤਾ ਵਿੱਚ ਵਾਪਸੀ ਦੇ ਉਨ੍ਹਾਂ ਦੇ ਸੁਪਨੇ ਕਦੇ ਪੂਰੇ ਨਹੀਂ ਹੋਣਗੇ, ਉਨ੍ਹਾਂ ਕਿਹਾ।

ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਅਤੇ ਅਕਾਲੀ ਦਲ ਨੇ ਆਜ਼ਾਦੀ ਤੋਂ ਬਾਅਦ ਪੰਜਾਬ ਨੂੰ ਬਰਬਾਦ ਕਰ ਦਿੱਤਾ ਅਤੇ ਸੂਬੇ ਨੂੰ ਤਰੱਕੀ ਦੇ ਰਾਹ 'ਤੇ ਪਛੜਨ ਲਈ ਮਜਬੂਰ ਕਰ ਦਿੱਤਾ। ਇਹ ਆਗੂ ਕਦੇ ਵੀ ਇੱਕ ਦੂਜੇ ਵਿਰੁੱਧ ਨਹੀਂ ਬੋਲਦੇ, ਪਰ ਇਹ ਹਰ ਰੋਜ਼ ਮੇਰੇ ਵਿਰੁੱਧ ਜ਼ਹਿਰ ਉਗਲਦੇ ਹਨ ਕਿਉਂਕਿ ਮੈਂ ਇਨ੍ਹਾਂ ਨੂੰ ਲੋਕਾਂ ਸਾਹਮਣੇ ਨੰਗਾ ਕੀਤਾ ਹੈ। ਪੰਜਾਬੀ ਇਨ੍ਹਾਂ ਪਾਰਟੀਆਂ ਦੇ ਲੋਕ ਵਿਰੋਧੀ ਰੁਖ਼ ਨੂੰ ਜਾਣਦੇ ਹਨ। ਇਹ ਕਦੇ ਵੀ ਪੰਜਾਬ ਅਤੇ ਇਸ ਦੇ ਲੋਕਾਂ ਪ੍ਰਤੀ ਵਫ਼ਾਦਾਰ ਨਹੀਂ ਰਹੇ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ।

ਆਪਣੀ ਸਰਕਾਰ ਦੇ ਭਲਾਈ-ਮੁਖੀ ਸ਼ਾਸਨ ਨੂੰ ਉਜਾਗਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰੀ ਖਜ਼ਾਨੇ ਦੇ ਇੱਕ-ਇੱਕ ਪੈਸੇ ਦੀ ਵਰਤੋਂ ਲੋਕਾਂ ਦੀ ਭਲਾਈ ਲਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ 90% ਤੋਂ ਵੱਧ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ, ਜਦੋਂ ਕਿ ਕਿਸਾਨਾਂ ਨੂੰ ਦਿਨ ਵੇਲੇ ਬਿਜਲੀ ਮਿਲ ਰਹੀ ਹੈ। ਲੋਕਾਂ ਦੇ ਟੈਕਸ ਦਾ ਪੈਸਾ ਲੋਕਾਂ ਦਾ ਹੈ। ਅਸੀਂ ਇਸਨੂੰ ਉਨ੍ਹਾਂ ਦੀ ਭਲਾਈ 'ਤੇ ਸਮਝਦਾਰੀ ਨਾਲ ਖਰਚ ਕਰ ਰਹੇ ਹਾਂ। ਲੋਕਾਂ ਦਾ ਪੈਸਾ ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਰਾਹੀਂ ਲੋਕਾਂ ਕੋਲ ਵਾਪਸ ਆ ਰਿਹਾ ਹੈ, ਉਨ੍ਹਾਂ ਕਿਹਾ।

ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਨੇ ਘਰਾਂ ਨੂੰ ਮੁਫ਼ਤ ਬਿਜਲੀ, 70,000 ਤੋਂ ਵੱਧ ਨੌਜਵਾਨਾਂ ਨੂੰ ਭ੍ਰਿਸ਼ਟਾਚਾਰ ਤੋਂ ਬਿਨਾਂ ਸਰਕਾਰੀ ਨੌਕਰੀਆਂ, ਸੜਕਾਂ ਵਿੱਚ ਸੁਧਾਰ, ਟੋਲ ਪਲਾਜ਼ਾ ਬੰਦ ਕਰਨ ਦੇ ਨਤੀਜੇ ਵਜੋਂ ਪ੍ਰਤੀ ਦਿਨ 70 ਲੱਖ ਰੁਪਏ ਦੀ ਬੱਚਤ , ਸਿੱਖਿਆ ਅਤੇ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ??ਕੀਤਾ ਹੈ ਅਤੇ ਕਈ ਹੋਰ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਪਿੰਡਾਂ ਦੇ ਵਿਕਾਸ ਲਈ ਅਣਥੱਕ ਮਿਹਨਤ ਕਰ ਰਹੀ ਹੈ ਅਤੇ ਇਸ ਮਕਸਦ ਲਈ ਗ੍ਰਾਂਟਾਂ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ, ਸੂਬੇ ਭਰ ਵਿੱਚ 3,100 ਖੇਡ ਸਟੇਡੀਅਮ ਬਣਾਏ ਜਾ ਰਹੇ ਹਨ ਤਾਂ ਜੋ ਬਿਹਤਰ ਖੇਡ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਿਆ ਜਾ ਸਕੇ।

## ਪਿੰਡ ਇਰਾਕ ਵਿੱਚ ਅਵਾਰਾ ਕੁੱਤਿਆਂ ਦਾ ਆਤੰਕ, ਪੰਜ ਵਿਅਕਤੀਆਂ ਨੂੰ ਕੀਤਾ ਜ਼ਖਮੀ




**ਮਾਛੀਵਾੜਾ ਸਾਹਿਬ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਨਜ਼ਦੀਕੀ ਪਿੰਡ ਇਰਾਕ ਵਿਖੇ ਅੱਜ ਕੁੱਤਿਆਂ ਦੁਆਰਾ 5 ਵਿਅਕਤੀਆਂ ਨੂੰ ਕੱਟੇ ਜਾਣ ਨਾਲ ਇਰਾਕ ਅਤੇ ਨੇੜਲੇ ਪਿੰਡਾਂ ਵਿੱਚ ਸਹਿਮ ਦਾ ਮਾਹੌਲ ਹੈ। ਮਾਛੀਵਾੜਾ ਇਲਾਕੇ ਵਿੱਚ ਪਿਛਲੇ ਕੁਝ ਮਹੀਨਿਆਂ ਤੋਂ ਅਵਾਰਾ ਕੁੱਤਿਆਂ ਦੁਆਰਾ ਵੱਢੇ ਜਾਣ ਦੀਆਂ ਵਾਰਦਾਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਅੱਜ ਇੱਕ ਦਿਨ ਵਿੱਚ ਹੀ ਇਰਾਕ ਪਿੰਡ ਵਿੱਚ ਪੰਜ ਵਿਅਕਤੀਆਂ ਨੂੰ ਅਵਾਰਾ ਕੁੱਤੇ ਦੁਆਰਾ ਵੱਢੇ ਜਾਣ ਕਾਰਨ ਪਿੰਡ ਦੇ ਲੋਕ ਪੂਰੀ ਤਰ੍ਹਾਂ ਡਰ ਅਤੇ ਖੌਫ ਦੇ ਮਾਹੌਲ ਵਿਚ ਹਨ। ਕਰੀਬ ਪੌਣੇ ਤਿੰਨ ਸਾਲ ਦਾ ਬੱਚਾ ਅਮਨ ਆਪਣੇ ਘਰ ਦੇ ਗੇਟ ਅੱਗੇ ਗਲੀ ਵਿੱਚ ਖੇਡ ਰਿਹਾ ਸੀ ਜਿੱਥੇ ਅਵਾਰਾ ਕੁੱਤੇ ਨੇ ਉਸ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ, ਉਸ ਦੇ ਨੱਕ ,ਬੁੱਲ ਅਤੇ ਸਿਰ ਦੇ ਵਿੱਚ ਗਹਿਰੇ ਜ਼ਖਮ ਕਰ ਦਿੱਤੇ ਹਨ। ਜਦੋਂ ਬੱਚੇ ਦੀ ਮਮਤਾ ਆਪਣੇ ਬੱਚੇ ਨੂੰ ਬਚਾਉਣ ਲਈ ਆਈ ਤਾਂ ਕੁੱਤੇ ਨੇ ਉਸ ਤੇ ਵੀ ਹਮਲਾ ਕਰ ਦਿੱਤਾ ਤੇ ਉਸਦੇ ਗੱਲ ਅਤੇ ਕੰਨ ਨੂੰ ਬੁਰੀ ਤਰ੍ਹਾਂ ਵੀ ਦੇਖਦੇ ਹੋਏ ਹੁਣ ਉਸ ਨੋਚ ਲਿਆ। ਸੀ.ਐਚ.ਸੀ. ਮਾਛੀਵਾੜਾ ਸਟਾਫ ਨਰਸ ਹਰਮਿੰਦਰ ਕੌਰ ਨੇ ਦੱਸਿਆ ਕਿ ਜਖਮ ਜਿਆਦਾ ਗਹਿਰੇ ਹੋਣ ਕਾਰਨ ਵੀ ਕਈ ਮਾਸੂਮ ਬੱਚੇ ਅਮਨ ਅਤੇ ਉਸਦੀ ਮਾਂ ਮਮਤਾ ਨੂੰ ਪੀਜੀਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ ਹੈ।

ਕਰੀਬ ਪੌਣੇ ਕੁ ਤਿੰਨ ਸਾਲ ਦੇ ਬੱਚੇ ਅਮਨ ਦੇ ਸਿਰ ਵਿੱਚ ਗਹਿਰੇ ਜ਼ਖਮ ਹਨ ਜਦਕਿ ਇਸ ਤੋਂ ਬਿਨਾਂ ਪਿੰਡ ਇਰਾਕ ਦੇ ਹੀ ਅੱਜ ਕੁੱਤੇ ਦੁਆਰਾ ਵੱਢੇ ਗਏ ਨੈਨ, ਹੀਨਾ,ਅਭੈ ਦਾ ਇਲਾਜ ਕਰਨ ਉਪਰੰਤ ਉਹਨਾਂ ਨੂੰ ਘਰ ਭੇਜ ਦਿੱਤਾ ਗਿਆ ਹੈ।

ਪੀੜਤ ਪਰਿਵਾਰਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਇਹਨਾਂ ਅਵਾਰਾ ਕੁੱਤਿਆਂ ਦਾ ਕੋਈ ਪੱਕਾ ਹੱਲ ਕੀਤਾ ਜਾਵੇ ਕਿਉਂਕਿ ਇਹਨਾਂ ਦੇ ਭੈ ਅਤੇ ਖੌਫ ਕਾਰਨ ਬਜ਼ੁਰਗ ਬੱਚੇ ਘਰਾਂ ਤੋਂ ਬਾਹਰ ਨਹੀਂ ਨਿਕਲ ਰਹੇ, ਅਤੇ ਘਰਾਂ ਅੰਦਰ ਬੰਦ ਹੋ ਕੇ ਰਹਿਣ ਲਈ ਮਜਬੂਰ ਹੋ ਗਏ ਹਨ।

## ਗੁਰੂ ਤੇਗ ਬਹਾਦਰ ਸਕੂਲ ਹੈਡੋਂ ਦੀ ਵਿਦਿਆਰਥਣ ਨੇ ਪਾਵਰ ਲਿਫਟਿੰਗ ਵਿੱਚ ਮੱਲਿਆ ਤੀਜਾ ਸਥਾਨ



**ਮਾਛੀਵਾੜਾ ਸਾਹਿਬ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਤੇਗ ਬਹਾਦਰ ਮਾਡਲ ਸੀਨੀ. ਸੈਕੰ. ਸਕੂਲ ਹੇਡੋਂ ਬੇਟ ਦੀ ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਦਲਜੀਤ ਕੌਰ ਸਪੁੱਤਰੀ ਪ੍ਰੀਤਮ ਸਿੰਘ ਨੇ ਜਿਲ੍ਹਾ ਪੱਧਰੀ ਖੇਡਾਂ ਵਿੱਚ ਭਾਗ ਲੈਂਦਿਆਂ ਪਾਵਰ ਲਿਫਟਿੰਗ ਅੰਡਰ 19 ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਐਮ .ਡੀ. ਮੈਡਮ ਹਰਪਾਲ ਕੌਰ ਨੇ ਵਿਦਿਆਰਥਣ ਦਲਜੀਤ ਕੌਰ ਨੂੰ ਸਨਮਾਨਿਤ ਕੀਤਾ ਤੇ ਉਸਦੀ ਪ੍ਰਾਪਤੀ ਲਈ ਉਸ ਨੂੰ ਵਧਾਈ ਦਿੱਤੀ। ਸਕੂਲ ਪ੍ਰਿੰਸੀਪਲ ਬੰਤ ਸਿੰਘ ਨੇ ਵਿਦਿਆਰਥਣ ਦੀ ਇਸ ਪ੍ਰਾਪਤੀ ਤੇ ਉਸ ਦੀ ਹੌਂਸਲਾ ਅਫ਼ਜਾਈ ਕੀਤੀ ਤੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

ਸਪੋਰਟਸ ਇੰਚਾਰਜ ਦਵਿੰਦਰ ਸਿੰਘ ਦੀ ਮਿਹਨਤ ਅਤੇ ਉਹਨਾਂ ਦੀ ਇਸ ਪ੍ਰਾਪਤੀ ਤੇ ਵਧਾਈ ਦਿੱਤੀ। ਇਸ ਮੌਕੇ ਸਕੂਲ ਦੇ ਬਾਕੀ ਸਟਾਫ ਮੈਂਬਰ ਵੀ ਮੌਜੂਦ ਸਨ।

## ਸਿੱਖਿਆ 'ਤੇ ਪ੍ਰਸ਼ਾਸਕ ਦੀ ਸਲਾਹਕਾਰ ਪਰਿਸ਼ਦ ਦੀ ਸਥਾਈ ਕਮੇਟੀ ਨੇ ਪ੍ਰਮੁੱਖ ਮੁੱਦਿਆਂ ਦੀ ਸਮੀਖਿਆ ਕੀਤੀ

**ਚੰਡੀਗੜ੍ਹ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਨਾਲ ਜੁੜੇ ਵਿਭਿੰਨ ਮੁੱਦਿਆਂ 'ਤੇ ਚਰਚਾ ਲਈ ਪ੍ਰਸ਼ਾਸਕ ਦੀ ਸਲਾਹਕਾਰ ਪਰਿਸ਼ਦ ਦੀ ਸਿੱਖਿਆ ਸਬੰਧੀ ਸਥਾਈ ਕਮੇਟੀ ਦੀ ਮੀਟਿੰਗ ਅੱਜ ਯੂਟੀ ਗੈਸਟ ਹਾਊਸ, ਸੈਕਟਰ-6, ਚੰਡੀਗੜ੍ਹ ਵਿਖੇ ਸ਼੍ਰੀ ਜਤਿੰਦਰ ਪਾਲ ਮਲਹੋਤਰਾ ਦੀ ਪ੍ਰਧਾਨਗੀ ਵਿੱਚ ਆਯੋਜਿਤ ਕੀਤੀ ਗਈ।

ਮੀਟਿੰਗ ਵਿੱਚ ਸੁਸ਼੍ਰੀ ਹਰਪ੍ਰੀਤ ਕੌਰ ਬਬਲਾ, ਸਾਬਕਾ ਮੇਅਰ, ਚੰਡੀਗੜ੍ਹ; ਸ਼੍ਰੀ ਸੌਰਭ ਦੁੱਗਲ, ਪ੍ਰਧਾਨ, ਪ੍ਰੈੱਸ ਕਲੱਬ, ਚੰਡੀਗੜ੍ਹ; ਸ਼੍ਰੀ ਚਰਨਜੀਤ ਸਿੰਘ; ਸ਼੍ਰੀ ਅਵੀ ਭਸੀਨ, ਪ੍ਰਧਾਨ, ਲਘੂ ਉਦਯੋਗ ਭਾਰਤੀ; ਡਾ. ਪਾਲਿਕਾ ਅਰੋੜਾ, ਪੀਸੀਐੱਸ, ਡਾਇਰੈਕਟਰ ਉਚੇਰੀ ਸਿੱਖਿਆ ਅਤੇ ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਵਿਭਾਗ ਦੇ ਹੋਰ ਅਧਿਕਾਰੀ ਉਪਸਥਿਤ ਰਹੇ।

ਮੀਟਿੰਗ ਦੀ ਸ਼ੁਰੂਆਤ ਵਿੱਚ ਡਾਇਰੈਕਟਰ ਉਚੇਰੀ ਸਿੱਖਿਆ ਨੇ



ਸਿੱਖਿਆ ਵਿਭਾਗ ਦੀਆਂ ਮੁੱਖ ਉਪਲਬਧੀਆਂ 'ਤੇ ਸੰਖੇਪ ਪ੍ਰਸਤੁਤੀ ਦਿੱਤੀ।

ਕਮੇਟੀ ਨੇ ਪਦ-ਉੱਨਤੀ ਕੋਟੇ ਦੇ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਨੂੰ ਨਿਯਮਿਤ ਤੌਰ 'ਤੇ ਭਰਨ 'ਤੇ ਜ਼ੋਰ ਦਿੱਤਾ, ਤਾਕਿ ਕਰਮਚਾਰੀਆਂ ਦੇ ਕਰੀਅਰ ਵਿੱਚ ਗ਼ੈਰਜ਼ਰੂਰੀ ਰੁਕਾਵਟ ਨਾ ਆਵੇ। ਨਾਲ ਹੀ, ਸੀਨੀਆਰਤਾ ਸੂਚੀਆਂ ਨੂੰ ਜਲਦੀ ਅੰਤਿਮ ਰੂਪ ਦੇਣ ਅਤੇ ਵਿਦਿਆਰਥੀਆਂ ਨੂੰ ਉਚਿਤ ਕਰੀਅਰ ਅਤੇ ਲਕਸ਼ ਸਬੰਧੀ ਮਾਰਗਦਰਸ਼ਨ ਦੇਣ 'ਤੇ ਵੀ ਜ਼ੋਰ ਦਿੱਤਾ ਗਿਆ।

ਕਮੇਟੀ ਨੇ ਸਰਕਾਰੀ ਸੰਸਾਧਨਾਂ ਦੇ ਬਿਹਤਰ ਉਪਯੋਗ ਅਤੇ ਗ਼ੈਰਜ਼ਰੂਰੀ ਖਰਚ ਨੂੰ ਘੱਟ ਕਰਨ 'ਤੇ ਵੀ ਬਲ ਦਿੱਤਾ। ਕਿਉਂਕਿ ਸਰਕਾਰ ਵਿਦਿਆਰਥੀਆਂ ਨੂੰ ਮੁਫ਼ਤ ਪਾਠ-ਪੁਸਤਕਾਂ ਉਪਲਬਧ ਕਰਵਾਉਂਦੀ ਹੈ ਅਤੇ ਸਿਲੇਬਸ ਹਰ ਵਰ੍ਹੇ ਨਹੀਂ ਬਦਲਦਾ, ਇਸ ਲਈ ਵਿਦਿਆਰਥੀਆਂ ਨੂੰ ਅਕਾਦਮਿਕ ਸੈਸ਼ਨ ਪੂਰਾ ਹੋਣ ਤੋਂ ਬਾਅਦ ਚੰਗੀ ਸਥਿਤੀ ਵਾਲੀਆਂ ਕਿਤਾਬਾਂ ਵਾਪਸ ਕਰਨ ਲਈ ਪ੍ਰੋਤਸਾਹਿਤ ਕਰਨ ਦਾ ਸੁਝਾਅ ਦਿੱਤਾ ਗਿਆ, ਤਾਕਿ ਅਗਲੇ ਬੈਚ ਦੇ ਵਿਦਿਆਰਥੀ ਉਨ੍ਹਾਂ ਦਾ ਦੁਬਾਰਾ ਉਪਯੋਗ ਕਰ ਸਕਣ ਅਤੇ ਸਰਕਾਰੀ ਖਰਚ ਘੱਟ ਹੋਵੇ।

ਮੀਟਿੰਗ ਵਿੱਚ ਇਹ ਵੀ ਚਰਚਾ ਹੋਈ ਕਿ ਜਿੱਥੇ ਸੰਭਵ ਹੋਵੇ ਅਤੇ ਉਚਿਤ ਸੁਵਿਧਾ ਅਤੇ ਸੁਰੱਖਿਆ ਮਿਆਰਾਂ ਦਾ ਪਾਲਨ ਹੋਵੇ, ਉੱਥੇ ਸਕੂਲਾਂ ਦੇ ਖੇਡ ਮੈਦਾਨਾਂ ਨੂੰ ਨਿਰਧਾਰਿਤ ਸਮੇਂ ਵਿੱਚ ਆਸਪਾਸ ਦੇ ਬੱਚਿਆਂ ਲਈ ਵੀ ਉਪਲਬਧ ਕਰਵਾਇਆ ਜਾ ਸਕਦਾ ਹੈ। ਇਸ ਨਾਲ ਬੱਚਿਆਂ ਨੂੰ ਖੇਡਾਂ ਅਤੇ ਸਰੀਰਕ ਗਤੀਵਿਧੀਆਂ ਲਈ ਪ੍ਰੋਤਸਾਹਨ ਮਿਲੇਗਾ, ਫਿਟਨੈੱਸ ਅਤੇ ਇੱਕ ਤੰਦਰੁਸਤ ਜੀਵਨਸ਼ੈਲੀ ਨੂੰ ਹੁਲਾਰਾ ਮਿਲੇਗਾ ਅਤੇ ਮੌਜੂਦਾ ਖੇਡ ਸੁਵਿਧਾਵਾਂ ਦਾ ਬਿਹਤਰ ਉਪਯੋਗ ਹੋ ਸਕੇਗਾ।

ਨਿਰਮਾਣ ਅਤੇ ਹੋਰ ਵਿਕਾਸ ਕਾਰਜਾਂ ਵਿੱਚ ਬਿਹਤਰ ਤਾਲਮੇਲ ਅਤੇ ਸਮੇਂ 'ਤੇ ਕੰਮ ਪੂਰਾ ਕਰਨ ਲਈ ਚੇਅਰਮੈਨ ਨੇ ਸਿੱਖਿਆ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਅਤੇ ਇੰਜੀਨੀਅਰਿੰਗ ਵਿਭਾਗ ਦੇ ਸਿਵਲ, ਪਬਲਿਕ ਹੈਲਥ ਅਤੇ ਇਲੈਕਟ੍ਰੀਕਲ ਵਿੰਗਾਂ ਦੇ ਪ੍ਰਤੀਨਿਧੀਆਂ ਦੀ ਇੱਕ ਤਾਲਮੇਲ ਕਮੇਟੀ ਦੇ ਗਠਿਤ ਕਰਨ ਦਾ ਸੁਝਾਅ ਦਿੱਤਾ। ਇਸ ਨੂੰ ਜੇਕਰ ਸੰਭਵ ਹੋਵੇ ਤਾਂ ਦੋ ਹਫ਼ਤਿਆਂ ਦੇ ਅੰਦਰ ਗਠਿਤ ਕਰਨ ਦੀ ਗੱਲ ਕਹੀ ਗਈ।

ਚੇਅਰਮੈਨ ਨੇ ਕਾਰਜਾਂ ਦੀ ਨਿਯਮਿਤ ਜਾਂਚ ਅਤੇ ਆਡਿਟ 'ਤੇ ਵੀ ਜ਼ੋਰ ਦਿੱਤਾ, ਤਾਕਿ ਨਿਰਧਾਰਿਤ ਗੁਣਵੱਤਾ ਮਿਆਰਾਂ ਦਾ ਪਾਲਨ, ਸੰਸਾਧਨਾਂ ਦਾ ਉਚਿਤ ਉਪਯੋਗ ਅਤੇ ਕਾਰਜਾਂ ਨੂੰ ਸਮੇਂ 'ਤੇ ਪੂਰਾ ਕਰਨਾ ਸੁਨਿਸ਼ਚਿਤ ਹੋ ਸਕੇ। ਜਿੱਥੇ ਵੀ ਕਮੀਆਂ ਪਾਈਆਂ ਜਾਣ, ਉੱਥੇ ਜ਼ਿੰਮੇਦਾਰੀ ਅਤੇ ਜਵਾਬਦੇਹੀ ਤੈਅ ਕਰਨ 'ਤੇ ਵੀ ਜ਼ੋਰ ਦਿੱਤਾ ਗਿਆ।

ਮੀਟਿੰਗ ਵਿੱਚ ਤੈਅ ਬਿੰਦੂਆਂ 'ਤੇ ਹੋਈ ਕਾਰਵਾਈ ਦੀ ਸਮੀਖਿਆ ਲਈ ਅਗਲੀ ਮੀਟਿੰਗ 20 ਦਿਨਾਂ ਬਾਅਦ ਆਯੋਜਿਤ ਕੀਤੀ ਜਾਵੇਗੀ।

## ਪਿੰਡਾਂ ਵਿੱਚ ਵੱਡੇ ਇਕੱਠਾਂ ਤੋਂ ਮਿਲਦੇ ਪਿਆਰ ਸਦਕਾ ਵਾਰਿਸ ਪੰਜਾਬ ਪਾਰਟੀ ਹਲਕੇ ਵਿੱਚ ਮਜ਼ਬੂਤੀ ਵੱਲ



**ਮਾਛੀਵਾੜਾ ਸਾਹਿਬ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਸਟਰ ਸਤੀਸ਼ ਕੁਮਾਰ ਹਲਕਾ ਸਮਰਾਲਾ ਵਿੱਚ ਵਾਰਿਸ ਪੰਜਾਬ ਪਾਰਟੀ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ ਜਦੋਂ ਕਈ ਪਰਿਵਾਰਾਂ ਨੇ ਸੀਨੀਅਰ ਆਗੂ ਬਰਜਿੰਦਰ ਸਿੰਘ ਬਬਲੂ ਲੋਪੋਂ ਦੀ ਅਗਵਾਈ ਹੇਠ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ।

ਪਿੰਡ ਸਿਕੰਦਰਪੁਰ ਵਿਖੇ ਹੋ ਰਹੇ ਇਕੱਠ ਦੌਰਾਨ ਅਕਾਲੀ ਦਲ ਵਾਰਿਸ ਪੰਜਾਬ ਵਿਚ ਸ਼ਾਮਲ ਹੋਣ ਵਾਲੇ ਪਰਿਵਾਰਾਂ ਸਾਬਕਾ ਸਰਪੰਚ ਦਰਸ਼ਨ ਸਿੰਘ, ਮੇਹਰਬਾਨ ਸਿੰਘ, ਨੰਬਰਦਾਰ ਭੁੱਲਾ ਸਿੰਘ, ਵਜੀਰ ਸਿੰਘ, ਸਤਪਾਲ ਸਿੰਘ, ਸੋਨਾ ਬਾਬਾ, ਪ੍ਰੇਮ ਸਿੰਘ, ਗੁਲਾਬ ਸਿੰਘ, ਮਨਦੀਪ ਸਿੰਘ, ਸੁਰਮੁਖ ਸਿੰਘ, ਮਾਨ ਸਿੰਘ ਜਥੇਦਾਰ, ਰੇਸ਼ਮ ਸਿੰਘ ਦਾ ਬਰਜਿੰਦਰ ਸਿੰਘ ਬਬਲੂ ਲੋਪੋਂ ਨੇ ਸਿਰੋਪਾਓ ਪਾ ਕੇ ਸਵਾਗਤ ਕੀਤਾ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਸਰਕਾਰਾਂ ਤੇ ਹੋਰ ਸਿਆਸੀ ਪਾਰਟੀਆਂ ਦੇ ਝੂਠੇ ਵਾਅਦਿਆਂ ਤੋਂ ਅੱਕ ਗਏ ਹਨ ਅਤੇ ਵਾਰਿਸ ਪੰਜਾਬ ਪਾਰਟੀ ਨਾਲ ਜੁੜ ਕੇ ਸਰਕਾਰ ਬਣਾਉਣ ਲਈ ਉਤਾਵਲੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਹ ਸਮਝ ਆ ਗਈ ਹੈ ਕਿ ਵਾਰਿਸ ਪੰਜਾਬ ਪਾਰਟੀ ਹੀ ਉਨ੍ਹਾਂ ਦੇ ਹਿੱਤਾਂ ਦੀ ਗੱਲ ਕਰਦੀ ਹੈ, ਪੰਜਾਬ ਨੂੰ ਨਸ਼ਿਆਂ ਤੇ ਕਰਜ਼ਿਆਂ ਤੋਂ ਮੁਕਤ ਕਰੇਗੀ।

## ਚੰਡੀਗੜ੍ਹ ਲੇਬਰ ਵੈਲਫੇਅਰ ਬੋਰਡ ਨੇ ਮਜ਼ਦੂਰਾਂ ਨੂੰ ਕਿਰਤ ਅਧਿਕਾਰਾਂ ਅਤੇ ਕਲਿਆਣਕਾਰੀ ਲਾਭਾਂ ਬਾਰੇ ਜਾਗਰੂਕ ਕਰਨ ਲਈ ਜਾਗਰੂਕਤਾ ਕੈਂਪ ਆਯੋਜਿਤ ਕੀਤੇ

**ਚੰਡੀਗੜ੍ਹ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਰਤ ਵਿਭਾਗ, ਚੰਡੀਗੜ੍ਹ ਦੀ ਸਰਪ੍ਰਸਤੀ ਵਿੱਚ ਚੰਡੀਗੜ੍ਹ ਲੇਬਰ ਵੈਲਫੇਅਰ ਬੋਰਡ ਦੁਆਰਾ ਸ਼ਹਿਰ ਦੇ ਵਿਭਿੰਨ ਅਦਾਰਿਆਂ ਵਿੱਚ ਜਾਗਰੂਕਤਾ ਕੈਂਪਾਂ ਦੀ ਇੱਕ ਸੀਰੀਜ਼ ਆਯੋਜਿਤ ਕੀਤੀ ਗਈ। ਇਨ੍ਹਾਂ ਅਦਾਰਿਆਂ ਵਿੱਚ ਆਈਟੀ ਪਾਰਕ ਸਥਿਤ ਈ-ਕਲੈਰਕਸ ਅਤੇ ਡੀਐੱਲਐੱਫ ਬਿਲਡਿੰਗ, ਅਤੇ ਸੈਕਟਰ 43 ਵਿੱਚ ਐੱਚਡੀਐੱਫਸੀ ਲਾਇਫ ਇੰਸ਼ੋਰੈਂਸ ਦਫ਼ਤਰ ਸ਼ਾਮਲ ਹਨ। ਇਨ੍ਹਾਂ ਕੈਂਪਾਂ ਦਾ ਉਦੇਸ਼ ਮਜ਼ਦੂਰਾਂ ਨੂੰ ਉਨ੍ਹਾਂ ਦੇ ਕਾਨੂੰਨੀ ਅਧਿਕਾਰਾਂ, ਲਾਗੂ ਕਿਰਤ ਕਾਨੂੰਨਾਂ ਅਤੇ ਸੰਗਠਿਤ ਖੇਤਰ ਵਿੱਚ ਪਾਤਰ ਕਾਮਿਆਂ ਲਈ ਉਪਲਬਧ ਵਿਭਿੰਨ ਕਲਿਆਣਕਾਰੀ ਯੋਜਨਾਵਾਂ ਬਾਰੇ ਜਾਗਰੂਕ ਕਰਨਾ ਸੀ।

ਇਹ ਜਾਗਰੂਕਤਾ ਪ੍ਰੋਗਰਾਮ ਵਰਕਰਾਂ ਵਿੱਚ ਜਾਗਰੂਕਤਾ ਵਧਾਉਣ, ਕਿਰਤ ਕਾਨੂੰਨਾਂ ਦੇ ਅਨੁਪਾਲਨ ਨੂੰ ਪ੍ਰੋਤਸਾਹਿਤ ਕਰਨ ਅਤੇ ਜ਼ਮੀਨੀ ਪੱਧਰ 'ਤੇ ਕਲਿਆਣਕਾਰੀ ਲਾਭਾਂ ਦੀ ਪ੍ਰਭਾਵੀ ਡਿਲਿਵਰੀ ਸੁਨਿਸ਼ਚਿਤ ਕਰਨ ਲਈ ਬੋਰਡ ਦੁਆਰਾ ਕੀਤੇ ਜਾ ਰਹੇ ਨਿਰੰਤਰ ਪ੍ਰਯਾਸਾਂ ਦਾ ਹਿੱਸਾ ਹਨ। ਕੈਂਪਾਂ ਦੇ ਦੌਰਾਨ ਚੰਡੀਗੜ੍ਹ ਲੇਬਰ ਵੈਲਫੇਅਰ ਬੋਰਡ ਦੇ ਅਧਿਕਾਰੀਆਂ ਨੇ ਮਜ਼ਦੂਰਾਂ ਨਾਲ ਸੰਵਾਦ ਕੀਤਾ ਅਤੇ ਕਿਰਤ ਕਾਨੂੰਨਾਂ ਦੇ ਮਹੱਤਵਪੂਰਨ ਪ੍ਰਾਵਧਾਨਾਂ ਨੂੰ ਸਰਲ ਅਤੇ ਸੁਗਮ ਭਾਸ਼ਾ ਵਿੱਚ ਸਮਝਾਇਆ, ਤਾਕਿ ਉਹ ਕਾਰਜ ਸਥਲ 'ਤੇ ਆਪਣੇ ਅਧਿਕਾਰਾਂ ਅਤੇ ਹੱਕਦਾਰੀਆਂ ਨੂੰ ਬਿਹਤਰ ਢੰਗ ਨਾਲ ਸਮਝ ਸਕਣ। ਮਜ਼ਦੂਰਾਂ ਨੂੰ ਗ੍ਰੈਚੁਟੀ ਭੁਗਤਾਨ, ਸਮਾਨ ਕਾਰਜ ਲਈ ਸਮਾਨ ਤਨਖਾਹ ਅਤੇ ਹੋਰ ਲਾਗੂ ਕਿਰਤ ਕਾਨੂੰਨਾਂ ਅਤੇ ਰੋਜ਼ਗਾਰ ਸਬੰਧੀ ਪ੍ਰਾਵਧਾਨਾਂ ਬਾਰੇ ਜਾਗਰੂਕ ਕੀਤਾ ਗਿਆ। ਅਦਾਰਿਆਂ ਦੁਆਰਾ ਕਾਨੂੰਨੀ ਜ਼ਿੰਮੇਵਾਰੀਆਂ ਦਾ ਸਮੇਂ 'ਤੇ ਪਾਲਨ ਸੁਨਿਸ਼ਚਿਤ ਕਰਨ ਅਤੇ ਮਜ਼ਦੂਰਾਂ ਨੂੰ ਕਾਨੂੰਨ ਦੇ ਤਹਿਤ ਉਪਲਬਧ ਸੁਰੱਖਿਆ ਅਤੇ ਹੱਕਾਂ ਬਾਰੇ ਢੁਕਵੀਂ ਜਾਣਕਾਰੀ ਦੇਣ ਦੇ ਮਹੱਤਵ 'ਤੇ ਵੀ ਜ਼ੋਰ ਦਿੱਤਾ ਗਿਆ। ਅਧਿਕਾਰੀਆਂ ਨੇ ਰੋਜ਼ਗਾਰ ਦੀਆਂ ਸ਼ਰਤਾਂ, ਕਾਨੂੰਨੀ ਲਾਭਾਂ, ਕਾਰਜ ਸਥਲ ਸਬੰਧੀ ਅਧਿਕਾਰਾਂ ਅਤੇ ਸ਼ਿਕਾਇਤ-ਨਿਵਾਰਣ ਤੰਤਰ ਬਾਰੇ ਜਾਗਰੂਕਤਾ ਦੇ ਮਹੱਤਵ 'ਤੇ ਵੀ ਪ੍ਰਕਾਸ਼ ਪਾਇਆ। ਮਜ਼ਦੂਰਾਂ ਨੂੰ ਪ੍ਰੋਤਸਾਹਿਤ ਕੀਤਾ ਗਿਆ ਕਿ ਜੇਕਰ ਉਨ੍ਹਾਂ ਨੂੰ ਕਲਿਆਣਕਾਰੀ ਲਾਭ ਪ੍ਰਾਪਤ ਕਰਨ ਜਾਂ ਆਪਣੇ ਕਾਨੂੰਨੀ ਅਧਿਕਾਰਾਂ ਦਾ ਉਪਯੋਗ ਕਰਨ ਵਿੱਚ ਕਿਸੇ ਪ੍ਰਕਾਰ ਦੀ ਕਠਿਨਾਈ ਦਾ ਸਾਹਮਣਾ ਕਰਨਾ ਪਵੇ, ਤਾਂ ਉਹ ਉਚਿਤ ਜਾਣਕਾਰੀ ਅਤੇ ਸਹਾਇਤਾ ਪ੍ਰਾਪਤ ਕਰਨ। ਕੈਂਪਾਂ ਵਿੱਚ ਚੰਡੀਗੜ੍ਹ ਲੇਬਰ ਵੈਲਫੇਅਰ ਬੋਰਡ ਦੁਆਰਾ ਸੰਗਠਿਤ ਖੇਤਰ ਵਿੱਚ ਪਾਤਰ ਕਾਮਿਆਂ ਲਈ ਲਾਗੂ ਕੀਤੀਆਂ ਜਾ ਰਹੀਆਂ ਵਿਭਿੰਨ ਕਲਿਆਣਕਾਰੀ ਯੋਜਨਾਵਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ। ਅਧਿਕਾਰੀਆਂ ਨੇ ਵਿਭਿੰਨ ਯੋਜਨਾਵਾਂ ਦੇ ਪਾਤਰਤਾ ਮਾਪਦੰਡਾਂ, ਅਰਜ਼ੀ ਪ੍ਰਕਿਰਿਆ ਅਤੇ ਉਪਲਬਧ ਲਾਭਾਂ ਦੀ ਵਿਸਤ੍ਰਿਤ ਜਾਣਕਾਰੀ ਦਿੱਤੀ। ਇਨ੍ਹਾਂ ਯੋਜਨਾਵਾਂ ਵਿੱਚ ਸਕਾਲਰਸ਼ਿਪ ਸਹਾਇਤਾ, ਜਣੇਪਾ ਲਾਭ, ਕੰਨਿਆਦਾਨ ਸਹਾਇਤਾ, ਐਨਕਾਂ, ਬਣਾਉਟੀ ਦੰਦਾਂ ਅਤੇ ਸੁਣਨ ਵਾਲੇ ਸਾਧਨਾਂ ਲਈ ਸਹਾਇਤਾ, ਮੌਤ-ਦਾਅਵਾ ਸਹਾਇਤਾ, ਵਿਧਵਾ ਪੈਨਸ਼ਨ, ਦਿੱਵਯਾਂਗਤਾ ਪੈਨਸ਼ਨ, ਅੰਤਿਮ ਸੰਸਕਾਰ ਸਹਾਇਤਾ, ਟ੍ਰਾਇਸਾਇਕਲਾਂ ਦੀ ਸਪਲਾਈ ਅਤੇ ਬੋਰਡ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਹੋਰ ਕਲਿਆਣਕਾਰੀ ਲਾਭ ਸ਼ਾਮਲ ਹਨ।



ਮਜ਼ਦੂਰਾਂ ਨੂੰ ਸਲਾਹ ਦਿੱਤੀ ਗਈ ਕਿ ਉਹ ਉਨ੍ਹਾਂ ਸਾਰੀਆਂ ਕਲਿਆਣਕਾਰੀ ਯੋਜਨਾਵਾਂ ਦਾ ਪੂਰਾ ਲਾਭ ਉਠਾਉਣ ਜਿਨ੍ਹਾਂ ਲਈ ਉਹ ਪਾਤਰ ਹਨ। ਉਨ੍ਹਾਂ ਨੂੰ ਰਜਿਸਟ੍ਰੇਸ਼ਨ, ਰਜਿਸਟ੍ਰੇਸ਼ਨ ਦੇ ਨਵੀਨੀਕਰਣ, ਅਰਜ਼ੀਆਂ ਜਮ੍ਹਾਂ ਕਰਵਾਉਣ, ਦਸਤਾਵੇਜ਼ਾਂ, ਪਾਤਰਤਾ ਅਤੇ ਕਲਿਆਣਕਾਰੀ ਲਾਭ ਪ੍ਰਾਪਤ ਕਰਨ ਨਾਲ ਸਬੰਧਿਤ ਸਹਾਇਤਾ ਲਈ ਚੰਡੀਗੜ੍ਹ ਲੇਬਰ ਵੈਲਫੇਅਰ ਬੋਰਡ ਨਾਲ ਸੰਪਰਕ ਕਰਨ ਲਈ ਵੀ ਪ੍ਰੋਤਸਾਹਿਤ ਕੀਤਾ ਗਿਆ। ਅਧਿਕਾਰੀਆਂ ਨੇ ਦੁਹਰਾਇਆ ਕਿ ਮਜ਼ਦੂਰਾਂ ਵਿੱਚ ਜਾਗਰੂਕਤਾ ਕਿਰਤ-ਕਲਿਆਣ ਉਪਾਵਾਂ ਦੇ ਪ੍ਰਭਾਵੀ ਲਾਗੂਕਰਨ ਲਈ ਅਤਿਅੰਤ ਜ਼ਰੂਰੀ ਹੈ। ਕਾਰਜ ਸਥਲਾਂ 'ਤੇ ਮਜ਼ਦੂਰਾਂ ਨਾਲ ਨਿਯਮਿਤ ਸੰਵਾਦ ਨਾਲ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਸਮਝਣ, ਉਨ੍ਹਾਂ ਨੂੰ ਸਿੱਧੇ ਤੌਰ 'ਤੇ ਜਾਣਕਾਰੀ ਪ੍ਰਦਾਨ ਕਰਨ ਅਤੇ ਕਾਨੂੰਨੀ ਅਧਿਕਾਰਾਂ ਅਤੇ ਕਲਿਆਣਕਾਰੀ ਲਾਭਾਂ ਤੱਕ ਉਨ੍ਹਾਂ ਦੀ ਪਹੁੰਚ ਨੂੰ ਸੁਗਮ ਬਣਾਉਣ ਦਾ ਅਵਸਰ ਵੀ ਮਿਲਦਾ ਹੈ।

ਚੰਡੀਗੜ੍ਹ ਲੇਬਰ ਵੈਲਫੇਅਰ ਬੋਰਡ ਸ਼ਹਿਰ ਦੇ ਵਿਭਿੰਨ ਅਦਾਰਿਆਂ ਅਤੇ ਕਾਰਜ ਸਥਲਾਂ 'ਤੇ ਜਾਗਰੂਕਤਾ, ਸੰਵੇਦਨਸ਼ੀਲਤਾ ਅਤੇ ਆਊਟਰੀਚ ਪ੍ਰੋਗਰਾਮਾਂ ਦਾ ਆਯੋਜਨ ਜਾਰੀ ਰੱਖੇਗਾ, ਤਾਕਿ ਪਾਤਰ ਕਾਮੇ ਆਪਣੇ ਕਾਨੂੰਨੀ ਅਧਿਕਾਰਾਂ, ਕਿਰਤ ਕਾਨੂੰਨਾਂ ਦੇ ਤਹਿਤ ਉਪਲਬਧ ਸੁਰੱਖਿਆ ਅਤੇ ਕਲਿਆਣਕਾਰੀ ਲਾਭਾਂ ਬਾਰੇ ਪੂਰੀ ਤਰ੍ਹਾਂ ਜਾਣੂ ਰਹਿਣ। ਇਨ੍ਹਾਂ ਪਹਿਲਾਂ ਦਾ ਉਦੇਸ਼ ਜਾਗਰੂਕਤਾ, ਅਨੁਪਾਲਨ, ਸਮਾਜਿਕ ਸੁਰੱਖਿਆ ਅਤੇ ਮਜ਼ਦੂਰ ਕਲਿਆਣ ਦੇ ਸੱਭਿਆਚਾਰ ਨੂੰ ਹੁਲਾਰਾ ਦੇਣ ਦੇ ਨਾਲ-ਨਾਲ ਮਜ਼ਦੂਰਾਂ, ਅਦਾਰਿਆਂ ਅਤੇ ਕਿਰਤ ਵਿਭਾਗ ਦੇ ਦਰਮਿਆਨ ਤਾਲਮੇਲ ਨੂੰ ਹੋਰ ਮਜ਼ਬੂਤ ਕਰਨਾ ਹੈ।

## ਮੀਰੀ ਪੀਰੀ ਖਾਲਸਾ ਮਾਰਚ ਦਾ ਮਾਛੀਵਾੜਾ ਵਿਖੇ ਪੁੱਜਣ ਤੇ ਹੋਇਆ ਭਰਵਾਂ ਸਵਾਗਤ

**ਮਾਛੀਵਾੜਾ ਸਾਹਿਬ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਦਿਵਸ ਨੂੰ ਸਮਰਪਿਤ ਮੀਰੀ ਪੀਰੀ ਖਾਲਸਾ ਮਾਰਚ ਜੋ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਤੋਂ ਸ਼ੁਰੂ ਹੋਇਆ ਸੀ, ਉਹ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਮਾਛੀਵਾੜਾ ਸਾਹਿਬ ਵਿਖੇ ਪੁੱਜਾ।

ਇਸ ਖਾਲਸਾ ਮਾਰਚ ਵਿਚ ਵਿਸ਼ੇਸ਼ ਤੌਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਅਤੇ ਹੋਰ ਧਾਰਮਿਕ ਸਖ਼ਸ਼ੀਅਤਾਂ ਸ਼ਾਮਲ ਸਨ। ਜਿਉਂ ਹੀ ਖਾਲਸਾ ਮਾਰਚ ਮਾਛੀਵਾੜਾ ਸਾਹਿਬ ਪੁੱਜਾ ਤਾਂ ਆੜ੍ਹਤੀ ਐਸੋਸ਼ੀਏਸ਼ਨ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਇਤਿਹਾਸਕ ਗੁਰਦੁਆਰਾ ਗਨੀ ਖਾਂ ਨਬੀ ਖਾਂ ਸਾਹਿਬ ਪੁੱਜਣ 'ਤੇ ਸੰਗਤਾਂ ਵਲੋਂ




ਬਾਬਾ ਲਖਵੀਰ ਸਿੰਘ ਲੱਖਾ ਕਾਰ ਸੇਵਾ ਵਾਲਿਆਂ ਨੇ ਪੰਜ ਪਿਆਰਿਆਂ ਨੂੰ ਸਿਰੋਪਾਓ ਪਾ ਕੇ ਸਵਾਗਤ ਕੀਤਾ। ਨਗਰ ਕੌਂਸਲ ਮਾਛੀਵਾੜਾ ਵਲੋਂ ਕਾਰਜ ਸਾਧਕ ਅਫ਼ਸਰ ਬਿਕਰਮਜੀਤ ਸਿੰਘ ਦੀ ਅਗਵਾਈ ਹੇਠ ਖਾਲਸਾ ਮਾਰਚ ਦਾ ਸਵਾਗਤ ਕੀਤਾ ਗਿਆ। ਚਰਨ ਕੰਵਲ ਸਾਹਿਬ ਚੌਂਕ ਵਿਖੇ ਸਮੂਹ ਦੁਕਾਨਦਾਰਾਂ ਨੇ ਖਾਲਸਾ ਮਾਰਚ ਦਾ ਸਵਾਗਤ ਕੀਤਾ ਅਤੇ ਜਥੇਦਾਰ ਗੜਗੱਜ ਅਤੇ ਪੰਜ ਪਿਆਰਿਆਂ ਨੂੰ ਸਿਰੋਪੇ ਭੇਟ ਕੀਤੇ। ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਪੁੱਜਣ 'ਤੇ ਅਕਾਲੀ ਦਲ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਹਰਜਤਿੰਦਰ ਸਿੰਘ ਬਾਜਵਾ, ਰਣਜੀਤ ਸਿੰਘ ਮੰਗਲੀ (ਦੋਵੇਂ ਸ਼੍ਰੋਮਣੀ ਕਮੇਟੀ ਮੈਂਬਰ) ਨੇ ਖਾਲਸਾ ਮਾਰਚ ਦਾ ਸਵਾਗਤ ਕੀਤਾ। ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਅਤੇ ਖਾਲਸਾ ਮਾਰਚ 'ਚ ਸ਼ਾਮਲ ਸੰਗਤ ਨਤਮਸਤਕ ਹੋਈ ਅਤੇ ਇੱਥੇ ਸ਼੍ਰੋਮਣੀ ਕਮੇਟੀ ਵਲੋਂ ਸੰਗਤ ਲਈ ਵਿਸ਼ੇਸ਼ ਤੌਰ 'ਤੇ ਲੰਗਰ ਦੇ ਪ੍ਰਬੰਧ ਕੀਤੇ ਗਏ ਸਨ। ਸਾਰੇ ਰਸਤੇ ਵਿਚ ਮਾਛੀਵਾੜਾ ਸਾਹਿਬ ਦੀਆਂ ਸੰਗਤਾਂ ਵਲੋਂ ਫੁੱਲਾਂ ਦੀ ਵਰਖਾ ਕਰਕੇ ਪਾਲਕੀ ਸਾਹਿਬ 'ਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸੀਸ ਝੁਕਾਇਆ। ਇਹ ਖਾਲਸਾ ਮਾਰਚ ਅਗਲੇ ਪੜਾਅ ਲਈ ਰਵਾਨਾ ਹੋ ਗਿਆ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਬੇਅਦਬੀ ਕਾਨੂੰਨ ਸਬੰਧੀ ਸੋਧ ਲਈ ਸਰਕਾਰ ਨੂੰ 2 ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਇਸ ਸਬੰਧੀ ਇੱਕ 5 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਸ ਵਿਚ 2 ਸੇਵਾਮੁਕਤ ਜੱਜ ਅਤੇ ਹੋਰ ਵਿਦਵਾਨ ਸ਼ਾਮਲ ਹਨ ਜੋ ਸਰਕਾਰ ਨੂੰ ਇਸ ਵਿਚ ਸੋਧ ਲਈ ਸੁਝਾਅ ਦੇਣਗੇ। ਉਨ੍ਹਾਂ ਕਿਹਾ ਕਿ ਜੇਕਰ ਪਾਬੰਦ ਸਮੇਂ ਵਿਚ ਬੇਅਦਬੀ ਕਾਨੂੰਨ ਸੋਧ ਨਾ ਕੀਤਾ ਤਾਂ ਫਿਰ ਪੰਥ ਦੋਖੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੱਜਣ ਨਹੀਂ ਦੇਵਾਂਗੇ। ਇਹ ਨਗਰ ਕੀਰਤਨ ਦਾ ਮੁੱਖ ਉਦੇਸ਼ ਸਾਡੀ ਆਉਣ ਵਾਲੀ ਪੀੜ੍ਹੀ ਜਿਸ ਵਿਚ ਨੌਜਵਾਨ ਤੇ ਬੱਚੇ ਸ਼ਾਮਲ ਹਨ ਉਨ੍ਹਾਂ ਨੂੰ ਬਾਣੀ ਨਾਲ ਜੋੜਨਾ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿਚ ਵਧ ਰਿਹਾ ਨਸ਼ਿਆਂ ਦਾ ਪ੍ਰਕੋਪ ਚਿੰਤਾ ਦਾ ਵਿਸ਼ਾ ਹੈ ਜਿਸ ਦੀ ਰੋਕਥਾਮ ਲਈ ਧਾਰਮਿਕ ਸੰਸਥਾਵਾਂ ਵਲੋਂ ਗੁਰੂ ਸਾਹਿਬਾਨਾਂ ਨੂੰ ਸਮਰਪਿਤ ਅਜਿਹੇ ਖਾਲਸਾ ਮਾਰਚ ਸਜਾ ਕੇ ਉਪਰਾਲੇ ਕੀਤੇ ਜਾ ਰਹੇ ਹਨ ਉੱਥੇ ਸਰਕਾਰਾਂ ਨੂੰ ਨਸ਼ਾ ਤਸਕਰੀ ਰੋਕਣ ਲਈ ਸਖ਼ਤ ਕਦਮ ਉਠਾਉਣ ਦੀ ਲੋੜ ਹੈ। ਉਨ੍ਹਾਂ ਜਿਹੜੇ ਬੱਚੇ ਸਿੱਖੀ ਸਵਰੂਪ ਵਿਚ ਸਜੇ ਸਨ ਉਨ੍ਹਾਂ ਨੂੰ ਆਪਣੇ ਕੋਲ ਬੁਲਾ ਕੇ ਸਿਰੋਪੇ ਭੇਟ ਕੀਤੇ ਅਤੇ ਉਨ੍ਹਾਂ ਨੂੰ ਬਾਣੀ ਪੜ੍ਹਨ ਲਈ ਪ੍ਰੇਰਿਤ ਕੀਤਾ।

# ਵਿਸ਼ੇਸ਼ ਗਹਿਰਾਈ ਸੁਧਾਈ (ਐਸ ਆਈ ਆਰ )-2026 ਤਹਿਤ ਵੋਟਰ ਜਾਗਰੂਕਤਾ ਅਤੇ ਨਾਮ ਦਰਜ ਮੁਹਿੰਮ ਸਬੰਧੀ ਮੀਟਿੰਗ

**ਪਟਿਆਲਾ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਸ਼ੇਸ਼ ਗਹਿਰਾਈ ਸੁਧਾਈ –2026 ਤਹਿਤ ਨੌਜਵਾਨਾਂ ਅਤੇ ਯੋਗ ਨਾਗਰਿਕਾਂ ਨੂੰ ਵੋਟਰ ਵਜੋਂ ਰਜਿਸਟਰ ਕਰਨ, ਵੋਟਰ ਸੂਚੀਆਂ ਦੀ ਸ਼ੁੱਧਤਾ ਯਕੀਨੀ ਬਣਾਉਣ ਅਤੇ ਚੋਣ ਪ੍ਰਕਿਰਿਆ ਸਬੰਧੀ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕਰਨ ਲਈ ਮਾਨਯੋਗ ਵਧੀਕ ਜ਼ਿਲ੍ਹਾ ਚੋਣ ਅਫਸਰ–ਕਮ– ਵਧੀਕ ਡਿਪਟੀ ਕਮਿਸ਼ਨਰ, ਪਟਿਆਲਾ ਜੀ ਦੇ ਹੁਕਮਾਂ ਦੀ ਪਾਲਣਾ ਹਿੱਤ ਸਵੀਪ ਨੋਡਲ ਅਫਸਰ, ਸ਼੍ਰੀ ਸਵਿੰਦਰ ਰੇਖੀ ਅਤੇ ਸ਼੍ਰੀ ਵਿਜੈ ਕੁਮਾਰ, ਚੋਣ ਤਹਿਸੀਲਦਾਰ ਪਟਿਆਲਾ ਜੀ ਅਗਵਾਈ ਹੇਠ (ਐਸ ਆਈ ਆਰ ) ਨੂੰ ਮੱਦੇਨਜ਼ਰ ਰੱਖਦਿਆਂ ਅੱਜ ਸਾਰੇ ਵਿਦਿਅਕ ਅਦਾਰਿਆਂ ਦੇ ਮੁਖੀਆਂ ਅਤੇ ਵਿਧਾਨ ਸਭਾ ਹਲਕਾ ਪੱਧਰੀ ਸਵੀਪ ਨੋਡਲ ਅਫ਼ਸਰਾਂ ਨਾਲ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਯੋਗਤਾ ਮਿਤੀ 01.10.2026 ਦੇ ਆਧਾਰ ਤੇ ਯੋਗ ਵੋਟਰਾਂ ਨੂੰ ਬਤੌਰ ਵੋਟਰ ਰਜਸਿਟਰੇਸ਼ਨ ਕਰਨ ਦੀ ਵਿਸ਼ੇਸ਼ ਮੁਹਿੰਮ ਚਲਾਉਣ ਸਬੰਧੀ ਵਿਸਥਾਰ ਨਾਲ ਵਿਚਾਰ–ਵਟਾਂਦਰਾ ਕੀਤਾ ਗਿਆ। ਇਸ ਮੁਹਿੰਮ ਦਾ ਮੁੱਖ ਉਦੇਸ਼ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਯੋਗ ਵਿਦਿਆਰਥੀਆਂ ਅਤੇ ਨਾਗਰਿਕਾਂ ਨੂੰ ਨਵੇਂ ਵੋਟਰ ਵਜੋਂ ਰਜਿਸਟਰ ਹੋਣ ਲਈ ਉਤਸ਼ਾਹਿਤ ਕਰਨਾ ਹੈ।

ਮੀਟਿੰਗ ਦੌਰਾਨ ਵਿਦਿਅਕ ਅਦਾਰਿਆਂ ਨੂੰ ਹਦਾਇਤ ਕੀਤੀ ਗਈ ਕਿ 1 ਅਕਤੂਬਰ 2026 ਨੂੰ ਯੋਗਤਾ ਮਿਤੀ ਮੰਨਦੇ ਹੋਏ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਯੋਗ ਵਿਦਿਆਰਥੀਆਂ ਦੇ ਫਾਰਮ–6 ਭਰਵਾਏ ਜਾਣ। ਫਾਰਮ–6 ਸਬੰਧੀ ਹਫ਼ਤਾਵਾਰੀ ਇਕੱਠੀ ਰਿਪੋਰਟ ਹਰ ਸੋਮਵਾਰ ਦਫ਼ਤਰ ਨੂੰ ਭੇਜਣ ਲਈ ਕਿਹਾ ਗਿਆ।

ਇਸ ਤੋਂ ਇਲਾਵਾ ਵਿਦਿਅਕ ਅਦਾਰਿਆਂ ਵਿੱਚ ਇਲੈਕਟਰਾਲ ਲਿਟਰੇਸੀ ਕਲੱਬ ਦੀਆਂ ਗਤੀਵਿਧੀਆਂ ਨੂੰ ਸਰਗਰਮ ਕਰਨ, (ਈ ਐਲ ਸੀ) ਦੇ ਸੋਸ਼ਲ ਮੀਡੀਆ ਖਾਤੇ ਬਣਾਉਣ ਅਤੇ ਵੋਟਰ ਜਾਗਰੂਕਤਾ ਨਾਲ ਸਬੰਧਤ ਗਤੀਵਿਧੀਆਂ ਨੂੰ ਸੋਸ਼ਲ ਮੀਡੀਆ ’ਤੇ ਸਾਂਝਾ ਕਰਨ ਲਈ ਕਿਹਾ ਗਿਆ।

ਵਿਦਿਆਰਥੀਆਂ ਵਿੱਚ ਚੋਣ ਸਾਖਰਤਾ ਵਧਾਉਣ ਲਈ ਓਨ ਲਾਈਨ × ਆਫ ਲਾਈਨ ਕੁਇਜ਼ , ਵਾਦ–ਵਿਵਾਦ, ਪੋਸਟਰ ਮੇਕਿੰਗ, ਨਾਅਰਾ ਲੇਖਣ, ਲੇਖ ਮੁਕਾਬਲੇ ਅਤੇ ਜਾਗਰੂਕਤਾ ਸੈਸ਼ਨ ਆਦਿ ਕਰਵਾਉਣ ’ਤੇ ਵੀ ਜ਼ੋਰ ਦਿੱਤਾ ਗਿਆ। ਨਵੇਂ ਯੋਗ ਵੋਟਰਾਂ ਨੂੰ ਵੋਟਰ ਵਜੋਂ ਰਜਿਸਟਰ ਹੋਣ ਲਈ ਪ੍ਰੇਰਿਤ ਕਰਨ ਅਤੇ ਈ ਐਲ ਸੀ ਮੈਂਬਰਾਂ ਨੂੰ ਆਪਣੇ ਸਾਥੀਆਂ ਅਤੇ ਭਾਈਚਾਰੇ ਵਿੱਚ ਚੋਣ ਸਾਖਰਤਾ ਦੇ ਨੁਮਾਇੰਦੇ ਵਜੋਂ ਕੰਮ ਕਰਨ ਲਈ ਉਤਸ਼ਾਹਿਤ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਐਸ ਆਈ ਆਰ –2026 ਸਬੰਧੀ ਜ਼ਿਲ੍ਹਾ ਪੱਧਰ ’ਤੇ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ ਰਾਹੀਂ ਵਿਆਪਕ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ। ਸਥਾਨਕ ਐੱਫ ਐੱਮ ਰੇਡੀਓ ਚੈਨਲਾਂ, ਅਖ਼ਬਾਰਾਂ ਅਤੇ ਨਿਊਜ਼ ਪੋਰਟਲਾਂ ਰਾਹੀਂ ਵੋਟਰ ਜਾਗਰੂਕਤਾ ਸੰਦੇਸ਼ ਪ੍ਰਸਾਰਿਤ ਕਰਨ ਲਈ ਕਿਹਾ ਗਿਆ।

ਇਸ ਦੇ ਨਾਲ ਹੀ ਪ੍ਰਮੁੱਖ ਜਨਤਕ ਥਾਵਾਂ ’ਤੇ ਬੈਨਰ, ਹੋਰਡਿੰਗ, ਪੋਸਟਰ ਅਤੇ ਫਲੈਕਸ ਬੋਰਡ ਲਗਾ ਕੇ ਐਸ ਆਈ ਆਰ –2026, ਵੋਟਰ ਰਜਿਸਟ੍ਰੇਸ਼ਨ, ਵੋਟਰ ਵੇਰੀਫਿਕੇਸ਼ਨ ਅਤੇ ਵੋਟਰ ਸੇਵਾਵਾਂ ਸਬੰਧੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਣ ਲਈ ਪ੍ਰੇਰਿਤ ਕੀਤਾ ਗਿਆ।

ਖੇਡਾਂ, ਕਲਾ, ਸਿੱਖਿਆ ਅਤੇ ਸਮਾਜਿਕ ਖੇਤਰ ਨਾਲ ਜੁੜੀਆਂ ਪ੍ਰਮੁੱਖ ਸ਼ਖ਼ਸੀਅਤਾਂ ਦੇ ਵੋਟਰ ਜਾਗਰੂਕਤਾ ਸੰਦੇਸ਼ ਰਿਕਾਰਡ ਕਰਵਾ ਕੇ ਅਧਿਕਾਰਤ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਰਾਹੀਂ ਲੋਕਾਂ ਨੂੰ ਜਾਗਰੂਕ ਕਰਨ ਲਈ ਕਿਹਾ ਗਿਆ। ਮੀਟਿੰਗ ਵਿੱਚ ਕਿਹਾ ਗਿਆ ਕਿ ਸਮੂਹ ਵਿਧਾਨ ਸਭਾ ਹਲਕਾ ਪੱਧਰ ’ਤੇ ਪੋਲਿੰਗ ਸਟੇਸ਼ਨਾਂ ਅਤੇ ਹੋਰ ਨਿਰਧਾਰਤ ਸਥਾਨਾਂ ’ਤੇ ਵੋਟਰ ਜਾਗਰੂਕਤਾ ਕੈਂਪ ਲਗਾਏ ਜਾਣ, ਬੀ ਐਲ ਓਜ਼ ਅਤੇ ਬੀ ਐਲ ਏਜ਼ ਰਾਹੀਂ ਘਰ–ਘਰ ਜਾਗਰੂਕਤਾ ਮੁਹਿੰਮ ਚਲਾਈ ਜਾਵੇ ਅਤੇ ਵੋਟਰ ਰਜਿਸਟ੍ਰੇਸ਼ਨ, ਸੋਧ, ਤਸਦੀਕ ਅਤੇ ਹੋਰ ਵੋਟਰ ਸੇਵਾਵਾਂ ਸਬੰਧੀ ਸਹਾਇਤਾ ਪ੍ਰਦਾਨ ਕੀਤੀ ਜਾਵੇ। ਪਿੰਡਾਂ, ਵਾਰਡਾਂ, ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨਾਂ ਅਤੇ ਗ੍ਰਾਮ ਪੰਚਾਇਤਾਂ ਵਿੱਚ ਜਾਗਰੂਕਤਾ ਮੀਟਿੰਗਾਂ ਕਰਵਾਈਆਂ ਜਾਣ ਅਤੇ ਵੋਟਰ ਜਾਗਰੂਕਤਾ ਪੈਂਫਲਿਟ, ਪੋਸਟਰ ਅਤੇ ਆਈ ਈ ਸੀ ਸਮੱਗਰੀ ਵੰਡੀ ਜਾਵੇ ਅਤੇ ਸਥਾਨਕ ਜਨਤਕ ਐਲਾਨ ਪ੍ਰਣਾਲੀ ਰਾਹੀਂ ਵੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਹਰੇਕ ਵਿਧਾਨ ਸਭਾ ਹਲਕੇ ਵਿੱਚ ਖੇਡਾਂ, ਕਲਾ, ਸਿੱਖਿਆ ਅਤੇ ਸਮਾਜਿਕ ਖੇਤਰ ਨਾਲ ਸਬੰਧਤ ਇੱਕ ਪ੍ਰਮੁੱਖ ਸ਼ਖ਼ਸੀਅਤ ਦੀ ਪਛਾਣ ਕਰਕੇ ਉਸ ਨੂੰ ਜ਼ਿਲ੍ਹਾ ਸਵੀਪ ਆਈ ਕੌਨ ਵਜੋਂ ਨਿਯੁਕਤ ਕਰਨ ਲਈ ਪ੍ਰਸਤਾਵ ਭੇਜਣ ਸਬੰਧੀ ਵੀ ਹਦਾਇਤਾਂ ਦਿੱਤੀਆਂ ਗਈਆਂ। ਇਸ ਸ਼ਖ਼ਸੀਅਤ ਦਾ ਕਿਸੇ ਵੀ ਰਾਜਨੀਤਿਕ ਪਾਰਟੀ ਦੇ ਹੱਕ ਜਾਂ ਵਿਰੋਧ ਵਿੱਚ ਸਿੱਧੇ ਜਾਂ ਅਸਿੱਧੇ ਤੌਰ ’ਤੇ ਪ੍ਰਚਾਰ ਨਹੀਂ ਹੋਣਾ ਚਾਹੀਦਾ।

ਇਸ ਤੋਂ ਇਲਾਵਾ ਕਿਸੇ ਵੋਟਰ ਵੱਲੋਂ ਵੋਟ ਕਟਵਾਉਣ ਲਈ ਫਾਰਮ ਨੰ. 7 ਅਤੇ ਦਰੁਸਤੀ ਲਈ ਫਾਰਮ ਨੰ. 8 ਭਰਿਆ ਜਾ ਸਕਦਾ ਹੈ। ਇਹ ਸਾਰੇ ਫਾਰਮ ਸਬੰਧਤ ਬੀ.ਐਲ.ਓ. ਰਾਹੀਂ ਜਾਂ ਆੱਨਲਾਈਨ http:voters.eci.gov.in/ ਪੋਰਟਲ ਤੇ ਅਪਲਾਈ ਕੀਤੇ ਜਾ ਸਕਦੇ ਹਨ। ਜ਼ਿਲ੍ਹਾ ਪਟਿਆਲਾ ਦੇ ਅੱਠ ਵਿਧਾਨ ਸਭਾ ਚੋਣ ਹਲਕਿਆਂ ਵਿੱਚ ਨਿਯੁਕਤ ਬੂਥ ਲੈਵਲ ਅਫਸਰਾਂ ਵੱਲੋਂ ਮਿਤੀ: 06.09.2026 ਐਤਵਾਰ ਨੂੰ ਆਪਣੇ ਆਪਣੇ ਨਿਰਧਾਰਿਤ ਪੋਲਿੰਗ ਸਟੇਸ਼ਨਾਂ ਤੇ ਕੈਂਪ ਵੀ ਲਗਾਏ ਜਾਣੇ ਹਨ।

ਉਸ ਸਬੰਧੀ ਆਮ ਜਨਤਾ/ਵੋਟਰਾਂ ਨੂੰ ਵਿਸ਼ੇਸ਼ ਤੌਰ ਤੇ ਅਪੀਲ ਕੀਤੀ ਜਾਂਦੀ ਹੈ ਕਿ ਉਹ ਭਾਰਤ ਚੋਣ ਕਮਿਸ਼ਨ ਵੱਲੋਂ ਸ਼ੁਰੂ ਕੀਤੀ ਗਈ ਇਸ ਵਿਸ਼ੇਸ਼ ਮੁਹਿੰਮ ਦਾ ਫਾਇਦਾ ਉਠਾਉਣ ਅਤੇ ਵੋਟਰ ਸੂਚੀ ਵਿੱਚ ਆਪਣਾ ਨਾਮ ਸ਼ਾਮਲ ਕਰਵਾਉਣ/ਕਟਵਾਉਣ ਜਾਂ ਕਿਸੇ ਤਰ੍ਹਾਂ ਦੀ ਸੋਧ ਕਰਨ ਲਈ ਉਕਤ ਅਨੁਸਾਰ ਸਬੰਧਤ ਫਾਰਮ ਭਰ ਕੇ ਜ਼ਰੂਰ ਜਮ੍ਹਾਂ ਕਰਵਾਉਣ, ਤਾਂ ਜੋ ਕੋਈ ਵੀ ਯੋਗ ਵਿਅਕਤੀ ਆਪਣੀ ਵੋਟ ਬਣਾਉਣ ਤੋਂ ਵਾਂਝਾ ਨਾ ਰਹਿ ਜਾਵੇ।

# ਨਗਰ ਕੌਂਸਲ ਪਾਤੜਾਂ ਤੇ ਨਗਰ ਪੰਚਾਇਤ ਘੱਗਾ ਵਿਖੇ ਮਿਸ਼ਨ ਕਲੀਨ ਪੰਜਾਬ ਤਹਿਤ ਸਫ਼ਾਈ ਮੁਹਿੰਮ




**ਪਾਤੜਾਂ/ਘੱਗਾ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਅਤੇ ਸਥਾਨਕ ਸਰਕਾਰ ਮੰਤਰੀ ਸ੍ਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ–ਨਿਰਦੇਸ਼ਾਂ ਅਨੁਸਾਰ ਸੂਬੇ ਭਰ ਵਿੱਚ ਚਲਾਏ ਜਾ ਰਹੇ 10 ਦਿਨਾਂ ਸਫਾਈ ਮਹਾ ਅਭਿਆਨ ਤਹਿਤ ਨਗਰ ਕੌਂਸਲ ਪਾਤੜਾਂ ਅਤੇ ਨਗਰ ਪੰਚਾਇਤ ਘੱਗਾ ਵੱਲੋਂ ਵੱਖ–ਵੱਖ ਸਥਾਨਾਂ ’ਤੇ ਵਿਸ਼ੇਸ਼ ਸਫਾਈ ਮੁਹਿੰਮ ਚਲਾਈ ਗਈ।

ਨਗਰ ਕੌਂਸਲ ਪਾਤੜਾਂ ਦੇ ਪ੍ਰਧਾਨ ਸ੍ਰੀ ਅੰਮ੍ਰਿਤਪਾਲ ਸਿੰਘ, ਡੀ.ਟੀ.ਓ. ਕਰਨ ਸਿੰਘ, ਸੀਨੀਅਰ ਵਾਈਸ ਪ੍ਰਧਾਨ ਸ੍ਰੀਮਤੀ ਪ੍ਰੀਤੀ ਜੈਨ ਅਤੇ ਕਾਰਜ ਸਾਧਕ ਅਫਸਰ ਸ੍ਰੀ ਬਲਜਿੰਦਰ ਸਿੰਘ ਦੀ ਅਗਵਾਈ ਹੇਠ ਪੁਰਾਣਾ ਭਗਤ ਸਿੰਘ ਚੌਂਕ ਤੋਂ ਨਰਵਾਣਾ ਰੋਡ ਤੱਕ ਸਫਾਈ ਕਰਵਾਈ ਗਈ। ਇਸ ਮੌਕੇ ਅਨੁਵਿੰਦਰ ਸਿੰਘ, ਅਜੈਪਾਲ ਸਿੰਘ, ਨਿੱਕਾ ਜੀ ਸਾਬਕਾ ਕੌਂਸਲਰ ਸਮੇਤ ਨਗਰ ਕੌਂਸਲ ਦਾ ਸਮੂਹ ਸਟਾਫ ਅਤੇ ਸਫਾਈ ਸੇਵਕ ਮੌਜੂਦ ਰਹੇ।

ਇਸੇ ਤਰ੍ਹਾਂ ਨਗਰ ਪੰਚਾਇਤ ਘੱਗਾ ਦੇ ਪ੍ਰਧਾਨ ਸ੍ਰੀ ਮਿੱਠੂ ਸਿੰਘ ਦੀ ਰਹਿਨੁਮਾਈ ਹੇਠ ਸਬ–ਸੈਂਟਰ, ਆਮ ਆਦਮੀ ਕਲੀਨਿਕ, ਫਿਰਨੀ ਰੋਡ ਅਤੇ ਨਗਰ ਖੇੜਾ ਰੋਡ ਵਿਖੇ ਸਫਾਈ ਮੁਹਿੰਮ ਚਲਾਈ ਗਈ। ਇਸ ਦੌਰਾਨ ਸਫਾਈ ਕਰਮਚਾਰੀਆਂ ਵੱਲੋਂ ਸੜਕਾਂ ਅਤੇ ਆਸ–ਪਾਸ ਦੇ ਖੇਤਰਾਂ ਦੀ ਸਫਾਈ ਕਰਕੇ ਕੂੜਾ ਹਟਾਇਆ ਗਿਆ।

ਇਸ ਮੌਕੇ ਮਨਜੀਤ ਸਿੰਘ, ਮਨਪ੍ਰੀਤ ਸਿੰਘ ਸੀ.ਐੱਫ., ਜਗਤਾਰ ਸਿੰਘ ਪੈਸਕੋ ਸੁਪਰਵਾਈਜ਼ਰ, ਰਸ਼ਪਾਲ ਸਿੰਘ, ਕੁਲਦੀਪ ਸਿੰਘ ਮੋਟੀਵੇਟਰ, ਤਰਵਿੰਦਰ ਸਿੰਘ ਐੱਮ.ਸੀ., ਅਮਨਦੀਪ ਸਿੰਘ ਐੱਮ.ਸੀ., ਨਿਰਮਲ ਸਿੰਘ, ਆਪ ਆਗੂ ਟਿੰਕੂ ਵਰਮਾ, ਜਸਪਾਲ ਸਿੰਘ ਸਮੇਤ ਸਮੂਹ ਐੱਮ.ਸੀ. ਸਾਹਿਬਾਨ, ਨਗਰ ਪੰਚਾਇਤ ਘੱਗਾ ਦਾ ਸਮੂਹ ਸਟਾਫ ਅਤੇ ਸਫਾਈ ਸੇਵਕ ਮੌਜੂਦ ਸਨ। ਅਧਿਕਾਰੀਆਂ ਨੇ ਕਿਹਾ ਕਿ ਸਫਾਈ ਮਹਾ ਅਭਿਆਨ ਦਾ ਮੁੱਖ ਉਦੇਸ਼ ਸ਼ਹਿਰਾਂ ਅਤੇ ਕਸਬਿਆਂ ਨੂੰ ਸਾਫ–ਸੁਥਰਾ ਬਣਾਉਣਾ ਅਤੇ ਲੋਕਾਂ ਨੂੰ ਸਫਾਈ ਪ੍ਰਤੀ ਜਾਗਰੂਕ ਕਰਨਾ ਹੈ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਆਲੇ–ਦੁਆਲੇ ਸਫਾਈ ਬਣਾਈ ਰੱਖਣ ਅਤੇ ਕੂੜਾ ਨਿਰਧਾਰਤ ਸਥਾਨਾਂ ’ਤੇ ਹੀ ਸੁੱਟਣ।

# ਬਾਲ ਵਿਆਹ ਵਿਰੁੱਧ ਪੰਜਾਬ ਸਰਕਾਰ ਦੀ ਸਖ਼ਤ ਕਾਰਵਾਈ: 5 ਬਾਲ ਵਿਆਹ ਸਮੇਂ ਸਿਰ ਰੋਕ ਕੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਕੀਤਾ : ਡਾ. ਬਲਜੀਤ ਕੌਰ

**ਚੰਡੀਗੜ੍ਹ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚੋਂ ਬਾਲ ਵਿਆਹ ਵਰਗੀ ਸਮਾਜਿਕ ਕੁਰੀਤੀ ਦਾ ਪੂਰਨ ਖਾਤਮਾ ਕਰਨ ਲਈ ਦ੍ਰਿੜ੍ਹ ਸੰਕਲਪ ਨਾਲ ਨਤੀਜਾ–ਕੇਂਦਰਿਤ ਕਦਮ ਚੁੱਕ ਰਹੀ ਹੈ। ਇਸੇ ਲੜੀ ਤਹਿਤ ਸਮੇਂ ਸਿਰ ਕੀਤੀ ਗਈ ਪ੍ਰਭਾਵਸ਼ਾਲੀ ਕਾਰਵਾਈ ਸਦਕਾ ਸੂਬੇ ਵਿੱਚ 5 ਬਾਲ ਵਿਆਹਾਂ ਨੂੰ ਸਫਲਤਾਪੂਰਵਕ ਰੋਕਿਆ ਗਿਆ ਹੈ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹ ਸਫਲਤਾ ਸੂਬਾ ਸਰਕਾਰ ਦੀ ਬਾਲ ਅਧਿਕਾਰਾਂ ਦੀ ਸੁਰੱਖਿਆ ਪ੍ਰਤੀ ਵਚਨਬੱਧਤਾ ਅਤੇ ਤੁਰੰਤ ਕਾਰਵਾਈ ਪ੍ਰਣਾਲੀ ਦਾ ਸਪੱਸ਼ਟ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਅਧਿਕਾਰਾਂ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਬਾਲ ਵਿਆਹ ਵਰਗੀ ਗੈਰ–ਕਾਨੂੰਨੀ ਪ੍ਰਥਾ ਨੂੰ ਕਿਸੇ ਵੀ ਕੀਮਤ ’ਤੇ ਪਨਪਣ ਨਹੀਂ ਦਿੱਤਾ ਜਾਵੇਗਾ।

ਡਾ. ਬਲਜੀਤ ਕੌਰ ਨੇ ਕਿਹਾ ਕਿ ਬਾਲ ਵਿਆਹਾਂ ਦੀ ਰੋਕਥਾਮ ਲਈ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਲਗਾਤਾਰ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਇਸ ਤਹਿਤ ਹੁਣ ਤੱਕ 172 ਜਾਗਰੂਕਤਾ ਮੁਹਿੰਮਾਂ ਆਯੋਜਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਰਾਹੀਂ ਮਾਪਿਆਂ, ਪੰਚਾਇਤਾਂ, ਸਕੂਲਾਂ, ਸਮਾਜਿਕ ਸੰਸਥਾਵਾਂ ਅਤੇ ਆਮ ਲੋਕਾਂ ਨੂੰ ਬਾਲ ਵਿਆਹ ਦੇ ਸਮਾਜਿਕ ਅਤੇ ਸਿਹਤ ਸੰਬੰਧੀ ਮਾੜੇ ਪ੍ਰਭਾਵਾਂ ਦੇ ਨਾਲ–ਨਾਲ



ਇਸ ਸਬੰਧੀ ਕਾਨੂੰਨੀ ਪ੍ਰਾਵਧਾਨਾਂ ਬਾਰੇ ਵੀ ਜਾਣੂ ਕਰਵਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬੱਚਿਆਂ ਨਾਲ ਸਬੰਧਤ ਹਰ ਮਾਮਲੇ ਵਿੱਚ ਜ਼ੀਰੋ ਟੋਲਰੈਂਸ ਨੀਤੀ ’ਤੇ ਅਮਲ ਕਰ ਰਹੀ ਹੈ। ਇਸ ਮੰਤਵ ਲਈ ਜ਼ਿਲ੍ਹਾ ਪ੍ਰਸ਼ਾਸਨ, ਪੁਲਿਸ, ਚਾਈਲਡ ਵੈਲਫੇਅਰ ਕਮੇਟੀਆਂ, ਬਾਲ ਵਿਆਹ ਰੋਕਥਾਮ ਅਧਿਕਾਰੀਆਂ ਅਤੇ ਹੋਰ ਸਬੰਧਤ ਵਿਭਾਗਾਂ ਵਿਚਾਲੇ ਆਪਸੀ ਤਾਲਮੇਲ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ ਤਾਂ ਜੋ ਕਿਸੇ ਵੀ ਸ਼ਿਕਾਇਤ ’ਤੇ ਤੁਰੰਤ, ਪ੍ਰਭਾਵਸ਼ਾਲੀ ਅਤੇ ਕਾਨੂੰਨ ਅਨੁਸਾਰ ਕਾਰਵਾਈ ਯਕੀਨੀ ਬਣਾਈ ਜਾ ਸਕੇ।

ਡਾ. ਬਲਜੀਤ ਕੌਰ ਨੇ ਕਿਹਾ ਕਿ ਬਾਲ ਵਿਆਹ ਨੂੰ ਰੋਕਣਾ ਕੇਵਲ ਸਰਕਾਰ ਦੀ ਹੀ ਨਹੀਂ, ਸਗੋਂ ਸਮੁੱਚੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਆਪਣੇ ਆਲੇ–ਦੁਆਲੇ ਕਿਤੇ ਵੀ ਬਾਲ ਵਿਆਹ ਹੋਣ ਦੀ ਜਾਣਕਾਰੀ ਮਿਲਦੀ ਹੈ ਤਾਂ ਉਹ ਤੁਰੰਤ ਚਾਈਲਡ ਹੈਲਪਲਾਈਨ 1098 ’ਤੇ ਸੂਚਨਾ ਦੇਣ ਜਾਂ ਆਪਣੇ ਨੇੜਲੇ ਬਾਲ ਵਿਆਹ ਰੋਕਥਾਮ ਅਫਸਰ ਨਾਲ ਸੰਪਰਕ ਕਰਨ, ਤਾਂ ਜੋ ਸਮੇਂ ਸਿਰ ਦਖ਼ਲ ਦੇ ਕੇ ਕਿਸੇ ਬੱਚੇ ਦਾ ਭਵਿੱਖ ਸੁਰੱਖਿਅਤ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਸੂਬੇ ਭਰ ਵਿੱਚ 2076 ਅਫਸਰ ਬਾਲ ਵਿਆਹ ਰੋਕਥਾਮ ਅਫਸਰ ਵੱਜੋਂ ਨਾਮਜ਼ਦ ਹਨ। ਜਿਸ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲ, ਅਤੇ ਬਾਲ ਵਿਕਾਸ ਪ੍ਰੋਜੈਕਟ ਅਫਸਰ (ਸੀ.ਡੀ.ਪੀ.ਓਜ਼) ਬਤੌਰ ਬਾਲ ਵਿਆਹ ਰੋਕਥਾਮ ਅਫਸਰ ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬੱਚਿਆਂ ਦੇ ਸੁਰੱਖਿਅਤ, ਸਨਮਾਨਜਨਕ ਅਤੇ ਅਧਿਕਾਰ–ਅਧਾਰਿਤ ਬਚਪਨ ਨੂੰ ਯਕੀਨੀ ਬਣਾਉਣ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ ਅਤੇ ਸੂਬੇ ਨੂੰ ਬਾਲ ਵਿਆਹ ਮੁਕਤ ਪੰਜਾਬ ਬਣਾਉਣ ਲਈ ਹਰ ਸੰਭਵ ਯਤਨ ਜਾਰੀ ਰਹਿਣਗੇ।

# ਆਸ਼ਾ ਵਰਕਰ ਅਤੇ ਫੈਸਲੀਟੇਟਰ ਯੂਨੀਅਨ ਵੱਲੋਂ 11 ਦਿਨਾਂ ਦੀ ਕੰਮ ਛੋੜ ਹੜਤਾਲ



**ਮਲੇਰਕੋਟਲਾ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਰਨਦੀਪ ਕੌਰ ਪੰਜੋਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਜਿਲਾ ਪ੍ਰਧਾਨ ਮਨਜੀਤ ਕੌਰ ਖਾਲਸਾ, ਜ਼ਿਲ੍ਹਾ ਸੀਨੀਅਰ ਪ੍ਰਧਾਨ ਭੋਲੀ ਦੀ ਅਗਵਾਈ ਵਿੱਚ ਐਸਐਮਓ ਸਾਹਿਬ ਨੂੰ ਮੰਗ ਪੱਤਰ ਦਿੱਤਾ ਗਿਆ ਜਿਲਾ ਪ੍ਰਧਾਨ ਮਨਜੀਤ ਕੌਰ ਖਾਲਸਾ ਨੇ ਚੋਣਵੇਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਮਿਤੀ 5/9/26 ਤੋਂ 15/9/26 ਤੱਕ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਵੱਲੋਂ ਕੰਮ ਛੋੜ ਹੜਤਾਲ ਕੀਤੀ ਜਾ ਰਹੀ ਹੈ ਇਸ ਹੜਤਾਲ ਦਾ ਅਸਰ ਸਭ ਤੋਂ ਜਿਆਦਾ ਹਾਈ ਰਿਸਕ ਗਰਭਵਤੀ ਔਰਤਾਂ ਜੱਚਾ ਬੱਚਾ ਦੇ ਟੀਕੇ ਕਰਨਾ ਅਤੇ ਜੱਚਾ ਬੱਚਾ ਦੀ ਦੇਖਭਾਲ ਅਤੇ ਟੀਵੀ ਦੇ ਮਰੀਜ਼ਾਂ ਤੇ ਗਹਿਰਾ ਅਸਰ ਪਵੇਗਾ ਇਸ ਹੜਤਾਲ ਤੋਂ ਉਪਜਣ ਵਾਲੇ ਨੁਕਸਾਨਾਂ ਦੀ ਜਿੰਮੇਵਾਰੀ ਪੰਜਾਬ ਸਰਕਾਰ ਅਤੇ ਡਿਪਾਰਟਮੈਂਟ ਦੀ ਹੋਵੇਗੀ ਕਿਉਂਕਿ ਸਾਡੀਆਂ ਲਮਕ ਅਵਸਥਾ ਦੇ ਵਿੱਚ ਪਈਆਂ ਮੰਗਾਂ ਦਾ ਹਜੇ ਤੱਕ ਕੋਈ ਨਿਪਟਾਰਾ ਨਹੀਂ ਕੀਤਾ ਗਿਆ

ਸਾਡੀਆਂ ਮੁੱਖ ਮੰਗਾਂ ਮਿਨੀਮਮ ਕਾਨੂੰਨ ਤਹਿਤ ਘੱਟੋ ਘੱਟ 24000 ਰੁਪਿਆ ਤਨਖਾਹ ਕੇਂਦਰ ਦੇ ਦਾਇਰੇ ਵਿੱਚ ਲਿਆ ਜਾਵੇ।

2*ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਆਨਰੇਰੀਅਮ 25 00/–ਮਾਣ ਭੱਤੇ ਵਿੱਚ ਤਿੰਨ ਗੁਣਾ ਵਾਧਾ (+ਇੰਕਰੀਮੈਂਟ)ਕੀਤਾ ਜਾਵੇ ਹਰਿਆਣਾ ਪੈਟਰਨ ਲਾਗੂ ਕੀਤਾ ਜਾਵੇ

3*ਫੈਸਲੀਟੇਟਰਾਂ ਦੇ ਟੂਰਾਂ ਵਿੱਚ ਹਰ ਸਾਲ ਵਾਧਾ ਕੀਤਾ ਜਾਵੇ ਅਤੇ ਪਰ ਟੂਰ 500 ਰੁਪਆ ਦਿੱਤਾ ਜਾਵੇ

4*ਆਸ਼ਾ ਵਰਕਰਾਂ ਦੇ ਇਨਸੈਂਟਿਵਾਂ ਵਿੱਚ ਹਰ ਸਾਲ ਵਾਧਾ ਕੀਤਾ ਜਾਵੇ ਅਤੇ ਇਨਸੈਂਟਿਵ ਡਬਲ ਕੀਤੇ ਜਾਣ

5*ਆਸ਼ਾ ਵਰਕਰਾਂ ਅਤੇ ਫੈਸਲੀਟੇਟਰਾਂ ਨੂੰ ਆਨਲਾਈਨ ਕੰਮ ਕਰਨ ਲਈ ਸਮਾਰਟਫੋਨ /ਟੈਬ ਦਿੱਤੇ ਜਾਣ। Mmsy ਕਾਰਡਾਂ ਦੀ ਜਨਵਰੀ ਤੋਂ ਪੇਮੈਂਟ ਕਰਵਾਈ ਜਾਵੇ ਆਦਿ ਇਸ ਤੋਂ ਇਲਾਵਾ ਹੋਰ ਮੰਗਾਂ ਦਾ ਹੱਲ ਨਾ ਹੋਇਆ ਤਾਂ ਹੋਇਆ ਤਾਂ ਸਤੰਬਰ ਦੇ ਲਾਸਟ ਹਫਤੇ ਮੁੱਖ ਮੰਤਰੀ ਅਤੇ ਫਾਨਸ ਮਨਿਸਟਰ ਦੇ ਹਲਕੇ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾਣਗੇ ਇਸ ਮੌਕੇ ਜ਼ਿਲਾ /ਬਲਾਕ ਕਮੇਟੀ ਮੈਂਬਰ ਸਾਹਿਬਾਨ ਅਤੇ ਆਸ਼ਾ ਵਰਕਰ ਜਿਲਾ ਪ੍ਰਧਾਨ ਮਨਜੀਤ ਕੌਰ ਖਾਲਸਾ, ਸਰਬਜੀਤ ਕੌਰ ਲਾਗੜੀਆਂ, ਜਿਲਾ ਮੀਤ ਪ੍ਰਧਾਨ ਜਸਵੀਰ ਕੌਰ , ਬਲਜੀਤ ਕੌਰ,ਕਮਲਜੀਤ ਕੌਰ, ਗੁਰਪ੍ਰੀਤ ਕੌਰ ਚੋਂਦਾ, ਚਰਨਜੀਤ ਕੌਰ ਚੋਂਦਾ , ਰਾਣੀ, ਭਿੰਦਰ ਕੌਰ ਅਮਰਗੜ੍ਹ , ਪਰਮਜੀਤ ਕੌਰ, ਮਨਜੀਤ ਕੌਰ, ਰਾਜਵਿੰਦਰ ਕੌਰ, ਅਮਰਜੀਤ ਕੌਰ, ਮਨਪ੍ਰੀਤ ਸ਼ਰਮਾ, ਹਰਮੇਸ਼ ਕੌਰ, ਸੀਮਾ ਰਾਣੀ, ਬਲਵਿੰਦਰ ਕੌਰ, ਕੁਲਦੀਪ ਕੌਰ ਅਤੇ ਬਲਜੀਤ ਕੌਰ ਆਦੀ ਹਾਜ਼ਰ ਹੋਏ ਸਨ।

# ਹਰਜੋਤ ਬੈਂਸ ਨੇ ਕੀਤਾ ਵਾਅਦਾ ਪੂਰਾ, ਏ.ਪੀ.ਐਲ. ਜੇਤੂ ਘਨਾਰੂ ਕ੍ਰਿਕਟ ਟੀਮ ਦਾ ਵਧਾਇਆ ਹੌਂਸਲਾ



**ਸ੍ਰੀ ਅਨੰਦਪੁਰ ਸਾਹਿਬ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਪਣੇ ਵਾਅਦੇ ਪੂਰੇ ਕਰਨ ਲਈ ਜਾਣੇ ਜਾਂਦੇ ਪੰਜਾਬ ਦੇ ਨੌਜਵਾਨ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਹਲਕੇ ਦੇ ਕਿਸੇ ਵੀ ਪਿੰਡ, ਸ਼ਹਿਰ, ਖੇਡ ਮੈਦਾਨ ਜਾਂ ਸਮਾਗਮ ਵਿੱਚ ਕੀਤਾ ਗਿਆ ਐਲਾਨ ਪੂਰਾ ਕਰਨ ਦੀ ਪ੍ਰੰਪਰਾ ਨੂੰ ਜਾਰੀ ਰੱਖਿਆ ਜਾ ਰਿਹਾ ਹੈ। ਏ.ਪੀ.ਐਲ. ਕ੍ਰਿਕਟ ਮੈਚ ਦੌਰਾਨ ਜੇਤੂ ਘਨਾਰੂ ਕ੍ਰਿਕਟ ਟੀਮ ਦੇ ਹੌਂਸਲੇ ਨੂੰ ਵਧਾਉਂਦਿਆਂ ਪਿੰਡ ਦੇ ਵਿਕਾਸ ਲਈ 10 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਕੀਤਾ ਵਾਅਦਾ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਪਿੰਡ ਵਾਸੀਆਂ ਨੂੰ 10 ਲੱਖ ਰੁਪਏ ਦਾ ਚੈੱਕ ਸੌਂਪ ਕੇ ਪੂਰਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਅਤੇ ਪਿੰਡਾਂ ਵਿੱਚ ਖੇਡ ਪ੍ਰਤਿਭਾ ਨੂੰ ਉਤਸ਼ਾਹਿਤ ਕਰਨਾ ਸਰਕਾਰ ਦੀਆਂ ਮੁੱਖ ਤਰਜੀਹਾਂ ਵਿੱਚ ਸ਼ਾਮਲ ਹੈ।

ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਘਨਾਰੂ ਪਿੰਡ ਦੀਆਂ ਸਮੱਸਿਆਵਾ/ਮੁਸ਼ਕਿਲਾਂ ਸੁਣੀਆਂ ਅਤੇ ਅਧਿਕਾਰੀਆਂ ਨੂੰ ਸਮੱਸਿਆਵਾ ਜਲਦ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾ ਕਿਹਾ ਕਿ ਅਸੀ ਪਿੰਡ ਪਿੰਡ ਜਾ ਕੇ ਲੋਕਾਂ ਦੀਆਂ ਸਮੱਸਿਆਵਾ ਹੱਲ ਕਰਾਂਗੇ ਤਾਂ ਜੋ ਲੋਕਾਂ ਨੂੰ ਦਫਤਰਾਂ ਦੀ ਬੇਲੋੜੀ ਖੱਜਲ ਖੁਆਰੀ ਤੋ ਬਚਾਇਆ ਜਾ ਸਕੇ। ਪਿੰਡ ਘਨਾਰੂ ਦੇ ਵਿਕਾਸ ਦੀ ਗੱਲ ਕਰੀਏ ਤਾਂ ਇੱਥੇ ਕਰੀਬ 1.5 ਕਰੋੜ ਰੁਪਏ ਦੀ ਲਾਗਤ ਨਾਲ ਵੱਖ–ਵੱਖ ਵਿਕਾਸ ਕਾਰਜ ਮੁਕੰਮਲ ਕੀਤੇ ਗਏ ਹਨ। ਇਨ੍ਹਾਂ ਕਾਰਜਾਂ ਤਹਿਤ ਸਰਕਾਰੀ ਸਕੂਲ ਦਾ ਨਵੀਨੀਕਰਨ, ਪਿੰਡ ਵਿੱਚ ਸੌਲਿਡ ਵੇਸਟ ਮੈਨੇਜਮੈਂਟ ਪ੍ਰੋਜੈਕਟ, ਪੀਣ ਵਾਲੇ ਪਾਣੀ ਦੀ ਬਿਹਤਰ ਸਪਲਾਈ, ਸੜਕਾਂ ਦਾ ਨਵੀਨੀਕਰਨ, ਨਵੀਂ ਸ਼ੈੱਡ ਦੀ ਉਸਾਰੀ ਅਤੇ ਪਾਣੀ ਵਾਲੀ ਟੈਂਕੀ ਸਮੇਤ ਕਈ ਮਹੱਤਵਪੂਰਨ ਕੰਮ ਕੀਤੇ ਗਏ ਹਨ। ਇਨ੍ਹਾਂ ਵਿਕਾਸ ਕਾਰਜਾਂ ਨਾਲ ਪਿੰਡ ਵਾਸੀਆਂ ਨੂੰ ਰੋਜ਼ਾਨਾ ਜੀਵਨ ਨਾਲ ਸਬੰਧਤ ਬੁਨਿਆਦੀ ਸਹੂਲਤਾਂ ਮਿਲੀਆਂ ਹਨ ਅਤੇ ਪਿੰਡ ਦੀ ਦਿੱਖ ਵਿੱਚ ਵੀ ਵੱਡਾ ਸੁਧਾਰ ਆਇਆ ਹੈ।

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਬਪੱਖੀ ਵਿਕਾਸ ’ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦਾ ਉਦੇਸ਼ ਪਿੰਡਾਂ ਦੇ ਲੋਕਾਂ ਨੂੰ ਵੀ ਸ਼ਹਿਰਾਂ ਦੀ ਤਰਜ਼ ’ਤੇ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਘਨਾਰੂ ਵਿੱਚ ਕੀਤੇ ਗਏ ਵਿਕਾਸ ਕਾਰਜ ਇਸੇ ਸੋਚ ਦਾ ਪ੍ਰਗਟਾਵਾ ਹਨ। ਉਨ੍ਹਾਂ ਕਿਹਾ ਕਿ ਸਾਫ਼–ਸੁਥਰਾ ਵਾਤਾਵਰਣ, ਪੀਣ ਵਾਲਾ ਸਾਫ਼ ਪਾਣੀ, ਬਿਹਤਰ ਸੜਕਾਂ, ਸੁਧਰੇ ਸਕੂਲ ਅਤੇ ਹੋਰ ਬੁਨਿਆਦੀ ਸਹੂਲਤਾਂ ਲੋਕਾਂ ਦਾ ਹੱਕ ਹਨ ਅਤੇ ਸਰਕਾਰ ਵੱਲੋਂ ਇਨ੍ਹਾਂ ਨੂੰ ਯਕੀਨੀ ਬਣਾਉਣ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੇ ਨਾਲ–ਨਾਲ ਕਈ ਅਜਿਹੇ ਲੋਕਪੱਖੀ ਫੈਸਲੇ ਵੀ ਲਏ ਗਏ ਹਨ, ਜੋ ਚੋਣ ਵਾਅਦਿਆਂ ਦਾ ਹਿੱਸਾ ਨਹੀਂ ਸਨ। ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਅਤੇ ਵਿਕਾਸ ਕਾਰਜਾਂ ਦਾ ਲਾਭ ਹਰ ਯੋਗ ਅਤੇ ਲੋੜਵੰਦ ਵਿਅਕਤੀ ਤੱਕ ਪਹੁੰਚਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਹਲਕੇ ਦਾ ਕੋਈ ਵੀ ਪਿੰਡ ਵਿਕਾਸ ਪੱਖੋਂ ਪਿੱਛੇ ਨਹੀਂ ਰਹਿਣ ਦਿੱਤਾ ਜਾਵੇਗਾ ਅਤੇ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ।

ਪਿੰਡ ਵਾਸੀਆਂ ਅਤੇ ਏ.ਪੀ.ਐਲ. ਜੇਤੂ ਕ੍ਰਿਕਟ ਟੀਮ ਦੇ ਖਿਡਾਰੀਆਂ ਨੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ–ਨਾਲ ਪਿੰਡ ਦੇ ਵਿਕਾਸ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। 10 ਲੱਖ ਰੁਪਏ ਦੀ ਗ੍ਰਾਂਟ ਨਾਲ ਪਿੰਡ ਵਿੱਚ ਹੋਰ ਲੋੜੀਂਦੇ ਵਿਕਾਸ ਕਾਰਜ ਕਰਵਾਉਣ ਵਿੱਚ ਮਦਦ ਮਿਲੇਗੀ। ਪਿੰਡ ਵਾਸੀਆਂ ਨੇ ਕਿਹਾ ਕਿ ਸਕੂਲ ਦੇ ਨਵੀਨੀਕਰਨ, ਸਫਾਈ ਪ੍ਰਬੰਧ, ਪਾਣੀ ਦੀ ਸਪਲਾਈ, ਸੜਕਾਂ ਅਤੇ ਹੋਰ ਸਹੂਲਤਾਂ ਨਾਲ ਘਨਾਰੂ ਦੀ ਤਸਵੀਰ ਵਿੱਚ ਵੱਡਾ ਬਦਲਾਅ ਆਇਆ ਹੈ। ਇਸ ਮੌਕੇ ਰਘੁਵੀਰ ਸਿੰਘ ਸਰਪੰਚ, ਜਗਮੋਹਨ ਸਿੰਘ ਸਰਪੰਚ,ਓਮ ਪ੍ਰਕਾਸ਼ ਮਥੁਰਾ ਸਰਪੰਚ, ਦਇਆ ਸਿੰਘ ਸਿੱਖਿਆ ਕੋਆਰਡੀਨੇਟਰ, ਦਵਿੰਦਰ ਸਿੰਘ ਯੂਥ ਪ੍ਰਧਾਨ, ਨੱਡਾ ਤੇ ਪਿੰਡ ਵਾਸੀ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲ ਭਰ ਦੇ ਸਮਾਗਮਾਂ ਨਾਲ ਸੰਗਤ ਵਿੱਚ ਸਕਾਰਾਤਮਕ ਤੇ ਅਧਿਆਤਮਿਕ ਮਾਹੌਲ ਪੈਦਾ ਹੋਇਆ : ਤਰੁਨਪ੍ਰੀਤ ਸਿੰਘ ਸੌਂਦ

**ਪਟਿਆਲਾ, 7 ਸਤੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਸੈਰ–ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਇੱਥੇ ਕਿਹਾ ਹੈ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲ ਭਰ ਦੇ ਕਰਵਾਏ ਜਾ ਰਹੇ ਸਮਾਗਮਾਂ ਨਾਲ ਸੰਗਤ ਵਿੱਚ ਸਕਾਰਾਤਮਕ ਤੇ ਅਧਿਆਤਮਿਕ ਮਾਹੌਲ ਪੈਦਾ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸੇ ਲੜੀ ਤਹਿਤ ਸੂਬੇ ਭਰ ਵਿੱਚ 92 ਵਿਸ਼ੇਸ਼ ਡਰੋਨ ਸ਼ੋਅ ਕਰਵਾਏ ਜਾ ਰਹੇ ਹਨ ਅਤੇ 10 ਸਤੰਬਰ ਤੋਂ ਪਟਿਆਲਾ ਜ਼ਿਲ੍ਹੇ ਵਿਖੇ ਵੀ 500 ਤੋਂ ਵਧ ਡਰੋਨ ਹਵਾ ਵਿੱਚ ਉਡਦੇ ਹੋਏ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਤੇ ਬਾਣੀ ਨੂੰ ਦਰਸਾਉਣਗੇ।

ਕੈਬਨਿਟ ਮੰਤਰੀ ਸ. ਸੌਂਦ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਸਮੇਤ ਸੰਗਰੂਰ, ਬਰਨਾਲਾ ਤੇ ਮਾਲੇਰਕੋਟਲਾ ਜ਼ਿਲ੍ਹਿਆਂ ਦੇ ਸਿਵਲ ਤੇ ਪੁਲਿਸ ਅਧਿਕਾਰੀਆਂ ਨਾਲ ਇੱਕ ਉਚ ਪੱਧਰੀ ਬੈਠਕ ਕਰਕੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ ਡਰੋਨ ਸ਼ੋਅ ਅਤੇ ਸ਼ੋਭਾ ਯਾਤਰਾ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ।ਉਨ੍ਹਾਂ ਨੇ ਇਨ੍ਹਾਂ ਸਮਾਗਮਾਂ ਦੀਆਂ ਸਮੇਂ ਸਿਰ ਤਿਆਰੀਆਂ ਮੁਕੰਮਲ ਕਰਨ ਅਤੇ ਇਹ ਕਾਰਜ ਸਫ਼ਲਤਾ ਪੂਰਵਕ ਕਰਵਾਉਣ ਲਈ ਹਦਾਇਤਾਂ ਜਾਰੀ ਕੀਤੀਆਂ।

ਇਸ ਮੌਕੇ ਪੰਜਾਬ ਟੂਰਿਜ਼ਮ ਐਂਡ ਹੈਰੀਟੇਜ ਪ੍ਰਮੋਸ਼ਨ ਬੋਰਡ ਦੇ ਸਲਾਹਕਾਰ ਸ਼੍ਰੀ ਦੀਪਕ ਬਾਲੀ, ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਪ੍ਰੋ. ਕੁਲਵੰਤ ਸਿੰਘ ਗੱਜਣਮਾਜਰਾ ਤੇ ਕੁਲਵੰਤ ਸਿੰਘ ਬਾਜੀਗਰ, ਆਮ ਆਦਮੀ ਪਾਰਟੀ ਦੇ ਐਸ.ਸੀ. ਵਿੰਗ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਜੀ.ਪੀ, ਸੂਬਾ ਜਨਰਲ ਸਕੱਤਰ ਬਲਜਿੰਦਰ ਸਿੰਘ ਚੌਂਦਾ ਤੇ ਹੋਰ ਅਧਿਕਾਰੀ ਮੌਜੂਦ ਸਨ।ਸ. ਸੌਂਦ ਨੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਕਿ ਡਰੋਨ ਸ਼ੋਅ ਦੇ ਸਾਰੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰਕੇ ਵੱਧ ਤੋਂ ਵੱਧ ਸੰਗਤ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇ। ਡੀਸੀ ਡਾ. ਹਿਮਾਂਸ਼ੂ ਅਗਰਵਾਲ ਨੇ ਵਿਸ਼ਵਾਸ਼ ਦਿਵਆਇਆ ਕਿ ਸਾਰੇ ਪ੍ਰਬੰਧ ਸਮੇਂ ਸਿਰ ਪੁਖ਼ਤਾ ਕਰਕੇ ਸਾਰੇ ਸਮਾਗਮ ਸਫ਼ਲਤਾਪੂਰਵਕ ਕਰਵਾਏ ਜਾਣਗੇ।

ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਸੰਤ–ਮਹਾਂਪੁਰਸ਼ਾਂ ਦੀਆਂ ਰਹਿਨੁਮਾਈ ਅਤੇ ਸੁਝਾਵਾਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵੱਖ–ਵੱਖ ਧਾਰਮਿਕ, ਸੱਭਿਆਚਾਰਕ ਅਤੇ ਵਿੱਦਿਅਕ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇਨ੍ਹਾਂ ਤਹਿਤ ਕੀਰਤਨ ਦਰਬਾਰ, ਯੂਨੀਵਰਸਿਟੀਆਂ ਵਿੱਚ ਸੈਮੀਨਾਰ, ਸਕੂਲ ਪੱਧਰੀ ਮੁਕਾਬਲੇ ਅਤੇ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਬਾਣੀ ਅਤੇ ਸਿੱਖਿਆਵਾਂ ’ਤੇ ਆਧਾਰਿਤ ਵਿਸ਼ੇਸ਼ ਦਸਤਾਵੇਜ਼ੀ ਫ਼ਿਲਮ ਦੀ ਸਕ੍ਰੀਨਿੰਗ ਸਾਰੇ ਪਿੰਡਾਂ ਵਿੱਚ ਕਰਵਾਈ ਜਾ ਰਹੀ ਹੈ।

ਉਨ੍ਹਾਂ ਨੇ ਸੰਗਰੂਰ ਵਿਖੇ 5 ਸਤੰਬਰ ਤੋਂ ਸੰਗਰੂਰ ਵਿਖੇ 10 ਸਤੰਬਰ ਤੋਂ ਪਟਿਆਲਾ ਜ਼ਿਲ੍ਹੇ ਵਿਖੇ, ਮਾਲੇਰਕੋਲਾ ਵਿਖੇ 24 ਸਤੰਬਰ ਤੋਂ ਅਤੇ ਬਰਨਾਲਾ ਵਿਖੇ 26 ਸਤੰਬਰ ਤੋਂ ਕਰਵਾਏ ਜਾਣ ਵਾਲੇ ਡਰੋਨ ਸ਼ੋਅ ਨੂੰ ਸਫ਼ਲਤਾ ਪੂਰਵਕ ਕਰਵਾਉਣ ਲਈ ਸਾਰੇ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਦੱਸਿਆ ਕਿ ਲਗਭਗ 25 ਤੋਂ 30 ਮਿੰਟਾਂ ਦੇ ਵਿਸ਼ੇਸ਼ ਤੌਰ ’ਤੇ ਤਿਆਰ ਕੀਤੇ ਗਏ ਡਰੋਨ ਸ਼ੋਅ ਵਿੱਚ 500 ਤੋਂ ਵੱਧ ਡਰੋਨ ਅਸਮਾਨ ਵਿੱਚ ਇੱਕੋ ਸਮੇਂ ਆਪਣੀ ਪੇਸ਼ਕਾਰੀ ਕਰਨਗੇ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸ਼ੁਤਰਾਣਾ ਹਲਕੇ ਦਾ ਪਾਤੜਾਂ ਅਨਾਜ ਮੰਡੀ ਵਿਖੇ 9 ਸਤੰਬਰ ਨੂੰ, ਪਟਿਆਲਾ ਦਿਹਾਤੀ ਹਲਕੇ ਦਾ 10 ਸਤੰਬਰ ਨੂੰ ਅਨਾਜ ਮੰਡੀ ਸਰਹਿੰਦ ਰੋਡ ਵਿਖੇ, 11 ਸਤੰਬਰ ਨੂੰ ਪਟਿਆਲਾ ਸ਼ਹਿਰੀ ਹਲਕੇ ਦਾ ਪੋਲੋ ਗਰਾਊਂਡ ਵਿਖੇ, 12 ਸਤੰਬਰ ਨੂੰ ਨਾਭਾ ਹਲਕੇ ਦਾ ਰਿਪੁਦਮਨ ਕਾਲਜ ਵਿਖੇ ਅਤੇ 12 ਨੂੰ ਹੀ ਰਾਜਪੁਰਾ ਹਲਕੇ ਦਾ ਅਨਾਜ ਮੰਡੀ ਰਾਜਪੁਰਾ ਵਿਖੇ ਕਰਵਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਡਿਜੀਟਲ ਤਕਨੀਕ ਰਾਹੀਂ ਰਾਤ ਦੇ ਸਮੇਂ ਅਸਮਾਨ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ, ਜੀਵਨ ਅਤੇ ਸਿੱਖਿਆਵਾਂ ਨੂੰ ਦਰਸਾਇਆ ਜਾਵੇਗਾ, ਤਾਂ ਜੋ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਗੁਰੂ ਸਾਹਿਬ ਦੇ ਮਹਾਨ ਸੰਦੇਸ਼ ਨਾਲ ਜੋੜਿਆ ਜਾ ਸਕੇ।ਇਸ ਸ਼ੋਅ ਤੋਂ ਪਹਿਲਾਂ ਇੱਕ ਘੰਟਾ ਗੁਰਬਾਣੀ ਕੀਰਤਨ ਗਾਇਨ ਹੋਵੇਗਾ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਲਈ ਇਹ ਮਾਣ ਅਤੇ ਸੁਭਾਗ ਦੀ ਗੱਲ ਹੈ ਕਿ ਮਹਾਨ ਗੁਰੂ ਸਾਹਿਬਾਨ ਅਤੇ ਸੰਤਾਂ–ਮਹਾਂਪੁਰਖਾਂ ਨਾਲ ਸਬੰਧਤ ਇਤਿਹਾਸਕ ਤੇ ਧਾਰਮਿਕ ਮੌਕਿਆਂ ਨੂੰ ਸਮਰਪਿਤ ਸਮਾਗਮ ਕਰਵਾਉਣ ਦੀ ਸੇਵਾ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਏ ਗਏ ਸਨ ਅਤੇ ਹੁਣ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲ ਭਰ ਦੇ ਸਮਾਗਮ ਕਰਵਾਏ ਜਾ ਰਹੇ ਹਨ।ਇਸ ਲਈ ਸੰਗਤ ਤੇ ਖਾਸ ਕਰਕੇ ਨੌਜਵਾਨ ਪੀੜ੍ਹੀ ਵਿੱਚ ਬਹੁਤ ਉਤਸ਼ਾਹ ਹੈ।

ਸ਼ੋਭਾ ਯਾਤਰਾਵਾਂ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਸ. ਸੌਂਦ ਨੇ ਦੱਸਿਆ ਕਿ ਨਵੰਬਰ ਮਹੀਨੇ ਵਿੱਚ ਵਾਰਾਨਸੀ, ਜੰਮੂ, ਬਠਿੰਡਾ ਅਤੇ ਫ਼ਰੀਦਕੋਟ ਤੋਂ ਚਾਰ ਸ਼ੋਭਾ ਯਾਤਰਾਵਾਂ ਕੱਢੀਆਂ ਜਾਣਗੀਆਂ, ਜੋ ਸ੍ਰੀ ਗੁਰੂ ਰਵਿਦਾਸ ਜੀ ਨਾਲ ਸਬੰਧਤ ਪਵਿੱਤਰ ਅਸਥਾਨ ਖੁਰਾਲਗੜ੍ਹ ਸਾਹਿਬ ਵਿਖੇ ਪਹੁੰਚ ਕੇ ਸਮਾਪਤ ਹੋਣਗੀਆਂ। ਉਨ੍ਹਾਂ ਦੱਸਿਆ ਕਿ ਬਠਿੰਡਾ ਤੋਂ ਸ਼ੁਰੂ ਹੋਣ ਵਾਲੀ ਸ਼ੋਭਾ ਯਾਤਰਾ ਪਟਿਆਲਾ ਵਿਖੇ ਰਾਤਰੀ ਪੜਾਅ ਦੌਰਾਨ ਠਹਿਰੇਗੀ।

ਸ. ਸੌਂਦ ਨੇ ਕਿਹਾ ਕਿ ਸਾਲ ਭਰ ਚੱਲਣ ਵਾਲੇ ਇਨ੍ਹਾਂ ਸਮਾਗਮਾਂ ਦੀ ਸਮਾਪਤੀ ਮੌਕੇ ਪੰਜਾਬ ਸਰਕਾਰ ਵੱਲੋਂ ਦਸੰਬਰ ਮਹੀਨੇ ਵਿੱਚ ਖੁਰਾਲਗੜ੍ਹ ਸਾਹਿਬ ਵਿਖੇ ਤਿੰਨ ਰੋਜ਼ਾ ਵਿਸ਼ੇਸ਼ ਸਮਾਗਮ ਕਰਵਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਪੈਰੋਕਾਰ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਇਨ੍ਹਾਂ ਉਪਰਾਲਿਆਂ ਤੋਂ ਖੁਸ਼ ਹਨ। ਉਨ੍ਹਾਂ ਕਿਹਾ ਕਿ ਸਮਾਗਮ ਸੰਤ ਸਮਾਜ ਦੀਆਂ ਰਹਿਨੁਮਾਈਆਂ ਅਤੇ ਸਲਾਹ–ਮਸ਼ਵਰੇ ਨਾਲ ਉਲੀਕੇ ਗਏ ਹਨ ਅਤੇ ਪੰਜਾਬ ਸਰਕਾਰ ਵੱਲੋਂ ਗੁਰੂ ਸਾਹਿਬ ਪ੍ਰਤੀ ਪੂਰਨ ਸ਼ਰਧਾ ਅਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਬੈਠਕ ਮੌਕੇ ਹਾਜ਼ਰ ਗੁਰਪ੍ਰੀਤ ਸਿੰਘ ਜੀਪੀ ਸਮੇਤ ਬਾਕੀ ਵਿਧਾਇਕਾਂ ਨੇ ਵਿਚਾਰ–ਵਟਾਂਦਰੇ ਵਿੱਚ ਹਿੱਸਾ ਲੈਂਦਿਆਂ ਕਿਹਾ ਕਿ ਵਿੱਚ ਡਰੋਨ ਸ਼ੋਅ ਨੂੰ ਵੱਡੀ ਗਿਣਤੀ ਵਿੱਚ ਸੰਗਤ ਦੀ ਸ਼ਮੂਲੀਅਤ ਨਾਲ ਸਫ਼ਲਤਾਪੂਰਵਕ ਕਰਵਾਇਆ ਜਾਵੇਗਾ। ਪੰਜਾਬ ਟੂਰਿਜ਼ਮ ਐਂਡ ਹੈਰੀਟੇਜ ਪ੍ਰਮੋਸ਼ਨ ਬੋਰਡ ਦੇ ਸਲਾਹਕਾਰ ਸ਼੍ਰੀ ਦੀਪਕ ਬਾਲੀ ਨੇ ਕਿਹਾ ਕਿ ਇਹ ਆਧੁਨਿਕ ਅਤੇ ਪ੍ਰਭਾਵਸ਼ਾਲੀ ਡਰੋਨ ਸ਼ੋਅ ਸਮੁੱਚੀ ਸੰਗਤ ਖ਼ਾਸ ਤੌਰ ’ਤੇ ਨੌਜਵਾਨ ਪੀੜ੍ਹੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਸਿੱਖਿਆਵਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ।ਦੀਪਕ ਬਾਲੀ ਨੇ ਡਰੋਨ ਸ਼ੋਅ ਦੀ ਹੋਰ ਜਾਣਕਾਰੀ ਦਿੰਦਿਆਂ ਕੀਤੇ ਜਾਣ ਵਾਲੇ ਪ੍ਰਬੰਧਾਂ ਬਾਰੇ ਨਿਰਦੇਸ਼ ਜਾਰੀ ਕੀਤੇ।

ਇਸ ਮੌਕੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਕਰਨਲ ਜੇਵੀ ਸਿੰਘ, ਦਿਹਾਤੀ ਪ੍ਰਧਾਨ ਤੇ ਇੰਪਰੂਵਮੈਂਟ ਟਰਸਟ ਚੇਅਰਮੈਨ ਹਰਪਾਲ ਸਿੰਘ ਵਿਰਕ, ਅਮਰੀਕ ਸਿੰਘ ਬੰਗੜ, ਐਸਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਮਾਰਕੀਟ ਕਮੇਟੀ ਅਸ਼ੋਕ ਸਿਰਸਵਾਲ, ਸੰਗਰੂਰ ਦੇ ਪ੍ਰਧਾਨ ਲਾਭ ਸਿੰਘ ਧੂਰੀ, ਕਮਿਸ਼ਨਰ ਨਗਰ ਨਿਗਮ ਪੂਜਾ ਸਿਆਲ, ਏ.ਡੀ.ਸੀਜ਼ ਦਮਨਜੀਤ ਸਿੰਘ ਮਾਨ, ਅਨੁ ?ਪ੍ਰਿਤਾ ਜੌਹਲ ਤੇ ਨਵਰੀਤ ਕੌਰ ਸੇਖੋਂ ਸਮੇਤ ਸੰਗਰੂਰ, ਬਰਨਾਲਾ ਤੇ ਮਾਲੇਰਕੋਟਲਾ ਦੇ ਏਡੀਸੀਜ਼ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਮਾਡਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਮਨਾਈ ਗਈ ਜਨਮ ਅਸ਼ਟਮੀ




**ਪਟਿਆਲਾ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵੇਰ ਦੀ ਸਭਾ ਵਿੱਚ ਮਾਡਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਬੜੀ ਧੂਮ ਧਾਮ ਨਾਲ ਮਨਾਈ ਗਈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਰੰਗਾਂ–ਰੰਗ ਪ੍ਰੋਗਰਾਮ ਪੇਸ਼ ਕੀਤੇ ਗਏ ਅਤੇ ਡਰਾਇੰਗ ਕੰਪੀਟੀਸ਼ਨ ਵੀ ਕਰਾਏ ਗਏ। ਸਕੂਲ ਵਿਦਿਆਰਥਣ ਗੁਰਜੋਤ ਕੌਰ, ਪ੍ਰੀਜਲਾ ਅਤੇ ਗੁਰਸ਼ਰਨ ਸਿੰਘ ਵੱਲੋਂ ਜਨਮ ਅਸ਼ਟਮੀ ਉੱਤੇ ਵਿਦਿਆਰਥੀਆਂ ਨੂੰ ਭਰਪੂਰ ਜਾਣਕਾਰੀ ਦਿੱਤੀ। ਇਹ ਰੰਗਾਂ–ਰੰਗ ਪ੍ਰੋਗਰਾਮ ਨੂੰ ਸਕੂਲ ਦੇ ਪੁਰਾਣੇ ਵਿਦਿਆਰਥਣ ਨਵਕੀਰਤ ਕੌਰ, ਨੈਨਸੀ ਅਤੇ ਉਹਨਾਂ ਦੀ ਟੀਮ ਵੱਲੋਂ ਤਿਆਰ ਕਰਵਾਇਆ ਗਿਆ। ਬੱਚਿਆਂ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਜੀ ਤੇ ਉੱਤੇ ਪ੍ਰੋਜੈਕਟਰ ਉੱਤੇ ਵੀਡਿਓ ਫਿਲਮ ਵੀ ਦਿਖਾਈ ਗਈ। ਸਕੂਲ ਵਿੱਚ ਟੀਚਿੰਗ ਪ੍ਰੈਕਟਿਸ ਤੇ ਆਏ ਹੋਏ ਵੱਖ–ਵੱਖ ਕਾਲਜਾਂ ਤੋਂ ਵਿਦਿਆਰਥੀਆਂ ਵੱਲੋਂ ਬੱਚਿਆਂ ਨੂੰ ਤੋਹਫੇ ਅਤੇ ਬਿਸਕੁਟ ਵੰਡੇ ਗਏ।

ਸਕੂਲ ਇੰਚਾਰਜ ਵੱਲੋਂ ਵਿਦਿਆਰਥੀਆਂ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀਆਂ ਸਿੱਖਿਆਵਾਂ ਉੱਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਾਰਾ ਸਟਾਫ਼ ਹਾਜ਼ਰ ਸੀ।

# ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ ਅਤੇ ਨਸ਼ੇ ਕਰਕੇ ਵਹੀਕਲਜ਼ ਚਲਾਉਣ ਨਾਲ ਹਰ ਸਾਲ ਅਨੇਕਾਂ ਕੀਮਤੀ ਜਾਨਾਂ ਅਜਾਈਂ ਚੱਲੀਆਂ ਜਾਂਦੀਆਂ ਹਨ : ਐਸ ਪੀ ਟ੍ਰੈਫਿਕ ਅਸ਼ੋਕ ਕੁਮਾਰ



**ਪਟਿਆਲਾ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਅਤੇ ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਰਪ੍ਰਸਤ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਪੁਲਿਸ, ਮੈਂਬਰ ਵੂਮੈਨ ਕੌਂਸਲਿੰਗ ਸੈਲ ਪਟਿਆਲਾ ਪੁਲਿਸ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਵੱਲੋਂ ਅੱਜ ਐਸ.ਪੀ. ਟ੍ਰੈਫਿਕ ਪਟਿਆਲਾ ਸ੍ਰੀ ਅਸ਼ੋਕ ਕੁਮਾਰ ਜੀ ਨਾਲ ਉਨ੍ਹਾਂ ਦੇ ਦਫਤਰ ਵਿਖੇ ਵਿਸ਼ੇਸ਼ ਮੁਲਾਕਾਤ ਕੀਤੀ ਗਈ।

ਇਸ ਮੁਲਾਕਾਤ ਦੌਰਾਨ ਮੁੱਖ ਤੌਰ ਤੇ ਸਮਾਜ ਵਿੱਚ ਦਿਨੋ-ਦਿਨ ਵੱਧ ਰਹੀ ਨਸ਼ਿਆਂ ਦੀ ਸਮੱਸਿਆ ਅਤੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਾਰਨ ਹੋ ਰਹੇ ਸੜਕ ਹਾਦਸਿਆਂ ਨੂੰ ਰੋਕਣ ਸਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਮੌਕੇ ਐਸ ਪੀ ਟ੍ਰੈਫਿਕ ਅਸ਼ੋਕ ਕੁਮਾਰ ਨੇ ਕਿਹਾ ਕਿ ਸਮਾਜ ਸੇਵੀ ਸੰਸਥਾ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਉਨ੍ਹਾਂ ਦੀਆਂ ਸਹਿਯੋਗੀ ਸੰਸਥਾਵਾਂ ਵੱਲੋਂ ਪਿਛਲੇ ਕਈ ਸਾਲਾਂ ਤੋਂ ਜ਼ਿਲ੍ਹਾ ਪਟਿਆਲਾ ਵਿੱਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਜਾਗਰੂਕਤਾ ਸੈਮੀਨਾਰ, ਖੇਡ ਟੂਰਨਾਮੈਂਟ, ਸਾਈਕਲ ਰੈਲੀਆਂ ਅਤੇ ਡੋਰ-ਟੂ-ਡੋਰ ਅਭਿਆਨ ਚਲਾਏ ਜਾ ਰਹੇ ਹਨ, ਉਹੋ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ।

ਉਹਨਾਂ ਨੇ ਕਿਹਾ ਕਿ ਅੱਜ ਦਾ ਨੌਜਵਾਨ ਵਰਗ ਗੁੰਮਰਾਹ ਹੋ ਕੇ ਨਸ਼ਿਆਂ ਦੇ ਦਲਦਲ ਵਿੱਚ ਫਸ ਰਿਹਾ ਹੈ, ਜਿਸ ਨੂੰ ਬਚਾਉਣ ਲਈ ਪੁਲਿਸ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਰਲ ਕੇ ਕੰਮ ਕਰਨਾ ਪਵੇਗਾ। ਉਹਨਾਂ ਨੇ ਕਿਹਾ ਕਿ ਪਟਿਆਲਾ ਪੁਲਿਸ ਨਸ਼ਿਆਂ ਖਿਲਾਫ ਜ਼ੀਰੋ ਟਾਲਰੈਂਸ ਦੀ ਨੀਤੀ ਤੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਖਿਲਾਫ ਸਖ਼ਤ ਕਾਰਵਾਈ ਦੇ ਨਾਲ-ਨਾਲ ਨੌਜਵਾਨਾਂ ਨੂੰ ਜਾਗਰੂਕ ਕਰਨਾ ਵੀ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ ਕਾਰਨ ਅਤੇ ਨਸ਼ੇ ਕਰਕੇ ਵਹੀਕਲਜ਼ ਚਲਾਉਣ ਨਾਲ ਹਰ ਸਾਲ ਸੈਂਕੜੇ ਕੀਮਤੀ ਜਾਨਾਂ ਅਜਾਈਂ ਚਲੀਆਂ ਜਾਂਦੀਆਂ ਹਨ।

ਉਨ੍ਹਾਂ ਦੱਸਿਆ ਕਿ ਪਟਿਆਲਾ ਪੁਲਿਸ ਵੱਲੋਂ ਜਲਦ ਹੀ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਜ਼ਿਲ੍ਹੇ ਭਰ ਵਿੱਚ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਇਸ ਮੌਕੇ ਉਹਨਾਂ ਕਿਹਾ ਕਿ ਸਕੂਲਾਂ-ਕਾਲਜਾਂ, ਯੂਨੀਵਰਸਿਟੀਆਂ, ਪਿੰਡਾਂ, ਕਸਬਿਆਂ, ਵਾਰਡਾਂ ਵਿੱਚ ਟ੍ਰੈਫਿਕ ਨਿਯਮਾਂ ਅਤੇ ਨਸ਼ਾ ਮੁਕਤੀ ਸਬੰਧੀ ਸੈਮੀਨਾਰ ਲਗਾਏ ਜਾਣਗੇ। ਬਿਨਾਂ ਹੈਲਮਟ, ਬਿਨਾਂ ਸੀਟ ਬੈਲਟ, ਓਵਰ ਸਪੀਡ ਅਤੇ ਨਸ਼ਾ ਕਰਕੇ ਵਾਹਨ ਚਲਾਉਣ ਵਾਲਿਆਂ ਖਿਲਾਫ ਜਾਗਰੂਕਤਾ ਦੇ ਨਾਲ-ਨਾਲ ਸਖ਼ਤੀ ਵੀ ਕੀਤੀ ਜਾਵੇਗੀ।

ਇਸ ਮੌਕੇ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੇ ਐਸ.ਪੀ. ਟ੍ਰੈਫਿਕ ਪਟਿਆਲਾ ਅਸ਼ੋਕ ਕੁਮਾਰ ਦਾ ਆਪਣਾ ਕੀਮਤੀ ਸਮਾਂ ਦੇਣ ਅਤੇ ਸਹਿਯੋਗ ਦਾ ਭਰੋਸਾ ਦੇਣ ਲਈ ਧੰਨਵਾਦ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀਆਂ ਸੰਸਥਾਵਾਂ ਹਮੇਸ਼ਾ ਪੁਲਿਸ ਅਤੇ ਪ੍ਰਸ਼ਾਸਨ ਦੇ ਮੋਢੇ ਨਾਲ ਮੋਢਾ ਜੋੜ ਕੇ ਸਮਾਜ ਭਲਾਈ ਦੇ ਕੰਮਾਂ ਵਿੱਚ ਅੱਗੇ ਰਹਿਣਗੀਆਂ।

# ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਦਿਖਾਈ ਤੀਰਥ ਯਾਤਰਾ ਬੱਸ ਨੂੰ ਹਰੀ ਝੰਡੀ



**ਪਟਿਆਲਾ, 7 ਸਤੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਪਟਿਆਲਾ ਸ਼ਹਿਰ ਦੇ ਸਨੌਰੀ ਅੱਡਾ ਤੋਂ ਅੱਜ ਬੱਸ ਰਵਾਨਾ ਕੀਤੀ। ਇਸ ਮੌਕੇ ਹਲਕਾ ਕੋਆਰਡੀਨੇਟਰ ਹਰਵਿੰਦਰਪਾਲ ਸਿੰਘ ਵਿੱਟੀ ਅਤੇ ਵਾਰਡ ਨੰਬਰ 39 ਦੇ ਇੰਚਾਰਜ ਜਯੋਤੀ ਵੀ ਮੌਜੂਦ ਸਨ। ਇਸ ਮੌਕੇ ਸੰਗਤਾਂ ਯਾਤਰਾ ਦੌਰਾਨ ਬਹੁਤ ਉਤਸ਼ਾਹ ਵਿਚ ਸਨ। ਸਰਕਾਰ ਦੇ ਇਸ ਵਿਸੇਸ਼ ਉਪਰਾਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਐਮ.ਐਲ.ਏ. ਪਟਿਆਲਾ ਅਜੀਤਪਾਲ ਸਿੰਘ ਕੋਹਲੀ ਦਾ ਧੰਨਵਾਦ ਕੀਤਾ।

ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਇਹ ਬੱਸ ਹਰਿਦੁਆਰ ਅਤੇ ਰਿਸ਼ੀਕੇਸ਼ ਜਾਵੇਗੀ। ਇਸ ਤੀਰਥ ਯਾਤਰਾ ਦਾ ਸਾਰਾ ਖਰਚ ਪੰਜਾਬ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ ਕਿਸੇ ਵੀ ਸ਼ਰਧਾਲੂ ਤੋਂ ਕੋਈ ਪੈਸਾ ਨਹੀਂ ਲਿਆ ਜਾ ਰਿਹਾ ਉਹਨਾਂ ਦੱਸਿਆ ਕਿ ਹੁਣ ਤੱਕ ਅਣਗਿਣਤ ਸ਼ਰਧਾਲੂ ਤੀਰਥ ਯਾਤਰਾ ਕਰ ਚੁੱਕੇ ਹਨ ਅਤੇ ਲੱਖਾਂ ਸ਼ਰਧਾਲੂ ਲਗਾਤਾਰ ਸਬੰਧਤ ਇਲਾਕੇ ਦੇ ਆਗੂਆਂ ਨਾਲ ਸੰਪਰਕ ਕਰ ਰਹੇ ਹਨ ਜਿਨਾਂ ਨੂੰ ਇਹ ਯਾਤਰਾ ਕਰਵਾਈ ਜਾ ਰਹੀ ਹੈ ਉਹਨਾਂ ਦੱਸਿਆ ਸਰਕਾਰ ਨੇ ਇਸ ਉਪਰਾਲੇ ਦਾ ਸੂਬਾ ਵਾਸੀਆਂ ਵੱਲੋਂ ਸਹਿਯੋਗ ਕਰਨ ਦੇ ਨਾਲ ਨਾਲ ਧੰਨਵਾਦ ਵੀ ਕੀਤਾ ਜਾ ਰਿਹਾ ਹੈ।

ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਧਾਰਮਿਕ ਆਸਥਾ ਨਾਲ ਜੁੜੇ ਲੋਕਾਂ ਲਈ ਇੱਕ ਵੱਡਾ ਉਪਰਾਲਾ ਹੈ। ਇਸ ਯੋਜਨਾ ਰਾਹੀਂ ਸ਼ਰਧਾਲੂਆਂ ਨੂੰ ਵੱਖ-ਵੱਖ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਲੋਕਾਂ ਨੂੰ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ।

ਵਿਧਾਇਕ ਕੋਹਲੀ ਨੇ ਯਾਤਰਾ 'ਤੇ ਜਾ ਰਹੇ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੀ ਸੁਖਦ ਅਤੇ ਮੰਗਲਮਈ ਯਾਤਰਾ ਦੀ ਕਾਮਨਾ ਕੀਤੀ। ਸ਼ਰਧਾਲੂਆਂ ਨੇ ਵੀ ਪੰਜਾਬ ਸ੍ਰ ਸਰਕਾਰ ਅਤੇ ਵਿਧਾਇਕ ਕੋਹਲੀ ਦਾ ਧੰਨਵਾਦ ਕਰਦਿਆਂ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ।

# ਜ਼ਿਲ੍ਹਾ ਸਕੂਲ ਖੇਡਾਂ 'ਚ ਲੜਕੀਆਂ ਦੇ ਬਾਸਕਟਬਾਲ ਮੁਕਾਬਲੇ ਕਰਵਾਏ ਗਏ



**ਪਟਿਆਲਾ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਿੱਖਿਆ ਅਫਸਰ ਸ਼ਾਲੂ ਮਹਿਰਾ ਦੀ ਯੋਗ ਅਗਵਾਈ ਤੇ ਉਪ ਜਿਲ੍ਹਾ ਸਿੱਖਿਆ ਅਫਸਰ ਡਾ ਰਵਿੰਦਰਪਾਲ ਸ਼ਰਮਾਂ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ.ਦਲਜੀਤ ਸਿੰਘ ਤੇ ਜ਼ਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ ਅੰਡਰ 14/17/19 ਲੜਕੀਆਂ ਦੇ ਬਾਸਕਟ ਬਾਲ ਮੁਕਾਬਲੇ ਪੋਲੋ ਗਰਾਊਂਡ ਪਟਿਆਲਾ ਵਿਖੇ ਕਰਵਾਏ ਗਏ। ਜ਼ਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਜਸਪਾਲ ਸਿੰਘ ਮੰਡੌਰ ਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ.ਦਲਜੀਤ ਸਿੰਘ ਨੇ ਉਚੇਚੇ ਤੌਰ ਤੇ ਪੋਲੋ ਗਰਾਉਂਡ ਪਟਿਆਲਾ ਵਿਖੇ ਪਹੁੰਚ ਕੇ ਖਿਡਾਰੀਆਂ ਨੂੰ ਮੈਡਲ ਪਾ ਕੇ ਸਨਮਾਨਿਤ ਕੀਤਾ।ਅੰਡਰ-14 ਲੜਕੀਆਂ ਦੇ ਵਿੱਚ ਪਟਿ-1 ਜੋਨ ਨੇ ਪਹਿਲਾ,ਪਟਿ-2 ਜੋਨ ਨੇ ਦੂਜਾ,ਪਟਿ-3 ਜੋਨ ਨੇ ਤੀਜਾ,ਅੰਡਰ-17 ਦੇ ਵਿੱਚ ਪਟਿ-2 ਜੋਨ ਨੇ ਪਹਿਲਾ,ਪਟਿ-3 ਜੋਨ ਨੇ ਦੂਜਾ,ਪਟਿ-1 ਜੋਨ ਨੇ ਤੀਜਾ, ਅੰਡਰ-19 ਦੇ ਵਿੱਚ ਪਟਿ-2 ਜੋਨ ਨੇ ਪਹਿਲਾ,ਪਟਿ-3 ਜੋਨ ਨੇ ਦੂਜਾ ਤੇ ਪਟਿ-1 ਜੋਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਤੇ ਖੇਡ ਕਨਵੀਨਰ ਪ੍ਰਿੰਸੀਪਲ ਜੱਗਾ ਸਿੰਘ ਸਸਸਸ ਕਪੂਰੀ, ਅਮਰਜੋਤ ਸਿੰਘ, ਬਲਵਿੰਦਰ ਸਿੰਘ ਜੱਸਲ ਜੋਨਲ ਸਕੱਤਰ ਪਟਿ-2, ਅਮਨਦੀਪ ਕੌਰ, ਇੰਦੂ ਬਾਲਾ,ਪਰਮਜੀਤ ਕੌਰ, ਗੁਰਿੰਦਰ ਸਿੰਘ, ਲਖਵਿੰਦਰ ਕੌਰ, ਇਰਵਨਦੀਪ ਕੌਰ, ਗੁਰਮੀਤ ਸਿੰਘ ਕੋਚ, ਕੰਵਲਦੀਪ ਸਿੰਘ ਕੋਚ, ਰਮਣੀਕ ਅਹੂਜਾ ਕੋਚ, ਤੇਜਿੰਦਰ ਕੌਰ, ਹਰਵੀਰ ਕੌਰ, ਗੁਰਪ੍ਰੀਤ ਸਿੰਘ ਬਾਜਵਾ ਅਤੇ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਹਾਜ਼ਰ ਸਨ।

# ਨੌਜਵਾਨ ਦੇ ਕਾਤਲਾਂ ਦੀ ਗ੍ਰਿਫਤਾਰੀ ਨੂੰ ਲੈ ਕੇ ਪਰਿਵਾਰਿਕ ਮੈਂਬਰਾਂ ਤੇ ਪਿੰਡ ਵਾਸੀਆਂ ਵੱਲੋਂ ਰੋਡ ਜਾਮ



**ਮੋਰਿੰਡਾ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀ ਪਿੰਡ ਮੁੰਡੀਆਂ ਤੇ ਢੋਲਣ ਮਾਜਰਾ ਰੋਡ ਤੇ ਹੋਏ ਝਗੜੇ ਦੌਰਾਨ ਗੋਲੀਆਂ ਮਾਰ ਕੇ ਮਾਰੇ ਗਏ ਸਰਹਾਣਾ ਨਿਵਾਸੀ ਅਜੇ ਕੁਮਾਰ ਦੇ ਪਰਿਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਵੱਲੋਂ ਦੋਸ਼ੀਆਂ ਦੀ ਗ੍ਰਿਫਤਾਰੀ ਨੂੰ ਲੈ ਕੇ ਸਰਹਾਣਾ ਵਿਖੇ ਮੋਰਿੰਡਾ ਸ੍ਰੀ ਚਮਕੌਰ ਸਾਹਿਬ ਰੋਡ ਜਾਮ ਕਰਕੇ ਰੋਸ ਦਾ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਪਹੁੰਚੇ ਭਾਰਤੀ ਜਨਤਾ ਪਾਰਟੀ ਐਸ ਸੀ ਵਿੰਗ ਜਿਲਾ ਰੂਪਨਗਰ ਦੀ ਪ੍ਰਧਾਨ ਮੇਜਰ ਅੰਜੂ ਬਾਲਾ ਸਿੰਘ ਨੇ ਕਿਹਾ ਕਿ ਪੰਜਾਬ ਪੁਲਿਸ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕਰਕੇ ਮ੍ਰਿਤਕ ਪਰਿਵਾਰ ਦੇ ਜਖਮਾਂ ਤੇ ਲੂਣ ਛਿੜਕ ਰਹੀ ਹੈ ਜਦਕਿ ਪੁਲਿਸ ਪ੍ਰਸ਼ਾਸਨ ਨੂੰ ਚਾਹੀਦਾ ਸੀ ਕਿ ਪੁਲਿਸ ਮਾਮਲੇ ਵਿੱਚ ਨਾਮਜਦ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਇਸ ਮਾਮਲੇ ਵਿੱਚ ਸ਼ਾਮਿਲ ਹੋਰਨਾਂ ਨੌਜਵਾਨਾਂ ਦੀ ਤਫਦੀਸ਼ ਕਰਕੇ ਗ੍ਰਿਫਤਾਰ ਕੀਤਾ ਜਾਵੇ, ਉਹਨਾਂ ਕਿਹਾ ਹਲਕੇ ਵਿੱਚ ਚੋਰੀਆਂ ਫਰੌਤੀਆਂ ਅਤੇ ਲੜਾਈ ਝਗੜਿਆਂ ਵਿੱਚ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਸ਼ਰਾਰਤੀ ਅਨਸਰ ਬਿਲਕੁਲ ਬੇਖੌਫ ਹਨ , ਇਸ ਮੌਕੇ ਸਾਬਕਾ ਸਰਪੰਚ ਸਿਮਰਨਜੀਤ ਸਿੰਘ ਕੰਗ ਨੇ ਕਿਹਾ ਕਿ ਪੁਲਿਸ ਜਾਣ ਬੁਝ ਕੇ ਦੋਸ਼ੀਆਂ ਨੂੰ ਬਚਾਉਣ ਦਾ ਯਤਨ ਕਰ ਰਹੀ ਹੈ ਜਦਕਿ ਇਸ ਮਾਮਲੇ ਵਿੱਚ ਨਾਮਜਦ ਜਿਆਦਾਤਰ ਵਿਅਕਤੀਆਂ ਦੀ ਪਹਿਚਾਣ ਹੋ ਚੁੱਕੀ ਹੈ ਪ੍ਰੰਤੂ ਪੁਲਿਸ ਉਹਨਾਂ ਨੂੰ ਗ੍ਰਿਫਤਾਰ ਨਹੀਂ ਕਰ ਰਹੀ ਜੋ ਪੁਲਿਸ ਪ੍ਰਸ਼ਾਸਨ ਤੇ ਇੱਕ ਵੱਡਾ ਸਵਾਲੀਆ ਨਿਸ਼ਾਨ ਹੈ ਇਸ ਮੌਕੇ ਮ੍ਰਿਤਕ ਅਜੇ ਕੁਮਾਰ ਦੀ ਮਾਤਾ ਬੀਨਾ ਰਾਣੀ ਅਤੇ ਭੈਣ ਪੂਜਾ ਰਾਣੀ ਨੇ ਕਿਹਾ ਕਿ ਜਦੋਂ ਤੱਕ ਅਜੇ ਕੁਮਾਰ ਦੇ ਕਾਤਲਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ ਉਦੋਂ ਤੱਕ ਅਜੇ ਕੁਮਾਰ ਦੀ ਮ੍ਰਿਤਕ ਦੇਹ ਦਾ ਸੰਸਕਾਰ ਨਹੀਂ ਕੀਤਾ ਜਾਵੇਗਾ ਇਸ ਮੌਕੇ ਪਹੁੰਚੇ ਐਸਐਚਓ ਸਿਟੀ ਮੋਰਿੰਡਾ ਗਗਨਦੀਪ ਸਿੰਘ ਨੇ ਦੱਸਿਆ ਕਿ ਉਹਨਾਂ ਵੱਲੋਂ ਪਹਿਲਾਂ ਵੀ ਪੁਸ਼ਵਿੰਦਰ ਸਿੰਘ ਦੇ ਬਿਆਨ ਦੇ ਆਧਾਰ 'ਤੇ ਮਨੀ ਅਤੇ ਗਗਨ ਵਾਸੀਆਨ ਚੱਕਲਾਂ, ਮਿੰਦੀ ਡਾਕਟਰ ਵਾਸੀ ਲੁਠੇੜੀ, ਕਰਨ ਵਾਸੀ ਸ਼ਾਦੀਪੁਰ, ਹਰਿੰਦਰ ਸਿੰਘ ਉਰਫ਼ ਲੱਕੀ ਵਾਸੀ ਸਰਹਾਣਾ, ਨੱਟ ਵਾਸੀ ਦਤਾਰਪੁਰ ਅਤੇ 14-15 ਹੋਰ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਕੀਤਾ ਗਿਆ ਸੀ।

# ਕ੍ਰਿਸ਼ੀ ਵਿਗਿਆਨ ਕੇਂਦਰ ਨੇ ਪਿੰਡ ਚੱਠੇ ਸੇਖਵਾਂ ਵਿਖੇ ਪਰਾਲੀ ਪ੍ਰਬੰਧਨ ਬਾਰੇ ਜਾਗਰੂਕਤਾ ਕੈਂਪ ਲਗਾਇਆ



**ਸੰਗਰੂਰ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਬਾਰੇ ਵਿੱਢੀ ਮੁਹਿੰਮ ਅਧੀਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਪਿੰਡ ਚੱਠੇ ਸੇਖਵਾਂ, ਬਲਾਕ ਸੰਗਰੂਰ ਵਿਖੇ ਇੱਕ -ਰੋਜ਼ਾ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਜਿਸ ਵਿੱਚ ਪਿੰਡ ਦੀ ਸਮੁੱਚੀ ਗ੍ਰਾਮ ਪੰਚਾਇਤ ਸਮੇਤ ਲੱਗਭੱਗ 80 ਕਿਸਾਨਾਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਡਾ. ਮਨਦੀਪ ਸਿੰਘ, ਇੰਚਾਰਜ, ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਹੀ ਸੰਭਾਲਦੇ ਹੋਏ ਕਣਕ ਬੀਜਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਾਉਣ ਨਾਲ ਵਾਤਾਵਰਣ, ਮਿੱਟੀ ਦੀ ਸਿਹਤ ਅਤੇ ਮਨੁੱਖੀ ਸਿਹਤ ਉੱਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਜਾਗਰੂਕ ਕੀਤਾ। ਉਹਨਾਂ ਪਰਾਲੀ ਨੂੰ ਖੇਤ ਵਿੱਚ ਸੰਭਾਲਣ ਨਾਲ ਹੋਣ ਵਾਲੇ ਫ਼ਾਇਦਿਆਂ ਅਤੇ ਮਿੱਟੀ ਦੀ ਸਿਹਤ ਵਿੱਚ ਹੋਣ ਵਾਲੇ ਸੁਧਾਰ ਸੰਬੰਧੀ ਵੀ ਦੱਸਿਆ। ਉਹਨਾਂ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਕਿਸਾਨਾਂ ਲਈ ਲਗਾਏ ਜਾ ਰਹੇ ਕਿੱਤਾਮੁਖੀ ਸਿਖਲਾਈ ਕੋਰਸਾਂ, ਮਿੱਟੀ-ਪਾਣੀ ਪਰਖ ਸੇਵਾਵਾਂ, ਸੀ.ਆਰ.ਐਮ. ਮਸ਼ੀਨਰੀ ਬੈਂਕ ਅਤੇ ਵੱਖ-ਵੱਖ ਫ਼ਸਲਾਂ ਦੇ ਤਿਆਰ ਕੀਤੇ ਜਾ ਰਹੇ ਬੀਜਾਂ, ਆਦਿ ਬਾਰੇ ਵੀ ਚਾਨਣਾ ਪਾਇਆ।

ਡਾ. ਸੁਨੀਲ ਕੁਮਾਰ, ਸਹਾਇਕ ਪ੍ਰੋਫੈਸਰ (ਫਾਰਮ ਮਸੀਨਰੀ) ਨੇ ਕਿਸਾਨਾਂ ਨੂੰ ਪਰਾਲੀ ਨੂੰ ਖੇਤ ਵਿੱਚ ਸਾਂਭਦੇ ਹੋਏ ਕਣਕ ਦੀ ਬਿਜਾਈ ਲਈ ਉਪਲਬਧ ਖੇਤੀ ਮਸ਼ੀਨਰੀ ਅਤੇ ਇਸ ਦੀ ਸੁਚੱਜੀ ਵਰਤੋਂ ਬਾਬਤ ਵਿਸਤਾਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਸਾਨਾਂ ਨੂੰ ਪਰਾਲੀ ਨੂੰ ਖੇਤ ਵਿੱਚੋਂ ਬਾਹਰ ਕੱਢ ਕੇ ਕਣਕ ਦੀ ਬਿਜਾਈ ਕਰਨ ਤੋਂ ਗੁਰੇਜ਼ ਕਰਨ ਲਈ ਵੀ ਕਿਹਾ।

ਡਾ. ਰੁਕਿੰਦਰਪ੍ਰੀਤ ਸਿੰਘ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਨੇ ਕਿਸਾਨਾਂ ਨਾਲ ਝੋਨੇ ਦੀ ਕਾਸ਼ਤ ਵਿੱਚ ਦਰਪੇਸ਼ ਆ ਰਹੀਆਂ ਸਮੱਸਿਆਵਾਂ ਜਿਵੇਂ ਕਿ ਬੌਣਾ ਰੋਗ, ਭੂਰੇ ਪਿੱਠ ਵਾਲਾ ਟਿੱਡਾ, ਝੰਡਾ ਰੋਗ, ਹਲਦੀ ਰੋਗ ਅਤੇ ਹੋਰ ਬਿਮਾਰੀਆਂ ਦੀ ਰੋਕਥਾਮ ਸੰਬੰਧੀ ਜਾਣਕਾਰੀ ਦਿੱਤੀ।

ਉਨ੍ਹਾਂ ਕਿਸਾਨਾਂ ਨੂੰ ਝੋਨੇ ਵਿੱਚ ਪੋਟਾਸ਼ੀਅਮ ਨਾਈਟ੍ਰੇਟ (13:0:45) ਦੀ ਵਰਤੋਂ ਦੇ ਫਾਇਦਿਆਂ ਬਾਰੇ ਦੱਸਦੇ ਹੋਏ ਇਸ ਦਾ ਸਪਰੇਅ ਕਰਨ ਲਈ ਆਖਿਆ। ਉਹਨਾਂ ਕਿਹਾ ਕਿ ਜਦੋਂ ਝੋਨਾ ਗੋਭ ਵਿੱਚ ਆਵੇ ਤਾਂ 1.5% ਪੋਟਾਸ਼ੀਅਮ ਨਾਈਟ੍ਰੇਟ (3 ਕਿਲੋ ਪੋਟਾਸ਼ੀਅਮ ਨਾਈਟ੍ਰੇਟ 200 ਲਿਟਰ ਪਾਣੀ ਪ੍ਰਤੀ ਏਕੜ) ਦਾ ਛਿੜਕਾਅ ਕਰੋ।

ਡਾ. ਰਵਿੰਦਰ ਕੌਰ, ਸਹਿਯੋਗੀ ਪ੍ਰੋਫੈਸਰ (ਬਾਗਬਾਨੀ) ਨੇ ਕਿਸਾਨਾਂ ਨੂੰ ਸਰਦੀ ਰੁੱਤ ਦੀ ਘਰੇਲੂ ਸਬਜ਼ੀ ਬਗੀਚੀ ਲਗਾਉਣ ਲਈ ਪ੍ਰੇਰਿਤ ਕੀਤਾ। ਉਹਨਾਂ ਸਬਜ਼ੀਆਂ ਦੀਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਤ ਕੀਤੀਆਂ ਵੱਖ-ਵੱਖ ਕਿਸਮਾਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਕਿਸਾਨਾਂ ਲਈ ਤਿਆਰ ਕੀਤੀਆਂ ਜਾਂਦੀਆਂ ਸਬਜ਼ੀਆਂ ਦੀਆਂ ਪਨੀਰੀਆਂ ਸੰਬੰਧੀ ਵੀ ਜਾਣਕਾਰੀ ਦਿੱਤੀ।

ਇਸ ਕੈਂਪ ਦੇ ਅਖੀਰ ਵਿੱਚ ਕਿਸਾਨ ਵੀਰਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਗਏ ਉਹਨਾਂ ਨੂੰ ਯੂਨੀਵਰਸਿਟੀ ਵੱਲੋਂ ਤਿਆਰ ਸਰਦੀ ਰੁੱਤ ਦੀਆਂ ਸਬਜ਼ੀਆਂ ਦੇ ਬੀਜਾਂ ਦੀਆਂ ਕਿੱਟਾਂ ਮੁਹਈਆ ਕਰਵਾਈਆਂ ਗਈਆਂ।

ਕੈਂਪ ਵਿੱਚ ਪਿੰਡ ਦੇ ਸਰਪੰਚ ਸ. ਦਰਸ਼ਨ ਸਿੰਘ, ਮੈਂਬਰ ਪੰਚਾਇਤ ਸ. ਗੁਰਦੀਪ ਸਿੰਘ, ਸ਼੍ਰੀ ਪਰਮਜੀਤ ਸ਼ਰਮਾ ਅਤੇ ਨੰਬਰਦਾਰ ਅਤੇ ਸਾਬਕਾ ਸਰਪੰਚ ਸ. ਨਿਰਵੈਰ ਸਿੰਘ ਵਿਸ਼ੇਸ਼ ਤੌਰ ਉੱਤੇ ਹਜ਼ਾਰ ਰਹੇ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਸੰਗਰੂਰ ਦੀ ਟੀਮ ਦਾ ਤਹਿ-ਦਿਲੋਂ ਧੰਨਵਾਦ ਕੀਤਾ।

# ਏਐਮ/ਐਨਐਸ ਜੂਨੀਅਰ ਇੰਡੀਆ ਖੋ-ਖੋ ਚੈਂਪੀਅਨਸ਼ਿਪ ਵਿੱਚ ਪੰਜਾਬ ਦੀਆਂ ਖਿਡਾਰਨਾਂ ਨੇ ਬਰਾਊਨਜ਼ ਮੈਡਲ ਜਿੱਤਿਆ




**ਪਟਿਆਲਾ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉਪਕਾਰ ਸਿੰਘ ਵਿਰਕ ਜਨਰਲ ਸੈਕਟਰੀ ਖੋਖ ਫੈਡਰੇਸ਼ਨ ਆਫ ਇੰਡੀਆ ਨੇ ਦੱਸਿਆ ਕਿ ਪੰਜਾਬ ਦੀ ਜੂਨੀਅਰ ਲੜਕੀਆਂ ਦੀ ਖੋਖੋ ਟੀਮ ਨੇ ਬਹੁਤ ਵਧੀਆ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ, ਉੜੀਸਾ (ਪੁਰੀ) ਦੇ ਵਿੱਚ ਹੋਏ ਮੁਕਾਬਲਿਆਂ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਬਰਾਊਨਜ਼ ਮੈਡਲ ਜਿੱਤ ਕੇ ਪੰਜਾਬ ਦਾ ਨਾਂ ਰਾਸ਼ਟਰੀ ਪੱਧਰ ਤੇ ਰੋਸ਼ਨ ਕੀਤਾ।ਇਸ ਚੈਂਪੀਅਨਸ਼ਿਪ ਵਿੱਚ ਖਿਡਾਰਨਾਂ ਨੂੰ 30 ਹਜ਼ਾਰ ਰੁਪਏ ਰਾਸ਼ੀ ਦਾ ਇਨਾਮ ਵੀ ਮਿਲਿਆ।ਪੰਜਾਬ ਦੀ ਇਸ ਟੀਮ ਵਿੱਚ ਪਟਿਆਲੇ ਜ਼ਿਲ੍ਹੇ ਦੀਆਂ 10 ਖਿਡਾਰਨਾਂ ਖੇਡੀਆਂ,ਇਨ੍ਹਾਂ ਨੇ ਜ਼ਿਲ੍ਹਾ ਦਾ ਨਾਂ ਰਾਸ਼ਟਰੀ ਪੱਧਰ ਤੇ ਰੌਸ਼ਨ ਕੀਤਾ।

ਜ਼ਿਲ੍ਹਾ ਖੇਡ ਅਫਸਰ ਨਵਜੋਤ ਸਿੰਘ ਧਾਲੀਵਾਲ ਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ ਦਲਜੀਤ ਸਿੰਘ ਨੇ ਉਚੇਚੇ ਤੌਰ ਤੇ ਪੋਲੋ ਗਰਾਉਂਡ ਵਿਖੇ ਪਹੁੰਚ ਕੇ ਖਿਡਾਰਨਾਂ ਨੂੰ ਆਸ਼ੀਰਵਾਦ ਦਿੱਤਾ।ਇਸ ਮੌਕੇ ਤੇ ਜ਼ਿਲ੍ਹਾ ਟੂਰਨਾਮੈਂਟ ਸਕੱਤਰ ਚਰਨਜੀਤ ਸਿੰਘ ਭੁੱਲਰ,ਅਮਨਿੰਦਰ ਸਿੰਘ ਬਾਬਾ ਜੋਨਲ ਸਕੱਤਰ ਪਟਿ-1, ਗੁਰਚੰਦ ਸਿੰਘ,ਸੁਖਦੀਪ ਸਿੰਘ ਕੋਚ,ਵਿਨੋਦ ਕੁਮਾਰ,ਕਮਲਦੀਪ ਸਿੰਘ ਕੋਚ,ਸਲੀਮ ਖਾਨ ਤੇ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਹਾਜ਼ਰ ਸਨ।

# ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵਲੋਂ ਯੂਨੀਵਰਸਿਟੀ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਕਰਵਾਇਆ ਗਿਆ ਵਿਸ਼ੇਸ਼ ਸਮਾਗਮ



**ਪਟਿਆਲਾ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਪਹਿਲੀ ਸਰਕਾਰੀ ਓਪਨ ਯੂਨੀਵਰਸਿਟੀ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਵਲੋਂ ਅੱਜ ਮਿਤੀ 3 ਸਤੰਬਰ ਨੂੰ ਆਪਣਾ ਸਾਲਾਨਾ ਸਥਾਪਨਾ ਦਿਵਸ ਮਨਾਇਆ ਗਿਆ । ਯੂਨੀਵਰਸਿਟੀ ਦੇ ਮਾਨਯੋਗ ਉਪ ਕੁਲਪਤੀ ਪ੍ਰੋ. ਰਤਨ ਸਿੰਘ ਜੀ ਦੀ ਯੋਗ ਅਗਵਾਈ ਹੇਠ ਕਰਵਾਏ ਗਏ ਇਸ ਸਥਾਪਨਾ ਦਿਵਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਹੋਇਆਂ ਪਵਿੱਤਰ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਅਤੇ ਉਪਰੰਤ ਅਕਾਦਮਿਕ ਸੈਸ਼ਨ ਸੈਮੀਨਾਰ ਰੂਪ ਵਿਚ ਆਯੋਜਿਤ ਕੀਤਾ ਗਿਆ। ਇਸ ਅਕਾਦਮਿਕ ਸੈਸ਼ਨ ਮੌਕੇ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ ਡਾ . ਹਰਪਾਲ ਸਿੰਘ ਪੰਨੂ ਜੀ ਨੇ ਯੂਨੀਵਰਸਿਟੀ ਦੇ ਸਥਾਪਨਾ ਦਿਵਸ ਮੌਕੇ ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸੰਦੇਸ਼ ਨੂੰ ਸਾਖੀ ਸਾਹਿਤ ਦੇ ਰਾਹੀ ਬਹੁਤ ਹੀ ਖੂਬਸੂਰਤ ਸ਼ਬਦਾਂ ਰਾਹੀ ਜਾਣੂੰ ਕਰਵਾਇਆ ਵਿਸ਼ੇਸ਼ ਮਹਿਮਾਨ ਡਾ. ਕਸ਼ਮੀਰ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਬਾਣੀ ਅਤੇ ਇਤਿਹਾਸ ਦਾ ਚਾਨਣਾ ਆਪਣੇ ਸ਼ਬਦਾਂ ਰਾਹੀ ਦਰਸਾਇਆ ਬਹੁਤ ਹੀ ਸਤਿਕਾਰ ਯੋਗ ਅਤੇ ਆਪਣੀ ਅਸੀਸ ਦੇਣ ਲਈ ਯੂਨੀਵਰਸਿਟੀ ਪਹੁੰਚੇ ਸੰਤ ਬਾਬਾ ਹਰਚਰਨ ਸਿੰਘ ਜੀ ਨਾਨਕਸਰ ਕੁਟੀਆ ਵਾਲਿਆਂ ਨੇ ਜਿਥੇ ਯੂਨੀਵਰਸਿਟੀ ਦੇ ਇਸ ਕਰਵਾਏ ਗਏ ਸਮਾਗਮ ਦੀ ਸ਼ਾਲਾਘਾ ਕੀਤੀ, ਉਸ ਦੇ ਨਾਲ ਹੀ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਨੂੰ ਅਤੇ ਸ਼ਤਾਬਦੀਆਂ ਨੂੰ ਮਨਾਉਣ ਦਾ ਸਾਡੇ ਉੱਤੇ ਪ੍ਰਭਾਵ ਕੀ ਪੈਂਦਾ ਹੈ ਤੇ ਅੱਗੇ ਹੋਰਕੀ ਪੈਣਾ ਚਾਹੀਦਾ ਹੈ ਇਸ ਬਾਰੇ ਵਿਸ਼ੇਸ਼ ਤੌਰ ਤੇ ਆਪਣੇ ਵਿਚਾਰ ਸਾਡੇ ਸਰਿਆਂ ਨਾਲ ਸਾਂਝੇ ਕੀਤੇ ਮਾਨਯੋਗ ਉਪ-ਕੁਲਪਤੀ ਜੀ ਨੇ ਆਪਣੇ ਸੰਬੋਧਨ ਦੌਰਾਨ ਇਹ ਐਲਾਨ ਕੀਤਾ ਕਿ ਅਜਿਹੇ ਪ੍ਰੋਗਰਾਮਾਂ ਦੀ ਨਿਰੰਤਰਤਾ ਜਾਰੀ ਰਹੇਗੀ ਯੂਨੀਵਰਸਿਟੀ ਦੇ ਡਾਇਰੈਕਟਰ 39♠1 ਡਾ. ਕੁਲਦੀਪ ਵਾਲੀਆ ਜੀ ਨੇ ਇਸ ਮੌਕੇ ਸਵਾਗਤੀ ਸ਼ਬਦ ਅਤੇ ਡਾ. ਅਮਿਤੋਜ ਸਿੰਘ ਡੀਨ ਅਕਾਦਮਿਕ ਮਾਮਲੇ ਨੇ ਧੰਨਵਾਦੀ ਸ਼ਬਦ ਸਾਰਿਆਂ ਨਾਲ ਸਾਂਝੇ ਕੀਤੇ ਇਸ ਸਾਰੇ ਪ੍ਰੋਗਰਾਮ ਦੇ ਕਨਵੀਨਰ ਡਾ. ਸੁਖਦੇਵ ਸਿੰਘ , ਮੁਖੀ ਸਕੂਲ ਆਫ ਰਿਲੀਜੀਅਸ ਸਟੱਡੀਜ਼ ਵਿਭਾਗ ਅਤੇ ਲੋਕ ਸੰਪਰਕ ਅਫਸਰ ਨੇ ਇਸ ਸਾਰੇ ਸਮਾਗਮ ਨੂੰ ਸੁਚਾਰੂ ਢੰਗ ਨਾਲ ਚਲਾਇਆ ਇਸ ਸਾਰੇ ਸਮਾਗਮ ਦੌਰਾਨ ਯੂਨੀਵਰਸਿਟੀ ਦੇ ਸਮੂਹ ਟੀਚਿੰਗ ਅਤੇ ਨਾਨ- ਟੀਚਿੰਗ , ਸੱਮੁਚੇ ਪੰਜਾਬ ਵਿੱਚੋ ਲਰਨਰ ਸਪੋਰਟ ਸੈਂਟਰਾਂ ਅਤੇ ਪੁੰਜਾਬੀ ਟ੍ਰਿਬਿਊਨ ਵਿੱਚੋ ਸ੍ਰ. ਗੁਰਨਾਮ ਸਿੰਘ ਅਕੀਦਾ ਜੀ ਨੇ ਆਪਣੀ ਵਿਸ਼ੇਸ਼ ਮੌਜੂਦਗੀ ਦਰਜ ਕਰਵਾਈ

# ਸ਼੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਅਤੇ ਬਾਣੀ 'ਤੇ ਸੈਮੀਨਾਰ ਆਯੋਜਿਤ

**ਮਾਛੀਵਾੜਾ ਸਾਹਿਬ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਕਾਲਜ ਮਾਛੀਵਾੜਾ ਵਿਖੇ ਉਚੇਰੀ ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਪ੍ਰਿੰਸੀਪਲ ਨੰਦਿਨੀ ਵੈਦ ਦੀ ਯੋਗ ਅਗਵਾਈ ਹੇਠ ਅਤੇ ਸਹਾਇਕ ਪ੍ਰੋਫ਼ੈਸਰ ਡਾ. ਰਾਮ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਅਤੇ ਬਾਣੀ ਉਪਦੇਸ਼ਾਂ ਤੇ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦਾ ਆਰੰਭ ਸਹਾਇਕ ਪ੍ਰੋਫ਼ੈਸਰ ਜੋਤੀ (HEIS) ਵਲੋਂ ਸ਼੍ਰੀ ਗੁਰੂ ਰਵਿਦਾਸ ਜੀ ਦੇ ਮੁੱਢਲੇ ਜੀਵਨ ਨਾਲ ਜਾਣ ਪਛਾਣ ਰਾਹੀਂ ਕੀਤਾ।

ਉਹਨਾਂ ਨੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਮੁੱਢਲੇ ਜੀਵਨ ਅਤੇ ਭਗਤੀ ਭਾਵ ਬਾਰੇ ਦੱਸਿਆ। ਪੰਜਾਬੀ ਵਿਭਾਗ ਦੇ ਮੁਖੀ ਡਾ. ਕਮਲਜੀਤ ਕੌਰ ਬਾਂਗਾ ਨੇ ਸ਼੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਅਤੇ ਬਾਣੀ ਉਪਦੇਸ਼ਾਂ ਤੇ ਵਿਸਥਾਰਪੂਰਵਕ ਚਰਚਾ ਕੀਤੀ। ਉਹਨਾਂ ਕਿਹਾ ਕਿ ਸ਼੍ਰੀ ਗੁਰੂ ਰਵਿਦਾਸ ਜੀ ਨੇ ਵਰਣ ਵਿਵਸਥਾ ਦੇ ਸਮਾਂਨਾਂਤਰ ਮਾਨਵਵਾਦੀ ਪ੍ਰਵਚਨ ਸਿਰਜਿਆ ਤੇ ਅਜਿਹੇ ਬੇਗਮਪੁਰੇ ਦਾ ਸੰਕਲਪ ਦਿੱਤਾ, ਜਿੱਥੇ ਕਿਸੇ ਨਾਲ ਸਮਾਜਿਕ ਵਿਤਕਰਾ ਨਾ ਹੋਵੇ ਅਤੇ ਮਨੁੱਖਾਂ ਦੀਆਂ ਮੁਢਲੀਆਂ ਜਰੂਰਤਾਂ ਪੂਰੀਆਂ ਹੋਣ।

ਡਾ. ਕਮਲਜੀਤ ਕੌਰ ਬਾਂਗਾ ਨੇ ਸ਼੍ਰੀ ਗੁਰੂ ਰਵਿਦਾਸ ਜੀ ਦੀ ਮਾਨਵਵਾਦੀ ਦ੍ਰਿਸ਼ਟੀ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ।

# ਬੀ.ਐੱਲ.ਓ. ਚੋਣ ਕਮਿਸ਼ਨ ਅਤੇ ਨਾਗਰਿਕਾਂ ਵਿਚਕਾਰ ਪਹਿਲਾ ਸੰਪਰਕ ਬਿੰਦੂ ਹੁੰਦੇ ਹਨ: ਸੀ.ਈ.ਸੀ. ਗਿਆਨੇਸ਼ ਕੁਮਾਰ

**ਚੰਡੀਗੜ੍ਹ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਮੁੱਖ ਚੋਣ ਕਮਿਸ਼ਨਰ ਸ਼੍ਰੀ ਗਿਆਨੇਸ਼ ਕੁਮਾਰ ਨੇ ਬੂਥ ਪੱਧਰ ਦੇ ਅਧਿਕਾਰੀਆਂ (ਬੀ.ਐੱਲ.ਓ.) ਨੂੰ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਆਧਾਰ ਥੰਮ੍ਹ ਦੱਸਿਆ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਵੋਟਰ ਸੂਚੀ ਦੀ ਤਿਆਰੀ ਅਤੇ ਚੋਣਾਂ ਦਾ ਸੰਚਾਲਨ ਭਾਰਤ ਦੇ ਸੰਵਿਧਾਨ, ਕਾਨੂੰਨ ਅਤੇ ਈ.ਸੀ.ਆਈ. ਵੱਲੋਂ ਜਾਰੀ ਹਿਦਾਇਤਾਂ ਅਨੁਸਾਰ ਹੀ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਬੀ.ਐੱਲ.ਓ., ਭਾਰਤ ਚੋਣ ਕਮਿਸ਼ਨ ਅਤੇ ਨਾਗਰਿਕਾਂ ਵਿਚਕਾਰ ਪਹਿਲੇ ਸੰਪਰਕ ਬਿੰਦੂ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਬੀ.ਐੱਲ.ਓ. ਨੇ ਵੋਟਰ ਸੂਚੀ ਦੀ ਤਿਆਰੀ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਹੁਣ ਵੀ ਨਿਭਾ ਰਹੇ ਹਨ।

# ਸੀਟੀ ਯੂਨੀਵਰਸਿਟੀ ਵਿਖੇ 'ਕਹੀਂ ਗੁੰਮ ਨਾ ਹੋ ਜਾਏਂ-ਸੀਜ਼ਨ 9' ਦਾ ਪੰਜਾਬ ਸਟੇਟ ਫਿਨਾਲੇ ਸਫਲਤਾਪੂਰਵਕ ਸੰਪੰਨ




**ਲੁਧਿਆਣਾ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਟੀ ਯੂਨੀਵਰਸਿਟੀ, ਵਿਖੇ 'ਕਹੀਂ ਗੁੰਮ ਨਾ ਹੋ ਜਾਏਂ-ਸੀਜ਼ਨ 9' ਦੇ ਪੰਜਾਬ ਸਟੇਟ ਲੈਵਲ ਫਿਨਾਲੇ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਪੰਜਾਬ ਦੀ ਰਵਾਇਤੀ ਰਸੋਈ ਵਿਰਾਸਤ ਅਤੇ ਪੁਰਾਤਨ ਪਕਵਾਨਾਂ ਨੂੰ ਸੰਭਾਲਣ ਤੇ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਕਰਵਾਏ ਗਏ ਇਸ ਮੁਕਾਬਲੇ ਵਿੱਚ 35 ਪ੍ਰਤੀਯੋਗੀਆਂ ਨੇ ਉਤਸ਼ਾਹ ਨਾਲ ਭਾਗ ਲਿਆ।

ਬਠਿੰਡਾ ਦੀ ਜ਼ੈਨਬ, ਜੋ ਆਪਣਾ ਕਲਾਊਡ ਕਿਚਨ ਚਲਾਉਂਦੀ ਹੈ, ਨੂੰ ਪੰਜਾਬ ਸਟੇਟ ਵਿਨਰ ਐਲਾਨਿਆ ਗਿਆ। ਪੂਜਾ ਨਾਗਪਾਲ ਨੇ ਪਹਿਲਾ ਰਨਰ-ਅੱਪ ਅਤੇ ਪੂਨਮ ਮੱਕੜ ਨੇ ਦੂਜਾ ਰਨਰ-ਅੱਪ ਸਥਾਨ ਹਾਸਲ ਕੀਤਾ। ਜ਼ੈਨਬ ਅਤੇ ਪੂਜਾ ਨਾਗਪਾਲ ਹੁਣ ਪੰਜਾਬ ਦੀ ਨੁਮਾਇੰਦਗੀ NCR ਵਿਖੇ ਹੋਣ ਵਾਲੇ ਗ੍ਰੈਂਡ ਫਿਨਾਲੇ ਵਿੱਚ ਕਰਨਗੀਆਂ। ਇਸ ਮੌਕੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ, IAS ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਮੁਕਾਬਲੇ ਭਾਰਤ ਦੀ ਰਵਾਇਤੀ ਖਾਣ-ਪੀਣ ਵਿਰਾਸਤ ਨੂੰ ਸੰਭਾਲਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਪ੍ਰਤੀਯੋਗੀਆਂ ਨੂੰ ਪੰਜਾਬ ਅਤੇ ਦੇਸ਼ ਦੀ ਅਮੀਰ ਖਾਣ-ਪੀਣ ਦੀ ਪਰੰਪਰਾ ਨੂੰ ਅੱਗੇ ਵਧਾਉਣ ਲਈ ਪ੍ਰੇਰਿਤ ਕੀਤਾ।

ਸੀ ਟੀ ਯੂਨੀਵਰਸਿਟੀ ਦੇ ਚਾਂਸਲਰ ਸ. ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਯੂਨੀਵਰਸਿਟੀ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਹ ਭਾਰਤ ਦੀ ਅਮੀਰ ਰਸੋਈ ਵਿਰਾਸਤ ਨੂੰ ਸਮਰਪਿਤ ਇਸ ਉਪਰਾਲੇ ਦੀ ਮੇਜ਼ਬਾਨੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮੰਚ ਪ੍ਰਤਿਭਾ ਨੂੰ ਪਛਾਣ ਦੇਣ ਦੇ ਨਾਲ-ਨਾਲ ਨੌਜਵਾਨ ਪੀੜ੍ਹੀ ਨੂੰ ਆਪਣੀਆਂ ਰਵਾਇਤੀ ਪਕਵਾਨਾਂ ਅਤੇ ਸੱਭਿਆਚਾਰਕ ਵਿਰਾਸਤ ਨਾਲ ਜੋੜਨ ਲਈ ਪ੍ਰੇਰਿਤ ਕਰਦੇ ਹਨ।

ਇਸ ਮੌਕੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਨਿਤਿਨ ਟੰਡਨ, ਐਡਮਿਸ਼ਨ ਹੈੱਡ ਡਾ. ਆਸ਼ੀਸ਼ ਰੈਨਾ, ਰਜਿਸਟਰਾਰ ਸੰਜੇ ਖੰਡੂਰੀ, ਡਾਇਰੈਕਟਰ ਇੰਜੀ. ਦਵਿੰਦਰ ਸਿੰਘ ਅਤੇ ਸਕੂਲ ਆਫ਼ ਹੋਟਲ ਮੈਨੇਜਮੈਂਟ ਐਂਡ ਏਅਰਲਾਈਨਜ਼ ਦੇ ਕੋਆਰਡੀਨੇਟਰ ਡਾ. ਗੌਰਵ ਬਾਠਲਾ ਸਮੇਤ ਹੋਰ ਅਧਿਕਾਰੀ ਅਤੇ ਪ੍ਰਬੰਧਕ ਮੌਜੂਦ ਰਹੇ। ਉਨ੍ਹਾਂ ਨੇ ਪ੍ਰਤੀਯੋਗੀਆਂ ਅਤੇ ਪ੍ਰਬੰਧਕਾਂ ਦਾ ਹੌਸਲਾ ਵਧਾਇਆ।

'LetÓs Give Back', ਇੱਕ ਰਜਿਸਟਰਡ NGO ਵੱਲੋਂ ਕਰਵਾਏ ਜਾ ਰਹੇ 'ਕਹੀਂ ਗੁੰਮ ਨਾ ਹੋ ਜਾਏਂ-ਸੀਜ਼ਨ 9' ਦਾ ਉਦੇਸ਼ ਭਾਰਤ ਦੇ ਰਵਾਇਤੀ ਪਕਵਾਨਾਂ ਅਤੇ ਰਸੋਈ ਵਿਰਾਸਤ ਨੂੰ ਸੰਭਾਲਣਾ ਤੇ ਪ੍ਰਚਾਰਿਤ ਕਰਨਾ ਹੈ। ਇਸ ਪਹਿਲ ਦੀ ਸ਼ੁਰੂਆਤ ਸਵਰਗਵਾਸੀ ਬਬੀਤਾ ਸਕਸੇਨਾ ਨੇ ਸਾਲ 2016 ਵਿੱਚ ਕੀਤੀ ਸੀ ਅਤੇ ਹੁਣ ਇਹ ਉਪਰਾਲਾ ਸਹਿ-ਸੰਸਥਾਪਕ ਰਿਟਾਇਰਡ ਕਰਨਲ ਅਤੁਲ ਸਕਸੇਨਾ ਦੀ ਅਗਵਾਈ ਹੇਠ ਜਾਰੀ ਹੈ।

# ਐਸ.ਆਈ.ਆਰ. 2026 ਦੀ ਪ੍ਰਕਿਰਿਆ ਨੂੰ ਪਾਰਦਰਸ਼ੀ ਤੇ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਨ ਲਈ ਰੋਲ ਆਬਜ਼ਰਵਰ ਗੁਰਪ੍ਰੀਤ ਸਿੰਘ ਖਹਿਰਾ ਆਈ.ਏ.ਐਸ. ਵੱਲੋਂ ਜ਼ਿਲਾ ਮਾਲੇਰਕੋਟਲਾ ਵਿੱਚ ਪਹਿਲਾ ਦੌਰਾ



**ਮਲੇਰਕੋਟਲਾ, 7 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਮੁੱਖ ਚੋਣ ਅਫਸਰ, ਪੰਜਾਬ ਵੱਲੋਂ ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐਸ.ਆਈ.ਆਰ.)-2026 ਦੀ ਪ੍ਰਕਿਰਿਆ ਨੂੰ ਸੁਚੱਜੇ, ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਨ ਲਈ ਗੁਰਪ੍ਰੀਤ ਸਿੰਘ ਖਹਿਰਾ, ਆਈ.ਏ.ਐਸ. ਨੂੰ ਮਾਲੇਰਕੋਟਲਾ ਜ਼ਿਲ੍ਹੇ ਲਈ ਰੋਲ ਆਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਵਿਰਾਜ ਐਸ. ਤਿੜਕੇ, ਜ਼ਿਲ੍ਹੇ ਦੇ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ (ਈ.ਆਰ.ਓਜ਼), 105-ਮਾਲੇਰਕੋਟਲਾ ਅਤੇ 106-ਅਮਰਗੜ੍ਹ ਵਿਧਾਨ ਸਭਾ ਹਲਕਿਆਂ ਦੇ ਲੋਕ ਪ੍ਰਤੀਨਿਧੀਆਂ ਅਤੇ ਵੱਖ-ਵੱਖ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਦੌਰਾਨ ਰੋਲ ਆਬਜ਼ਰਵਰ ਨੇ ਐਸ.ਆਈ.ਆਰ.-2026 ਦੇ ਨੋਟਿਸ ਪੜਾਅ, ਪ੍ਰਾਪਤ ਦਾਅਵਿਆਂ ਅਤੇ ਇਤਰਾਜ਼ਾਂ, ਉਨ੍ਹਾਂ ਦੇ ਨਿਪਟਾਰੇ ਅਤੇ ਵੋਟਰ ਸੂਚੀਆਂ ਦੀ ਤਸਦੀਕ ਸਬੰਧੀ ਹੁਣ ਤੱਕ ਹੋਈ ਕਾਰਵਾਈ ਦਾ ਜਾਇਜ਼ਾ ਲਿਆ।

ਰੋਲ ਆਬਜਰਵਰ ਗੁਰਪ੍ਰੀਤ ਸਿੰਘ ਖਹਿਰਾ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਐਸ.ਆਈ.ਆਰ. ਦਾ ਮੁੱਖ ਮੰਤਵ ਸਹੀ, ਸ਼ੁੱਧ ਅਤੇ ਤਰੁੱਟੀ-ਰਹਿਤ ਵੋਟਰ ਸੂਚੀਆਂ ਤਿਆਰ ਕਰਨਾ ਹੈ। ਉਨ੍ਹਾਂ ਕਿਹਾ ਕਿ ਹਰ ਯੋਗ ਵੋਟਰ ਦਾ ਨਾਮ ਵੋਟਰ ਸੂਚੀ ਵਿੱਚ ਦਰਜ ਹੋਣਾ ਯਕੀਨੀ ਬਣਾਇਆ ਜਾਵੇ ਅਤੇ ਕਿਸੇ ਵੀ ਅਯੋਗ ਵਿਅਕਤੀ ਦਾ ਨਾਮ ਸੂਚੀ ਵਿੱਚ ਸ਼ਾਮਿਲ ਨਾ ਹੋਵੇ।

ਉਨ੍ਹਾਂ ਦੱਸਿਆ ਕਿ 6 ਸਤੰਬਰ 2026 ਨੂੰ ਜ਼ਿਲ੍ਹੇ ਦੇ ਸਮੂਹ 406 ਪੋਲਿੰਗ ਸਟੇਸ਼ਨਾਂ 'ਤੇ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਉਨ੍ਹਾਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਬੀ.ਐਲ.ਏਜ਼ ਨੂੰ ਇਨ੍ਹਾਂ ਕੈਂਪਾਂ ਬਾਰੇ ਜਾਣੂ ਕਰਵਾਉਣ। ਇਸ ਦਿਨ ਸਾਰੇ ਬੀ.ਐਲ.ਓਜ਼ ਆਪਣੇ ਸਬੰਧਤ ਪੋਲਿੰਗ ਸਟੇਸ਼ਨਾਂ 'ਤੇ ਮੌਜੂਦ ਰਹਿ ਕੇ ਵੋਟਰਾਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨਗੇ। ਗੁਰਪ੍ਰੀਤ ਸਿੰਘ ਖਹਿਰਾ ਨੇ ਕਿਹਾ ਕਿ ਵੋਟਰ ਕਾਰਡ, ਵੋਟਰ ਸੇਵਾਵਾਂ ਜਾਂ ਐਸ.ਆਈ.ਆਰ. ਪ੍ਰਕਿਰਿਆ ਸਬੰਧੀ ਕਿਸੇ ਵੀ ਜਾਣਕਾਰੀ ਜਾਂ ਸਹਾਇਤਾ ਲਈ ਜ਼ਿਲ੍ਹਾ ਅਤੇ ਵਿਧਾਨ ਸਭਾ ਹਲਕਾ ਪੱਧਰ 'ਤੇ ਸਥਾਪਤ ਹੈਲਪਡੈਸਕ ਤੋਂ ਇਲਾਵਾ ਵੋਟਰ ਹੈਲਪਲਾਈਨ ਨੰਬਰ 1950 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ 13 ਅਗਸਤ ਤੋਂ 31 ਅਗਸਤ 2026 ਤੱਕ ਵੱਖ-ਵੱਖ ਵਿਧਾਨ ਸਭਾ ਚੋਣ ਹਲਕਿਆਂ ਵਿੱਚ ਫਾਰਮ-6, ਫਾਰਮ-6ਏ, ਫਾਰਮ-7 ਅਤੇ ਫਾਰਮ-8 ਪ੍ਰਾਪਤ ਹੋਏ ਹਨ। ਉਨ੍ਹਾਂ ਕਿਹਾ ਕਿ 1 ਅਕਤੂਬਰ 2026 ਦੀ ਯੋਗਤਾ ਮਿਤੀ ਦੇ ਆਧਾਰ 'ਤੇ ਨਵੀਂ ਵੋਟ ਬਣਵਾਉਣ ਲਈ ਯੋਗ ਨਾਗਰਿਕ 12 ਸਤੰਬਰ ਤੱਕ ਫਾਰਮ-6 ਅਤੇ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਵਾ ਸਕਦੇ ਹਨ। ਇਸੇ ਤਰ੍ਹਾਂ ਐਨ.ਆਰ.ਆਈ. ਵੋਟਰਾਂ ਲਈ ਫਾਰਮ-6ਏ, ਨਾਮ ਕਟਵਾਉਣ ਲਈ ਫਾਰਮ-7 ਅਤੇ ਵੋਟਰ ਸੂਚੀ ਵਿੱਚ ਸੋਧ ਜਾਂ ਪਤਾ ਬਦਲਣ ਲਈ ਫਾਰਮ-8 ਜਮ੍ਹਾਂ ਕਰਵਾਏ ਜਾ ਸਕਦੇ ਹਨ। ਇਹ ਫਾਰਮ ਆਨਲਾਈਨ voters.eci.gov.in ਅਤੇ 539©5“ ਮੋਬਾਈਲ ਐਪ ਰਾਹੀਂ ਵੀ ਭਰੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਪਟਾਰਾ 8 ਅਕਤੂਬਰ 2026 ਤੱਕ ਕੀਤਾ ਜਾਵੇਗਾ ਅਤੇ ਅੰਤਿਮ ਵੋਟਰ ਸੂਚੀ ਦੀ ਪ੍ਰਕਾਸ਼ਨਾ 12 ਅਕਤੂਬਰ 2026 ਨੂੰ ਕੀਤੀ ਜਾਵੇਗੀ।

ਰੋਲ ਆਬਜ਼ਰਵਰ ਨੇ ਈ.ਆਰ.ਓਜ਼ ਨੂੰ ਹਦਾਇਤ ਕੀਤੀ ਕਿ ਬੀ.ਐਲ.ਓਜ਼ ਅਤੇ ਸੁਪਰਵਾਈਜ਼ਰੀ ਅਧਿਕਾਰੀਆਂ ਨੂੰ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਲੋੜੀਂਦੀ ਸਿਖਲਾਈ ਦਿੱਤੀ ਜਾਵੇ। ਉਨ੍ਹਾਂ ਫਾਰਮ-6 ਰਾਹੀਂ ਦਰਜ ਹੋਣ ਵਾਲੀਆਂ ਨਵੀਆਂ ਵੋਟਾਂ ਅਤੇ ਫਾਰਮ-7 ਰਾਹੀਂ ਹਟਾਏ ਜਾਣ ਵਾਲੇ ਨਾਮਾਂ ਦੀ ਪ੍ਰਤੀਸ਼ਤਤਾ 'ਤੇ ਵਿਸ਼ੇਸ਼ ਨਿਗਰਾਨੀ ਰੱਖਣ ਅਤੇ ਵੱਧ ਨਵੀਆਂ ਵੋਟਾਂ ਜਾਂ ਵੱਧ ਕਟੌਤੀਆਂ ਵਾਲੇ ਪੋਲਿੰਗ ਸਟੇਸ਼ਨਾਂ ਦੀ ਮੁੜ ਤਸਦੀਕ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੋਟਿਸ ਪੜਾਅ ਦੌਰਾਨ ਮੈਪਿੰਗ ਤੋਂ ਵਾਂਝੇ ਰਹੇ 7240 ਵੋਟਰਾਂ ਅਤੇ ਹੋਰ ਕਮੀਆਂ-ਪੇਸ਼ੀਆਂ ਵਾਲੇ 50264 ਵੋਟਰਾਂ ਸਬੰਧੀ ਜਾਰੀ ਕੀਤੇ ਜਾ ਰਹੇ ਕੁੱਲ 57503 ਨੋਟਿਸਾਂ ਦੀ ਕਾਰਵਾਈ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਸਬੰਧਤ ਵੋਟਰਾਂ ਤੋਂ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਕੇ ਨੋਟਿਸਾਂ ਦੀ ਸੁਣਵਾਈ ਅਤੇ ਨਿਪਟਾਰਾ ਨਿਰਧਾਰਤ ਸਮਾਂ-ਸੀਮਾ ਅੰਦਰ ਕੀਤਾ ਜਾਵੇ। ਇਸ ਮੌਕੇ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਰੋਲ ਆਬਜ਼ਰਵਰ ਗੁਰਪ੍ਰੀਤ ਸਿੰਘ ਖਹਿਰਾ ਦਾ ਸਵਾਗਤ ਕਰਦਿਆਂ ਜ਼ਿਲ੍ਹੇ ਵਿੱਚ ਐਸ.ਆਈ. ਆਰ.-2026 ਤਹਿਤ ਚੱਲ ਰਹੀ ਕਾਰਵਾਈ ਦੀ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਐਸ.ਆਈ.ਆਰ. ਦੀ ਪ੍ਰਕਿਰਿਆ ਨੂੰ ਨਿਰਧਾਰਤ ਸਮਾਂ-ਸੀਮਾ ਅੰਦਰ ਪਾਰਦਰਸ਼ੀ ਅਤੇ ਸੁਚੱਜੇ ਢੰਗ ਨਾਲ ਮੁਕੰਮਲ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਪੌਰਾਣਿਕ ਕਥਾ

# ਮਿਹਨਤ ਦੀ ਮਹਿਕ

ਮਿਹਨਤ ਨਾਲ ਕੀਤਾ ਗਿਆ ਕੰਮ ਸਦਾ ਪ੍ਰਸੰਸਾਯੋਗ ਹੁੰਦਾ ਹੈ। ਮਿਹਨਤ ਰੂਪੀ ਫੁੱਲ ਦੀ ਮਹਿਕ ਚਾਰੇ ਦਿਸ਼ਾਵਾਂ 'ਚ ਫੈਲਦੀ ਹੈ...

ਭਗਵਾਨ ਰਾਮ ਜੀ ਜਦ ਸਬਰੀ ਨੂੰ ਮਿਲਣ ਗਏ ਤਾਂ ਉਨ੍ਹਾਂ ਨੇ ਦੇਖਿਆ ਕਿ ਉੱਥੇ ਸਾਰੇ ਫੁੱਲ ਖਿੜੇ ਹੋਏ ਹਨ। ਇਕ ਵੀ ਫੁੱਲ ਕੁਮਲਾਇਆ ਹੋਇਆ ਨਹੀਂ ਹੈ। ਹਰੇਕ 'ਚੋਂ ਮਿੱਠੀ ਅਤੇ ਹਲਕੀ-ਹਲਕੀ ਮਹਿਕ ਆ ਰਹੀ ਹੈ। ਉਨ੍ਹਾਂ ਨੇ ਸਬਰੀ ਤੋਂ ਇਸ ਦਾ ਕਾਰਨ ਜਾਣਨਾ ਚਾਹਿਆ ਤਾਂ ਉਸ ਨੇ ਕਿਹਾ,'ਭਗਵਾਨ, ਇਸ ਪਿੱਛੇ ਇਕ ਘਟਨਾ ਹੈ। ਇਥੇ ਬਹੁਤ ਸਮਾਂ ਪਹਿਲਾਂ ਮਾਤੰਗ ਰਿਸ਼ੀ ਦਾ ਆਸ਼ਰਮ ਸੀ, ਜਿੱਥੇ ਬਹੁਤ ਸਾਰੇ ਰਿਸ਼ੀ ਮੁਨੀ ਅਤੇ ਚੇਲੇ ਰਿਹਾ ਕਰਦੇ ਸਨ। ਇਕ ਵਾਰ ਚਾਤੁਰਮਾਸ ਦੇ ਸਮੇਂ ਆਸ਼ਰਮ 'ਚ ਬਾਲਣ ਖ਼ਤਮ ਹੋ ਗਿਆ ਸੀ। ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਬਾਲਣ ਲਿਆਉਣਾ ਜ਼ਰੂਰੀ ਸੀ ਪਰ ਸੁਸਤੀ ਕਾਰਨ ਚੇਲੇ ਲੱਕੜੀਆਂ ਲੈਣ ਨਹੀਂ ਜਾ ਰਹੇ ਸਨ। ਇਕ ਦਿਨ ਖ਼ੁਦ ਬਿਰਧ ਮਾਤੰਗ ਰਿਸ਼ੀ ਆਪਣੇ ਮੋਢੇ 'ਤੇ ਕੁਹਾੜੀ ਰੱਖ ਕੇ ਲੱਕੜੀਆਂ ਕੱਟਣ ਤੁਰ ਪਏ। ਗੁਰੂ ਨੂੰ ਜਾਂਦੇ ਦੇਖ ਚੇਲੇ ਵੀ ਉਨ੍ਹਾਂ ਦੇ ਪਿੱਛੇ ਤੁਰ ਪਏ।

ਲੱਕੜੀਆਂ ਵੱਢਦੇ-ਵੱਢਦੇ ਆਚਾਰੀਆ ਦੇ ਸਰੀਰ 'ਚੋਂ ਮੁੜ੍ਹਕਾ ਚੋਣ ਲੱਗਾ। ਵਿਦਿਆਰਥੀ ਵੀ ਪਸੀਨੇ ਨਾਲ ਤਰ ਹੋ ਗਏ। ਉਦੋਂ ਜਿੱਥੇ-ਜਿੱਥੇ ਵੀ ਮੁਸ਼ੱਕਤ ਵਾਲੇ ਪਸੀਨੇ ਦੀਆਂ ਬੂੰਦਾਂ ਡਿੱਗੀਆਂ ਸਨ ਉੱਥੇ-ਉੱਥੇ ਸੁੰਦਰ ਫੁਲ ਖਿੜ ਪਏ, ਜੋ ਵਧਦੇ-ਵਧਦੇ ਅੱਜ ਸਾਰੇ ਜੰਗਲ 'ਚ ਫੈਲ ਗਏ ਹਨ। ਇਹ ਉਨ੍ਹਾਂ ਦੇ ਪੁੰਨ ਦਾ ਅਸਰ ਹੀ ਹੈ ਕਿ ਉਹ ਜਿਉਂ ਦੇ ਤਿਉਂ ਖਿੜੇ ਹੋਏ ਹਨ। ਕੁਮਲਾ ਵੀ ਨਹੀਂ ਰਹੇ।' ਮਿਹਨਤੀ ਵਿਅਕਤੀ ਦੇ ਸਰੀਰ 'ਚੋਂ ਨਿਕਲਣ ਵਾਲਾ ਪਸੀਨਾ ਹੀ ਸੰਸਾਰ ਦਾ ਪਾਲਣ ਪੋਸ਼ਣ ਕਰਦਾ ਹੈ ਅਤੇ ਜ਼ਿੰਦਗੀ ਜਿਊਣ ਦੇ ਅਨੁਕੂਲ ਹਾਲਾਤ ਪੈਦਾ ਕਰਦਾ ਹੈ।

ਅਨਲ ਹੱਕ

ਅਨਲ ਹੱਕ ਜਾਂ ਅਨਾ ਅਲ ਹੱਕ ਵਿਸ਼ਵ ਪ੍ਰਸਿੱਧ ਸੂਫ਼ੀ ਦਰਵੇਸ਼ ਹਜ਼ਰਤ ਮਨਸੂਰ ਅੱਲ-ਹੱਲਾਜ ਦਾ ਨਾਅਰਾ ਸੀ, ਜਿਸ ਦੇ ਬਦਲੇ ਉਸ ਨੂੰ ਸੂਲੀ ਉੱਤੇ ਚੜ੍ਹਨਾ ਪਿਆ। ਅਨਾ ਅਲ ਹੱਕ ਦਾ ਭਾਵ ਹੁੰਦਾ ਹੈ-ਮੈਂ ਸੱਚ ਹਾਂ, ਮੈਂ ਖ਼ੁਦਾ ਹਾਂ। ਇਸਲਾਮੀ ਹਕੂਮਤ ਦਾ ਜ਼ਮਾਨਾ ਸੀ, ਅਨਾ ਅਲ ਹੱਕ ਕਹਿਣਾ ਸ਼ਰੀਅਤ ਦੇ ਖ਼ਿਲਾਫ ਸੀ। ਹਦੀਸ ਸ਼ਰੀਫ਼ ਵਿਚ ਅੱਲਾਹ ਦੇ ਜੋ ਨੜਿੰਨਵੇਂ ਨਾਵਾਂ ਦਾ ਜ਼ਿਕਰ ਹੈ, ਉਨ੍ਹਾਂ ਵਿੱਚੋਂ ਇਕ ਅਨਾ ਅਲ-ਹੱਕ ਵੀ ਹੈ। ਇਸ ਲਈ ਅਨਾ ਅਲ ਹੱਕ ਕਹਿਣਾ ਰੱਬ ਦਾ ਸ਼ਰੀਕ ਬਣਨਾ ਸੀ। ਸ਼ਰ੍ਹਾ ਵਾਲਿਆਂ ਮੁੱਲਾਂ-ਮੁਲਾਣਿਆਂ ਨੇ ਕਿਹਾ ਕਿ ਹਜ਼ਰਤ ਮਨਸੂਰ ਖ਼ੁਦਾ ਹੋਣ ਦਾ ਦਾਅਵਾ ਕਰ ਰਿਹਾ ਹੈ ਅਤੇ ਸ਼ਰ੍ਹਾ ਵਿਰੋਧੀ ਕਲਮਾ ਬੋਲ ਰਿਹਾ ਹੈ। ਹਜ਼ਰਤ ਮਨਸੂਰ ਦੇ ਪੀਰੋ-ਮੁਰਸ਼ਦ ਹਜ਼ਰਤ ਜੁਨੈਦ ਬਗ਼ਦਾਦੀ ਨੇ ਉਸ ਨੂੰ ਐਸੇ ਕਲਮੇ ਮੂੰਹੋਂ ਕੱਢਣ ਤੋਂ ਮਨ੍ਹਾ ਕਰ ਕੀਤਾ ਸੀ। ਵਕਤ ਦੀ ਹਕੂਮਤ ਅਤੇ ਸ਼ਰ੍ਹਾ ਵਾਲਿਆਂ ਨੇ ਮਨਸੂਰ ਨੂੰ ਬਥੇਰਾ ਸਮਝਾਇਆ ਕਿ ਉਹ ਐਸਾ ਕਹਿਣਾ ਬੰਦ ਕਰ ਦੇਵੇ। ਮਨਸੂਰ ਦੇ ਅੰਦਰ ਖ਼ੁਦਾਈ ਜਲਵਾ ਪ੍ਰਗਟ ਹੋ ਚੁੱਕਾ ਸੀ, ਉਹ ਅਨਾ ਅਲ-ਹੱਕ ਕਹਿਣੋਂ ਨਾ ਹਟਿਆ। ਆਖ਼ਰ ਉਸ ਨੂੰ ਸੂਲੀ ਉੱਤੇ ਚੜ੍ਹਾ ਕੇ ਸ਼ਹੀਦ ਕਰ ਦਿੱਤਾ ਗਿਆ।

• ਪ੍ਰੋ. ਗੁਰਚਰਨ ਸਿੰਘ ਤਲਵਾੜਾ

# ਆਦਿ ਕਵੀ ਮਹਾਰਿਸ਼ੀ ਵਾਲਮੀਕਿ ਜੀ

ਜਸਵਿੰਦਰ ਸਿੰਘ



ਭਾਰਤ ਦੇ ਪ੍ਰਾਚੀਨ ਰਿਸ਼ੀਆਂ ਮਹਾਂਰਿਸ਼ੀਆਂ ਵਿੱਚੋਂ ਭਗਵਾਨ ਵਾਲਮੀਕਿ ਜੀ ਦਾ ਨਾਂ ਸਰਵੋਤਮ ਹੈ। ਭਾਰਤੀ ਪਰੰਪਰਾ ਵਿਚ ਸ੍ਰੀ ਵਾਲਮੀਕਿ ਜੀ ਨੂੰ ਸਤਿਕਾਰ ਵਜੋਂ ਮਹਾਰਿਸ਼ੀ, ਭਗਵਾਨ ਜਾਂ ਆਦਿ ਕਵੀ ਵਜੋਂ ਜਾਣਿਆ ਜਾਂਦਾ ਹੈ। ਉਹ ਰਮਾਇਣ ਦੇ ਆਦਿ ਲੇਖਕ ਤਾਂ ਹੈ ਹੀ ਹਨ ,ਯੋਗ ਵਿਸ਼ਸ਼ਿਟ ਦੇ ਰਚਨਾਕਾਰ ਵਜੋਂ ਅਦਵੈਤਵਾਦ ਸਿਧਾਂਤ ਦੇ ਗੂੜ ਗਿਆਤਾ ਵੀ ਹਨ। ਮਹਾਂਰਿਸ਼ੀ ਵਾਲਮੀਕਿ ਜੀ ਸਬੰਧੀ ਸਹੀ ਖੋਜ ਅਜੋਕੇ ਵਿਦਵਾਨਾਂ ਦੇ ਘੇਰੇ ਤੋਂ ਬਾਹਰ ਹੁੰਦੀ ਦਿਖਾਈ ਦਿੰਦੀ ਹੈ। ਸ੍ਰੀ ਵਾਲਮੀਕਿ ਦੇ ਜੀਵਨ ਕਾਲ ਬਾਰੇ ਪੂਰੇ ਗਿਆਨ ਦੀ ਘਾਟ ਹੈ ਅਤੇ ਪ੍ਰਚਾਰ ਪ੍ਰਸਾਰ ਮੌਖਿਕ ਹੋਣ ਕਾਰਨ ਸਾਹਿਤ ਵਿਚ ਉਨ੍ਹਾਂ ਬਾਰੇ ਕਈ ਵਾਧੂ ਕਾਲਪਨਿਕ ਕਥਾਵਾਂ ਜੁੜ ਗਈਆਂ ਹਨ, ਜਿਸ ਕਾਰਨ ਅਜੇ ਤਕ ਵੀ ਪੂਰਾ ਜੀਵਨ ਪਰਿਚੈ ਪ੍ਰਾਪਤ ਨਹੀਂ ਹੁੰਦਾ। ਫਿਰ ਵੀ ਕੁਝ ਪ੍ਰਮਾਣਿਕ ਗ੍ਰੰਥਾਂ ਦੀ ਸਹਾਇਤਾ ਦੁਆਰਾ ਮਹਾਰਿਸ਼ੀ ਵਾਲਮੀਕਿ ਜੀ ਦੇ ਜੀਵਨ ਕਾਲ ਬਾਰੇ ਅਨੇਕਾਂ ਵਿਆਖਿਆ ਕੀਤੀਆਂ ਗਈਆਂ ਹਨ। ਮਹਾਂਰਿਸ਼ੀ ਵਾਲਮੀਕਿ ਜੀ ਰਮਾਇਣ ਅਤੇ ਯੋਗਵਸ਼ਿਸ਼ਟ ਦੇ ਕਰਤਾ ਵਜੋਂ ਭਾਰਤ ਦੇ ਪ੍ਰਾਚੀਨ ਸੰਸਕ੍ਰਿਤ ਸਾਹਿਤ ਵਿਚ ਆਪਣਾ ਉੱਤਮ ਸਥਾਨ ਰੱਖਦੇ ਹਨ। ਰਮਾਇਣ 24000 ਸਲੋਕਾਂ ਅਤੇ ਯੋਗਵਸ਼ਿਸ਼ਟ 32000 ਸਲੋਕਾਂ, ਛੇ ਪ੍ਰਕਰਣਾਂ ਵਜੋਂ ਅਦਵੈਤਵਾਦ ਦਾ ਪ੍ਰਸਿੱਧ ਗ੍ਰੰਥ ਹੈ।

ਮਹਾਂਰਿਸ਼ੀ ਵਾਲਮੀਕਿ ਜੀ ਦੇ ਜੀਵਨ ਕਾਲ, ਜਨਮ ਸਥਾਨ ਬਾਰੇ ਵਿਦਵਾਨਾਂ ਨੂੰ ਜਿਹੜੀ ਜਾਣਕਾਰੀ ਮਿਲਦੀ ਹੈ ਉਸ ਬਾਰੇ ਵੀ ਉਹ ਇਕਮਤ ਨਹੀਂ ਹਨ। ਭਾਰਤੀ ਸਾਹਿਤ ਵਿਚ ਅਨੇਕਾਂ ਥਾਵਾਂ 'ਤੇ ਵਾਲਮੀਕਿ ਨਾਂ ਦਾ ਜ਼ਿਕਰ ਹੈ। ਪ੍ਰੰਤੂ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਕਥਾਵਾਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਦੀ ਬਾਣੀ ਵਿਚ ਵਾਲਮੀਕਿ ਜੀ ਨੂੰ ਬ੍ਰਹਮਾ ਦਾ ਅਵਤਾਰ ਕਿਹਾ ਹੈ, 'ਸੁ ਸਪਤ ਕਾਂਡ ਰਚਯੋ ਵਾਲਮੀਕ ਕਹਾਯੋ... (ਚੌਬੀਸ ਅਵਤਾਰ ਕਥਾ ਪ੍ਰਸੰਗ)

ਇਸ ਸੰਦਰਭ ਤੋਂ ਪ੍ਰਤੀਤ ਹੁੰਦਾ ਹੈ ਕਿ ਭਗਵਾਨ ਵਾਲਮੀਕਿ ਜੀ ਇਕ ਉੱਚ ਕੋਟੀ ਦੇ ਕਵੀ ਸਨ। ਇਸ ਸ਼ਲੋਕ ਤੋਂ ਸਾਨੂੰ ਉਨ੍ਹਾਂ ਦੇ ਜੀਵਨ ਕਾਲ ਜਾਂ ਮਾਤਾ ਪਿਤਾ ਬਾਰੇ ਤਾਂ ਪਤਾ ਨਹੀਂ ਲੱਗਦਾ ਪ੍ਰੰਤੂ ਰਮਾਇਣ ਦੇ ਕਰਤਾ ਦਾ ਠੋਸ ਪ੍ਰਮਾਣ ਜ਼ਰੂਰ ਮਿਲਦਾ ਹੈ। ਉਪਰੋਕਤ ਸੰਦਰਭ ਦੀ ਖੋਜ ਕਰ ਕੇ ਜੇ ਅਸੀਂ ਵਾਲਮੀਕਿ ਜੀ ਦੀਆਂ ਲਿਖਤਾਂ ਵੱਲ ਨਜ਼ਰ ਮਾਰੀਏ ਤਾਂ ਸਾਨੂੰ ਕਾਫੀ ਜਾਣਕਾਰੀ ਮਿਲਦੀ ਹੈ। ਜਿਵੇਂ ਵਾਲਮੀਕਿ ਜੀ ਰਮਾਇਣ ਦੇ ਉੱਤਰ ਕਾਂਡ ਸਰਗ 19 ਸਲੋਕ 26 ਵਿਚ ਲਿਖਦੇ ਹਨ

'ਪ੍ਰਚੇਤ ਸੋਹੰ ਦਸਮ ਪੁਤ੍ਰੋ ਰਾਧਵ ਨੰਦਨ<br>
ਨ ਸਿਮਰਾਨ ਯਤ੍ਰੰ ਵਾਕ ਮਮੌਤੋ ਤਵ ਪੁਤਰਕੋ॥

ਭਾਵ ਕਿ ਮੈਂ ਪ੍ਰਚੇਤਾ ਜੀ ਦਾ ਦਸਵਾਂ ਪੁੱਤਰ ਹਾਂ। ਇਸ ਤਰ੍ਹਾਂ ਉਪਰੋਕਤ ਸ਼ਲੋਕ ਤੋਂ ਸਿੱਧ ਹੁੰਦਾ ਹੈ ਕਿ ਵਾਲਮੀਕਿ ਜੀ ਪ੍ਰਚੇਤਾ ਰਾਜਾ ਵਾਰਣੂੰ ਜੀ ਦੇ ਦਸਵੇਂ ਪੁੱਤਰ ਸਨ। ਇਸ ਬਾਰੇ ਕਵੀ ਕਾਲੀਦਾਸ ਸ਼ਕੁੰਤਲਾ ਨਾਟਕ ਦੇ ਸਰਗ 3 ਸ਼ਲੋਕ 2 ਵਿਚ ਕਹਿੰਦੇ ਹਨ 'ਪ੍ਰਚੇਤਸ ਅਪਤਸਮ ਪ੍ਰਚੇਤਾ ਵਰਣੂ'। ਭਾਵ ਪ੍ਰਚੇਤਾ ਦਾ ਦੂਜਾ ਨਾਂ ਵਾਰਣੂ ਹੈ। ਇਸ ਤੋਂ ਬਿਨਾਂ ਭਾਗਵਤ ਪੁਰਾਣ ਦੇ ਸ਼ਲੋਕ ਅੰਦਰ ਵਾਲਮੀਕਿ ਜੀ ਅਤੇ ਭ੍ਰਿਗੂ ਮੁਨੀ ਵਾਰਣੂ ਦੇ ਪੁੱਤਰ ਦੱਸੇ ਗਏ ਹਨ। ਜਿਵੇਂ

'ਚਰਸ਼ਣੀ ਵਰਣੂ ਸਾ ਦਸਾਯਾ ਯਾ<br>
ਤੋਂ ਭ੍ਰਿਗੂ ਪੁਨਾ<br>
ਬਾਲਮੀਕਿਸ਼ ਮਹਾ ਯੋਗੀ ਆਦ<br>
ਭਵਤੀ ਕੁਲ॥'

ਵਾਲਮੀਕਿ ਰਮਾਇਣ ਬਾਲ ਕਾਂਡ ਸਰਗ 16 ਵਿਚ ਲਿਖਿਆ ਹੈ ਕਿ ਹਸਤਾ ਮੱਲ ਅਤੇ ਸੁਖੈਣ ਵੈਦ ਜੀ ਵਰਣੂ ਦੇ ਪੁੱਤਰ ਸਨ। ਵਾਲਮੀਕਿ ਰਮਾਇਣ ਦੇ ਉੱਤਰ ਕਾਂਡ 23 ਵਿਚ ਪੁਸ਼ਕਰ ਜੀ ਰਾਜਾ ਵਰਣੂ ਦੇ ਪੁੱਤਰ ਲਿਖੇ ਮਿਲਦੇ ਹਨ। ਇਸ ਪ੍ਰਕਾਰ ਰਾਜਾ ਵਰਣੂ ਜੀ ਦੇ ਦਸ ਪੁੱਤਰ ਇਹ ਹਨ 1. ਵਸ਼ਿਸਟ ਮੁਨੀ, 2. ਅਗਸਤ ਮੁਨੀ, 3. ਬਾਲਮੀਕ ਜੀ, 4.ਭ੍ਰਿਗੂ ਮੁਨੀ, 5 ਬਲ, 6 ਸੁਰਾ, 7, ਹਸਤਾਮਲ, 8, ਦੱਛਪ੍ਰਜਾਪਤ, 9. ਸੁਖੈਣ ਵੈਦ, 10. ਪੁਸ਼ਕਰ।

ਨਾਗਵੰਸ਼ੀ ਰਾਜਿਆਂ ਵਿੱਚੋਂ ਭਾਰਤ ਦਾ ਪਹਿਲਾ ਰਾਜਾ ਕਰਦਮ ਹੋਇਆ ਜੋ ਕਿ ਆਦਿ ਵਾਸੀ ਭਾਰਤੀ ਸੀ। ਕਰਦਮ ਦਾ ਪੁੱਤਰ ਵਰੁਣ ਸੀ। ਇਸ ਤਰ੍ਹਾਂ ਕਰਦਮ ਵਾਲਮੀਕਿ ਜੀ ਦੇ ਦਾਦਾ ਸਨ ਅਤੇ ਉਨ੍ਹਾਂ ਦੇ ਪਿਤਾ ਵਰੁਣ (ਪ੍ਰਚੇਤਾ) ਅਤੇ ਮਾਤਾ ਚਰਸਣੀ ਜੀ ਸਨ। ਵਾਲਮੀਕਿ ਰਮਾਇਣ ਦੇ ਉੱਤਰ ਕਾਂਡ ਸਰਗ 23 ਵਿਚ ਲਿਖਿਆ ਹੈ ਕਿ 'ਰਾਵਣ ਨੇ ਵਰੁਣ ਦੀ ਰਤਨਾਪੁਰੀ 'ਤੇ ਹਮਲਾ ਕੀਤਾ। ਰਾਵਣ ਰਸਾਤਲ ਵਿਚ ਦਾਖਲ ਹੋਇਆ, ਨਾਗ ਰਾਜ ਵਿਚ ਜਾ ਵੜਿਆ ਤੇ ਉਸ ਨੂੰ ਅਧੀਨ ਕਰ ਕੇ ਫੇਰ ਮਨੀਪੁਰ ਗਿਆ। ਫਿਰ ਰਾਜਾ ਵਰੁਣ ਜੀ ਦੇ ਅਸ਼ਵ ਨਗਰ ਵਿਚ ਗਿਆ। ਇਸ ਪਿੱਛੋਂ ਰਾਵਣ ਨੇ ਵਰੁਣ ਦਾ ਸੁੰਦਰ ਭਵਨ ਵੀ ਦੇਖਿਆ। ਵਰੁਣ ਉਸ ਵੇਲੇ ਅਫਗਾਨਿਸਤਾਨ ਗਿਆ ਹੋਇਆ ਸੀ। ਰਾਜਾ ਰਾਵਣ ਨੇ ਉਸ ਦੇ ਪੁੱਤਰ ਪੁਸ਼ਕਰ ਨੂੰ ਮਾਰ ਦਿੱਤਾ। ਅਥਰਵ ਵੇਦ ਅਧਿਆਇ 3 ਮੰਤਰ 27 ਵਿਚ ਜ਼ਿਕਰ ਆਉਂਦਾ ਹੈ ਕਿ ਰਾਜਾ ਵਾਰਣੂ ਦੀ ਰਾਜਧਾਨੀ ਮੁਲਤਾਨ ਸੀ। ਇਤਿਹਾਸਕਾਰ ਲਿਖਦੇ ਹਨ ਕਿ ਵਿਦੇਸ਼ੀ ਹਮਲਾਵਰਾਂ ਨੇ ਜਦੋਂ ਸੱਖਰ ਰੋੜੀ ਸਥਾਨ 'ਤੇ ਹਮਲਾ ਕੀਤਾ ਤਾਂ ਉਸ ਸਮੇਂ ਰਾਜਾ ਵਰਣੂ ਰਾਜ ਕਰਦਾ ਸੀ।

ਲੜਾਈ ਵਿਚ ਜਿੱਤ ਪਿੱਛੋਂ ਹਮਲਾਵਰਾਂ ਨੇ ਰਾਜ ਭਾਗ ਸੰਭਾਲਣ ਤੋਂ ਬਾਅਦ ਆਦਿ ਵਾਸੀ ਲੋਕਾਂ ਦੀ ਹਾਲਤ ਤਰਸਯੋਗ ਬਣਾ ਦਿੱਤੀ। ਇਨ੍ਹਾਂ ਨੇ ਆਦਿ ਵਾਸੀਆਂ ਨੂੰ ਨਗਰਾਂ ਤੋਂ ਬਾਹਰ ਕੱਢ ਦਿੱਤਾ। ਪ੍ਰੰਤੂ ਵਾਲਮੀਕਿ ਜੀ ਤਾਂ ਗੁਰਮੁੱਖ ਹਨ ਤਦੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਕਈ ਥਾਵਾਂ ਤੇ ਬਾਲਮੀਕ ਜੀ ਪ੍ਰਤੀ ਗੁਰਮੁੱਖ ਸ਼ਬਦ ਦਰਜ ਹੈ ਜਿਵੇਂ -1. 'ਧੰਨਾ ਜਟੁ ਬਾਲਮੀਕ ਬਟਵਾਰਾ, ਗੁਰਮੁਖ ਪਾਰਿ ਪਇਆ'। (ਮਾਰੂ ਰਾਗ, ਬਾਣੀ ਗੁਰੂ ਗ੍ਰੰਥ ਸਾਹਿਬ ਜੀ)

2. ਬਾਲਮੀਕੁ ਬਟਵਾਰਾ ਗੁਰਮੁਖਿ ਪਾਰਿ ਪਇਆ। (ਮਾਰੂ ਮਹਲਾ 4 ਪੰਨਾ 995)

3. 'ਰੇ ਚਿਤ ਚੇਤ ਅਚੇਤ॥ ਕਾਹੇ ਨਾ ਬਾਲਮੀਕਹਿ ਦੇਖ॥<br>
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥ (ਰਾਗ ਕੇਦਾਰਾ ਬਾਣੀ ਭਗਤ ਰਵਿਦਾਸ ਜੀ ਕੀ)

4. ਪੜ੍ਹ ਵਿਦਿਆ ਘਰ ਆਇਆ, ਗੁਰਮੁਖ ਬਾਲਮੀਕ ਮਨਿ ਭਾਣਾ'<br>
(ਭਾਈ ਗੁਰਦਾਸ ਜੀ ਵਾਰ ਨੰ. 25, ਪਾਉੜੀ 19)

ਉੱਪਰ ਲਿਖੇ ਗੁਰਬਾਣੀ ਦੇ ਸ਼ਬਦਾਂ ਦੇ ਆਧਾਰ 'ਤੇ ਅਤੇ ਲਿਖੇ ਲੇਖ ਦੇ ਸ਼ੁਰੂ ਦੇ ਪ੍ਰਕ੍ਰਣ ਅਨੁਸਾਰ ਸਾਨੂੰ ਭਗਵਾਨ ਵਾਲਮੀਕਿ ਜੀ ਦੇ ਜੀਵਨ ਤੇ ਅਦੁੱਤੀ ਸ਼ਖ਼ਸੀਅਤ ਬਾਰੇ ਠੀਕ ਜਾਣਕਾਰੀ ਮਿਲਦੀ ਹੈ।

**ਮੋਬਾਈਲ** 81466-77776

ਤੀਰਥ ਸਿੰਘ ਢਿੱਲੋਂ



# ਗੁਰ ਡਿਠਾ ਤਾ ਮਨਿ ਸਾਧਾਰਿਆ

ਗੁਰਬਾਣੀ ਦੀ ਇਸ ਪਾਵਨ ਤੁਕ ਦੇ ਸੰਦਰਭ ਵਿਚ ਚੌਥੇ ਪਾਤਸ਼ਾਹ, ਸੋਢੀ ਸੁਲਤਾਨ ਗੁਰੂ ਰਾਮ ਦਾਸ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਵਿਚਾਰ ਸਾਂਝੇ ਕਰਨ ਤੋਂ ਪਹਿਲਾਂ ਗੁਰੂ ਸ਼ਬਦ ਨੂੰ ਪਰਿਭਾਸ਼ਤ ਕਰਨ ਦਾ ਯਤਨ ਕਰਦੇ ਹਾਂ। ਇਹ ਦੋ ਅੱਖਰਾਂ ਦਾ ਸੁਮੇਲ ਹੈ। ਗੁ ਅਤੇ ਰੂ। ਗੁ ਦਾ ਅਰਥ ਹੈ, ਅੰਧਕਾਰ, ਅਗਿਆਨਤਾ ਤੇ ਹਨੇਰਾ ਅਤੇ ਰੁ ਦਾ ਅਰਥ ਹੈ, ਚਾਨਣ, ਵਿਸਮਾਦੀ ਲੋਅ ਅਤੇ ਗਿਆਨ ਦਾ ਸਰਚਸ਼ਮਾ। ਸੋ ਉਸ ਮਹਾਨ ਪੁਰਖ ਨੂੰ ਗੁਰੂ ਆਖਿਆ ਜਾਂਦਾ ਹੈ ਜਿਸ ਦੇ ਦਰਸ਼ਨ ਕਰਨ 'ਤੇ, ਜਿਸ ਦੀ ਸੰਗਤ ਵਿਚ ਰਹਿ ਕੇ ਮਨ ਟਿਕਾਓ ਵਿਚ ਆ ਜਾਂਦਾ ਹੈ ਤੇ ਮਨੁੱਖਾ ਜੀਵਨ ਸਫ਼ਲਾ ਹੋ ਜਾਂਦਾ ਹੈ। ਗੁਰ ਡਿਠਾ ਤਾਂ ਮਨਿ ਸਾਧਾਰਿਆ, ਗੁਰੂ ਗ੍ਰੰਥ ਸਾਹਿਬ ਵਿਚ ਅੰਗ 968 'ਤੇ ਸੱਤਾ ਬਲਵੰਡ ਵਲੋਂ ਰਚਿਤ, ਰਾਮਕਲੀ ਕੀ ਵਾਰ ਵਿਚਲੀ ਅੰਤਮ ਤੁਕ ਹੈ। ਜਿਸ ਰਾਹੀਂ ਸ੍ਰੀ ਗੁਰੂ ਰਾਮਦਾਸ ਜੀ ਨੂੰ ਸਮਰੱਥ ਗੁਰੂ ਆਖਕੇ, ਆਪ ਜੀ ਦੀ ਉਸਤਤ ਕੀਤੀ ਗਈ ਹੈ। ਪੂਰਾ ਸ਼ਬਦ ਇਸ ਪ੍ਰਕਾਰ ਹੈ :

ਧੰਨੁ ਧੰਨੁ ਰਾਮਦਾਸ ਗੁਰ ਜਿਨਿ ਸਿਰਿਆ, ਤਿਨੈ ਸਵਾਰਿਆ।<br>
ਪੂਰੀ ਹੋਈ ਕਰਾਮਾਤਿ, ਆਪਿ ਸਿਰਜਣਹਾਰੇ, ਧਾਰਿਆ।<br>
ਸਿਖੀ ਅਤੇ ਸੰਗਤੀ, ਪਾਰਬ੍ਰਹਮ, ਕਰਿ ਨਾਮਸਕਾਰਿਆ।<br>
ਅਟਲੁ, ਅਥਾਹੁ, ਅਤੋਲੁ, ਤੂੰ, ਤੇਰਾ ਅੰਤ ਨਾ ਪਾਰਾਵਾਰਿਆ।<br>
ਏਸ ਸ਼ਬਦ ਦੀਆਂ ਅੰਤਮ ਤੁਕਾਂ ਹਨ।<br>
ਨਾਨਕ, ਤੂੰ, ਲਹਣਾ ਤੂੰਹੈ, ਗੁਰ ਅਮਰ ਤੂੰ ਵੀਚਾਰਿਆ।<br>
ਗੁਰ ਡਿਠਾ, ਤਾ ਮਨੁ ਸਾਧਾਰਿਆ।

ਭਾਵ, ਗੁਰੂ ਰਾਮਦਾਸ ਜੀ ਦੇ ਦਰਸ਼ਨ ਦੀਦਾਰੇ ਕਰਨ ਨਾਲ, ਗੁਰੂ ਨਾਨਕ ਦੇਵ ਜੀ ਤੋਂ ਲੈ ਕੇ, ਗੁਰੂ ਅਮਰਦਾਸ ਤਕ ਦੇ ਦਰਸ਼ਨ ਹੀ ਨਹੀਂ ਹੁੰਦੇ, ਬਲਕਿ ਅਕਾਲ ਪੁਰਖ ਤੋਂ ਨਵਾਜ਼ੇ ਸੋਢੀ ਸੁਲਤਾਨ ਦੇ ਦਰਸ਼ਨਾਂ ਸਦਕਾ ਮਨਾਂ ਦੇ ਸਾਰੇ ਸੰਸੇ ਤੇ ਭਟਕਣ ਮੁੱਕ ਜਾਂਦੀ ਹੈ ਤੇ ਮਨ ਸਾਧਿਆ ਜਾਂਦਾ ਹੈ। ਆਓ। ਹੁਣ ਇਸੇ ਪਰਿਪੇਖ ਵਿਚ ਗੁਰੂ ਰਾਮਦਾਸ ਜੀ ਦੇ ਪਰਉਪਕਾਰੀ ਜੀਵਨ ਦੇ ਫਲਸਫੇ ਬਾਰੇ ਕੁਝ ਹੀ ਵਿਚਾਰਾਂ ਕਰੀਏ।

ਗੁਰੂ ਰਾਮਦਾਸ ਜੀ ਦਾ ਪਹਿਲਾ ਨਾਂ ਭਾਈ ਜੇਠਾ ਸੀ। ਆਪ ਨੇ ਲਾਹੌਰ ਦੇ ਚੂਨਾ ਮੰਡੀ ਇਲਾਕੇ ਵਿਚ ਪਿਤਾ ਭਾਈ ਹਰਿਦਾਸ ਦੇ ਗ੍ਰਹਿ ਮਾਤਾ ਅਨੂਪੀ ਜੀ ਦੀ ਕੁੱਖੋਂ 24 ਸਤੰਬਰ 1534 ਈ. ਨੂੰ ਅਵਤਾਰ ਧਾਰਿਆ। ਗੁਰੂ ਅਮਰਦਾਸ ਜੀ ਨੇ ਜਦੋਂ ਗੋਇੰਦਵਾਲ ਸਾਹਿਬ ਵਿਖੇ, ਬਾਉਲੀ ਸਾਹਿਬ ਦੀ ਉਸਾਰੀ ਆਰੰਭੀ ਤਾਂ ਭਾਈ ਜੇਠਾ ਜੀ, ਸੇਵਾ ਭਾਵਨਾ ਲੈ ਕੇ ਸੇਵਾ ਦੇ ਮਹਾਨ ਕੁੰਭ ਵਿਚ ਸ਼ਾਮਲ ਹੋਣ ਲਈ ਲਾਹੌਰੋਂ, ਗੋਇੰਦਵਾਲ ਸਾਹਿਬ ਆ ਗਏ। ਉਹ (ਤਨ, ਮਨ ਧਨ ਸਭ ਸਉਪ ਗੁਰ ਕਉ) ਦੇ ਗੁਰਵਾਕ ਅਨੁਸਾਰ ਸੇਵਾ ਨੂੰ ਸਮਰਪਿਤ ਹੋ ਗਏ। ਗੁਰੂ ਅਮਰਦਾਸ ਜੀ ਆਪ ਦੀ ਨਿਸ਼ਕਾਮ ਸੇਵਾ ਭਾਵਨਾ ਤੇ ਗੁਰੂ ਘਰ ਵਿਚ ਅਗਾਧ ਸ਼ਰਧਾ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਦੀ ਸ਼ਾਦੀ ਆਪ ਨਾਲ ਕਰ ਦਿੱਤੀ। ਗੁਰੂ ਘਰ ਨਾਲ ਰਿਸ਼ਤੇਦਾਰੀ ਹੋਣ ਦੇ ਬਾਵਜੂਦ,ਆਪ ਨੇ ਸੇਵਾ ਨਿਰੰਤਰ ਜਾਰੀ ਰੱਖੀ। ਹਰ ਪ੍ਰੀਖਿਆ ਵਿਚੋਂ ਖਰੇ ਉਤਰੇ। ਗੁਰੂ ਦੀ ਆਗਿਆ ਨੂੰ, ਇਲਾਹੀ ਫ਼ਰਮਾਨ ਕਰ ਕੇ ਜਾਣਿਆ ਤੇ ਮੰਨਿਆ ਜਿਸ ਤੋਂ ਪ੍ਰਸੰਨ ਹੋ ਕੇ ਗੁਰੂ ਅਮਰਦਾਸ ਜੀ ਨੇ 30 ਅਗਸਤ 1574 ਈ ਨੂੰ ਆਪਣੀ ਰੂਹਾਨੀ ਜੋਤ ਉਨ੍ਹਾਂ ਵਿਚ ਟਿਕਾ ਕੇ ਗੁਰਤਾ ਗੱਦੀ ਬਖ਼ਸ਼ ਦਿੱਤੀ ਤੇ ਉਨ੍ਹਾਂ ਦਾ ਨਾਮਕਰਨ, ਭਾਈ ਜੇਠਾ ਤੋਂ ਗੁਰੂ ਰਾਮਦਾਸ ਜੀ ਹੋਇਆ। ਗੁਰੂ ਰਾਮਦਾਸ ਜੀ ਨੇ ਸੱਤ ਸਾਲ ਗੁਰਗੱਦੀ 'ਤੇ ਰਹਿੰਦਿਆਂ ਮਾਨਵਤਾ ਦੀ ਜੋ ਮਹਾਨ ਸੇਵਾ ਕੀਤੀ ਉਹ, ਸੁਨਹਿਰੀ ਅੱਖਰਾਂ ਵਿਚ ਲਿਖਣਯੋਗ ਹੈ।

ਆਪ ਨੇ ਜਿੱਥੇ ਗੁਰ ਉਪਦੇਸ਼ਾਂ ਦੇ ਪ੍ਰਚਾਰ ਪ੍ਰਸਾਰ ਲਈ ਵਿਸ਼ੇਸ਼ ਉਪਰਾਲੇ ਕੀਤੇ। ਉੱਥੇ ਉਨ੍ਹਾਂ ਦੀ ਮਹਾਨ ਦੇਣ ਹੈ-ਚੱਕ ਰਾਮਦਾਸ ਭਾਵ ਸ੍ਰੀ ਅੰਮ੍ਰਿਤਸਰ ਸ਼ਹਿਰ ਵਸਾਉਣਾ ਅਤੇ ਉੱਥੇ ਰੂਹਾਨੀਅਤ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਤੇ ਸੰਤੋਖਸਰ ਸਰੋਵਰ ਦਾ ਨਿਰਮਾਣ ਕਰਾਉਣਾ। ਰਾਮਦਾਸ ਸਰੋਵਰ ਦੇ ਐਨ ਵਿਚਕਾਰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਾਈ। ਆਪ ਜੀ ਦੇ ਘਰ ਤਿੰਨ ਸਪੁੱਤਰਾਂ ਪ੍ਰਿਥੀ ਚੰਦ, ਮਹਾਂਦੇਵ ਤੇ ਅਰਜਨ ਦੇਵ ਜੀ ਨੇ ਜਨਮ ਲਿਆ ਜਿਨ੍ਹਾਂ ਵਿਚੋਂ ਯੋਗ ਜਾਣ ਕੇ ਆਪ ਨੇ ਸਭ ਤੋਂ ਛੋਟੇ ਪੁੱਤਰ ਅਰਜਨ ਦੇਵ ਜੀ ਨੂੰ ਗੁਰਤਾ ਗੱਦੀ ਉੱਤੇ ਸੁਭਾਇਮਾਨ ਕੀਤਾ।

ਗੁਰੂ ਰਾਮਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ, ਭਾਈ ਹਿੰਦਾਲ ਅਤੇ ਭਾਈ ਗੁਰਦਾਸ ਜੀ ਦੇ ਨਾਲ-ਨਾਲ ਹੋਰ ਮਸੰਦਾਂ ਨੂੰ ਸੇਵਾਵਾਂ ਸੌਂਪੀਆਂ। ਗੁਰੂ ਰਾਮਦਾਸ ਜੀ ਨੇ ਭਾਰਤੀ ਸ਼ਾਸਤਰੀ ਸੰਗੀਤ ਦੇ 30 ਰਾਗਾਂ ਵਿਚ, 679 ਸ਼ਬਦ ਉਚਾਰਨ ਕੀਤੇ, ਜਿਹੜੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹਨ। ਉਨ੍ਹਾਂ ਵਲੋਂ ਰਚੀ ਬਾਣੀ, ਠੇਠ ਪੰਜਾਬੀ ਅੰਗ ਵਿਚ ਹੈ। ਵਿਚ ਵਿਚ, ਹੋਰਨਾਂ ਭਾਸ਼ਾਵਾਂ ਦੇ ਸ਼ਬਦਾਂ ਦੀ ਵੀ ਵਰਤੋਂ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ 11 ਭੱਟਾਂ ਦੀ ਬਾਣੀ ਦਰਜ ਹੈ ਉਨ੍ਹਾਂ ਵਿਚੋਂ ਸਭ ਤੋਂ ਵੱਧ 7 ਭੱਟਾਂ ਨੇ ਗੁਰੂ ਰਾਮਦਾਸ ਜੀ ਦੀ ਉਸਤਤ ਵਿਚ, 60 ਸੱਵਈਏ ਲਿਖਕੇ, ਉਨ੍ਹਾਂ ਦੀ ਅਧਿਆਤਮਕ ਉੱਚਤਾ ਤੇ ਸ਼ੁਭ ਗੁਣਾਂ ਦਾ ਬਖਾਨ ਕੀਤਾ ਹੈ। ਇਹ ਸੱਵਈਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਗੁਰੂ ਰਾਮਦਾਸ ਜੀ ਵਲੋਂ ਰਚੀ ਬਾਣੀ ਵਿਚੋਂ ਹੋਰ ਤੌਫ਼ੀਕਾਂ ਦੇ ਨਾਲ-ਨਾਲ ਨਿਵੇਕਲੀ ਰੰਗਤ ਵਾਲੀ ਨਿਮਰਤਾ ਤੇ ਹਲੀਮੀ ਡੁੱਲ੍ਹ ਡੁੱਲ੍ਹ ਪੈਂਦੀ ਹੈ। ਆਪ ਫਰਮਾਉਂਦੇ ਹਨ

ਹਮ ਕੀਚੇ ਕਿਰਮ, ਸਤਿਗੁਰ ਸਰਣਾਈ<br>
ਕਹਿ ਦਇਆ ਨਾਮੁ, ਪਰਗਾਸਿ॥

ਸਤਿਸੰਗਤ ਦੀ ਮਹਾਨਤਾ ਬਾਰੇ ਆਪ ਦੇ ਇਲਾਹੀ ਤੇ ਅਮੋਲਕ ਬਚਨ, ਇਸ ਤਰ੍ਹਾਂ ਹਨ-

ਧੰਨੁ ਧੰਨੁ ਸਤਿਸੰਗਿਤ, ਜਿਤ ਹਰਿ ਰਸੁ ਪਾਇਆ॥<br>
ਮਿਲਿ ਨਾਨਕ ਨਾਮੁ ਪਰਗਾਸਿ।

ਆਪ ਜੀ ਫ਼ਰਮਾਉਂਦੇ ਹਨ ਕਿ ਅਕਾਲ ਪੁਰਖ, ਸਦਾ ਸਾਡੇ ਅੰਗ ਸੰਗ ਹੈ, ਕਿਤੇ ਦੂਰ ਨਹੀਂ।

ਐਸ ਮੇਰਾ ਰਾਮੁ, ਰਹਿਆ ਭਰਪੂਰਿ<br>
ਨਿਕਟਿ ਵਸੈ, ਨਾਹੀ ਹਰਿ ਦੂਰ।

ਆਪ ਨੇ ਆਪਣੇ ਸਿੱਖਾਂ ਲਈ ਬਹੁਤ ਸੁਚੱਜੀ ਆਚਾਰ ਵਿਉਹਾਰ ਜੀਵਨ-ਜੁਗਤ ਨਿਯਤ ਕੀਤੀ ਹੈ ਜਿਸ ਉੱਤੇ ਚੱਲ ਕੇ ਕੋਈ ਵੀ ਪ੍ਰਾਣੀ ਜੀਵਨ ਮੁਕਤ ਹੋ ਸਕਦਾ ਹੈ-

ਗੁਰ ਸਤਿਗੁਰ ਕਾ ਜੋ ਸਿਖ ਅਖਾਏ।<br>
ਸੁ ਭਲਕੇ ਉਠਿ, ਹਰਿ ਨਾਮੁ ਧਿਆਵੈ।<br>
ਉਦਮ ਕਰੇ, ਭਲਕੇ ਪਰਭਾਤੀ,<br>
ਇਸਨਾਨੁ ਕਰੇ, ਅੰਮ੍ਰਿਤਸਰਿ ਨਾਵੈ॥<br>
ਉਪਦੇਸ਼ ਗੁਰੂ ਹਰਿ ਹਰਿ ਜੁਪ ਜਾਪੈ<br>
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।<br>
ਫਿਰ ਚੜੈ ਦਿਵਸ, ਗੁਰਬਾਣੀ ਗਾਵੈ<br>
ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ।

ਇਉਂ ਗੁਰੂ ਰਾਮਦਾਸ ਜੀ 47 ਸਾਲ ਦੀ ਸੰਸਾਰਕ ਆਰਜਾ ਭੋਗ ਕੇ 1581 ਈਸਵੀ ਬ੍ਰਹਮਲੀਨ ਹੋ ਗਏ। ਐਸੇ ਮਹਾਨ ਸਤਿਗੁਰੂ ਨੂੰ ਇਨ੍ਹਾਂ ਪਾਵਨ ਪੰਕਤੀਆਂ ਨਾਲ ਨਤਮਸਕ ਹੁੰਦੇ ਹਾਂ।

ਇਕ ਅਰਦਾਸਿ, ਭਾਟ ਕੀਰਤ ਕੀ<br>
ਗੁਰੂ ਰਾਮਦਾਸ ਰਾਖਹੁ ਸਰਣਾਈ।

**ਮੋਬਾਈਲ** 98154-61710

# ਭਗਵਾਨ ਵਾਲਮੀਕਿ ਜੀ ਦੇ ਸਬਕ



ਬਾਲਯੋਗੀ ਬਾਬਾ ਪ੍ਰਗਟ ਨਾਥ

ਮਹਾਰਿਸ਼ੀ ਵਾਲਮੀਕਿ ਜੀ ਨੇ ਸਾਰੀ ਦੁਨੀਆ ਨੂੰ ਰਮਾਇਣ ਦੁਆਰਾ ਆਪਸ 'ਚ ਰਲ ਮਿਲ ਕੇ ਰਹਿਣ ਦਾ ਸੁਨੇਹਾ ਦਿੱਤਾ ਹੈ। ਮਰਿਆਦਾ ਪਾਲਣ ਅਤੇ ਮਾਤਾ ਪਿਤਾ ਦੇ ਸਨਮਾਨ ਦਾ ਸੰਦੇਸ਼ ਪਰਿਵਾਰਾਂ ਨੂੰ ਜੋੜਦਾ ਹੈ। ਜਿਸ 'ਚ ਪੁੱਤਰ ਆਗਿਆਕਾਰੀ, ਭਰਾ ਤੇ ਪਤਨੀ ਜੋ ਦੁੱਖ-ਸੁੱਖ ਵਿਚ ਸਾਥ ਦਿੰਦੇ ਹਨ। ਵਾਲਮੀਕਿ ਰਾਮਾਇਣ 'ਚੋਂ ਸਾਨੂੰ ਇਕ ਚੰਗੇ ਟੀਚਰ, ਜੋ ਆਪਣੇ ਚੇਲੇ ਵੱਲ ਧਿਆਨ ਦੇਵੇ ਕਿ ਉਹ ਕੁੱਝ ਬਣ ਸਕੇ ਦਾ ਸੰਦੇਸ਼ ਮਿਲਦਾ ਹੈ। ਇਹ ਵਿਚਾਰ ਆਦਿ ਕਵੀ ਭਗਵਾਨ ਵਾਲਮੀਕਿ ਜੀ ਨੇ ਕਈ ਹਜ਼ਾਰ ਸਾਲ ਪਹਿਲਾਂ ਲਿਖਤੀ ਰੂਪ 'ਚ ਲੋਕਾਈ ਨੂੰ ਦਿੱਤੇ ਸਨ। ਇਨ੍ਹਾਂ ਵਿਚਾਰਾਂ ਦੀ ਜਿੰਨੀ ਅਹਿਮੀਅਤ ਉਸ ਸਮੇਂ ਸੀ ਓਨੀ ਹੀ ਅੱਜ ਹੈ। ਉਨ੍ਹਾਂ ਨੇ ਸੰਸਾਰ ਨੂੰ ਬੰਧਨਾਂ ਤੋਂ ਮੁਕਤ ਕਰ ਕੇ ਜਾਤ-ਪਾਤ ਦਾ ਖ਼ਾਤਮਾ ਕੀਤਾ ਹੈ। ਜਿੱਥੇ ਉਨ੍ਹਾਂ ਦੋ ਪ੍ਰਸਿੱਧ ਰਾਜਿਆਂ ਸ੍ਰੀ ਰਾਮ ਚੰਦਰ ਤੇ ਰਾਵਣ ਦਾ ਜ਼ਿਕਰ ਕੀਤਾ ਹੈ ਉੱਥੇ ਭੀਲਾਂ ਦੀ ਆਗੂ ਸਬਰੀ ਦਾ ਵੀ। ਸਬਰੀ ਨੂੰ ਜਿਸ ਤਲਾਬ ਤੋਂ ਪਾਣੀ ਪੀਣ ਤੋਂ ਰੋਕਿਆ ਜਾਂਦਾ ਸੀ, ਮਹਾਰਾਜ ਨੇ ਉਸ ਵੀ ਦਾ ਜ਼ਿਕਰ ਕੀਤਾ ਹੈ। ਜੋ ਭਰਾ ਬਾਲੀ ਦੇ ਡਰ ਤੋਂ ਘਬਰਾਏ ਹੋਏ ਸਬਰੀ ਦੇ ਆਸ਼ਰਮ 'ਚ ਆਏ ਤੇ ਸਬਰੀ ਨੇ ਉਨ੍ਹਾਂ ਨੂੰ ਸ਼ਰਨ ਦਿੱਤੀ ਦੇ ਵੇਰਵੇ ਵੀ ਮਿਲਦੇ ਹਨ। ਭੀਲਾਂ ਦੀ ਆਗੂ ਸਬਰੀ ਦਾ ਬਾਲੀ ਵੀ ਸਨਮਾਨ ਕਰਦਾ ਸੀ। ਉਹ ਸੁਗਰੀਵ ਤੇ ਹਨੂੰਮਾਨ ਨਾਲ ਲੜਨ ਲਈ ਸਬਰੀ ਦੇ ਆਸ਼ਰਮ 'ਚ ਨਹੀਂ ਆਇਆ। ਸੀਤਾ ਦੀ ਭਾਲ ਕਰਦੇ ਹੋਏ ਰਾਮਚੰਦਰ ਵੀ ਸਰੋਵਰ 'ਤੇ ਆਏ, ਜਿੱਥੇ ਉਨ੍ਹਾਂ ਨੂੰ ਕੁੱਝ ਵੈਰਾਗੀ ਮਹੰਤ ਮਿਲੇ ਜਿਨ੍ਹਾਂ ਨੇ ਦੱਸਿਆ ਕਿ ਸਬਰੀ ਬਹੁਤ ਹੀ ਚੰਗੀ ਹੈ ਤੇ ਅਣਜਾਣੇ 'ਚ ਅਸੀਂ ਉਸ ਦੀ ਬੇ-ਅਦਬੀ ਕਰ ਬੈਠੇ ਹਾਂ, ਉਦੋਂ ਦੇ ਮਹਾਰਾਜ ਅਸੀਂ ਬਹੁਤ ਦੁਖੀ ਹਾਂ। ਸਾਡੇ ਪਰਿਵਾਰ ਵੀ ਦੁੱਖੀ ਹਨ ਤੇ ਤੁਸੀਂ ਸਬਰੀ ਨੂੰ ਮਿਲੋ। ਵੈਰਾਗੀ ਸਾਧ ਭਗਵਾਨ ਰਾਮ ਚੰਦਰ ਨੂੰ ਨਾਲ ਲੈ ਕੇ ਸਬਰੀ ਕੋਲ ਆਏ ਤੇ ਸਬਰੀ ਨੇ ਮਹਿਮਾਨ ਸਨਮਾਨ ਵੱਜੋਂ ਉਨ੍ਹਾਂ ਨੂੰ ਬੇਰ ਦਿੱਤੇ ਤੇ ਦੱਸਿਆ ਕਿ ਇਹ ਬੇਰ ਜੂਠੇ ਹਨ। ਫਿਰ ਰਾਮਚੰਦਰ ਨੇ ਉਹ ਬੇਰ ਖਾਧੇ ਪਰ ਲਛਮਣ ਨੇ ਨਹੀਂ ਖਾਧੇ। ਇਸ ਤੋਂ ਬਾਅਦ ਮਾਤਾ ਸਬਰੀ ਜੀ ਉਨ੍ਹਾਂ ਨਾਲ ਸਰੋਵਰ 'ਤੇ ਗਏ ਜਿੱਥੇ ਸਾਰੇ ਮਹੰਤਾਂ ਤੇ ਪੰਡਤਾਂ ਨੇ ਮਾਫ਼ੀ ਮੰਗੀ ਤੇ ਮਾਤਾ ਦੇ ਚਰਨ ਧੋ-ਧੋ ਕੇ ਪੀਤੇ। ਇਸ ਉਪਰੰਤ ਮਾਤਾ ਦੇ ਚਰਨ ਸਰੋਵਰ 'ਚ ਪਾਏ ਗਏ। ਸਰੋਵਰ ਦਾ ਕੌੜਾ ਪਾਣੀ ਮਾਤਾ ਦੇ ਚਰਨ ਪੈਣ ਨਾਲ ਮਿੱਠਾ ਹੋ ਗਿਆ। ਇਸ ਤਰ੍ਹਾਂ ਭਗਵਾਨ ਵਾਲਮੀਕ ਜੀ ਨੇ ਹਰ ਛੋਟੇ-ਵੱਡੇ ਨੂੰ ਸਨਮਾਨ ਦਿੱਤਾ ਹੈ। •

# ਯੇਰੂਸਲੇਮ ਨਾ ਜਾਣ ਦਾ ਫ਼ੈਸਲਾ

***ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।***

*(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਯੂਰੈਂਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)*

ਹੁਣ ਕਿਉਂਕਿ ਪਿਤਾ ਯੂਸਫ਼ ਤੇ ਮਾਂ ਮਰੀਅਮ ਇਸ ਵਿਸ਼ੇ ਉੱਤੇ ਕੋਈ ਫ਼ੈਸਲਾ ਨਹੀਂ ਲੈ ਰਹੇ ਸਨ, ਤਾਂ ਅਧਿਆਪਕ ਨਾਹੋਰ ਨੇ ਯੇਰੂਸਲੇਮ ਜਾਣ ਦਾ ਫ਼ੈਸਲਾ ਖ਼ੁਦ ਯਿਸੂ 'ਤੇ ਹੀ ਛੱਡ ਦਿੱਤਾ। ਯਿਸੂ ਨੇ ਪਹਿਲਾਂ ਆਪਣੇ ਮਾਤਾ-ਪਿਤਾ ਦੇ ਨਾਲ-ਨਾਲ ਗੁਆਂਢ 'ਚ ਪੱਥਰ ਦਾ ਕੰਮ ਕਰਨ ਵਾਲੇ ਇਕ ਕਾਰੀਗਰ ਜੇਕਬ (ਯਾਕੂਬ), ਜਿਨ੍ਹਾਂ ਦੇ ਪੁੱਤਰ ਨਾਲ ਉਨ੍ਹਾਂ ਦੀ ਬਹੁਤ ਡੂੰਘੀ ਦੋਸਤੀ ਸੀ, ਨਾਲ ਇਸ ਮੁੱਦੇ 'ਤੇ ਗੱਲ ਕੀਤੀ। ਫਿਰ ਵੀ ਕੋਈ ਫ਼ੈਸਲਾ ਨਾ ਹੋ ਸਕਿਆ। ਤਦ ਯਿਸੂ ਨੇ ਕਿਹਾ ਕਿ ਉਹ 'ਆਪਣੇ ਉਸ ਪਿਤਾ ਨਾਲ ਗੱਲ ਕਰਨਗੇ, ਜੋ ਸੁਰਗ ਵਿਚ ਹੈ।' ਫਿਰ ਕੁਝ ਸਮੇਂ ਬਾਅਦ ਉਨ੍ਹਾਂ ਕਿਹਾ ਕਿ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਆਪਣੇ ਮਾਤਾ-ਪਿਤਾ ਦੇ ਘਰ ਵਿਚ ਹੀ ਰਹਿਣਾ ਚਾਹੀਦਾ ਹੈ, "ਜੋ ਮੇਰੇ ਲਈ ਕੁਝ ਵਧੇਰੇ ਕਰਨ ਦੇ ਯੋਗ ਹਨ ਅਤੇ ਅਜਨਬੀਆਂ ਤੋਂ ਵੱਧ ਉਹ ਮੇਰੀ ਦੇਖਭਾਲ਼ ਕਰ ਸਕਦੇ ਹਨ। ਅਜਨਬੀ ਲੋਕ ਮੈਨੂੰ ਵੇਖ ਤਾਂ ਸਕਦੇ ਹਨ, ਮੇਰੇ ਦਿਮਾਗ਼ ਨੂੰ ਵੀ ਜਾਣ ਸਕਦੇ ਹਨ ਪਰ ਫਿਰ ਵੀ ਉਹ ਮੈਨੂੰ ਪੂਰੀ ਤਰ੍ਹਾਂ ਨਹੀਂ ਜਾਣ ਸਕਦੇ।" ਯਿਸੂ ਦਾ ਇਹ ਜਵਾਬ ਸੁਣ ਕੇ ਸਾਰੇ ਹੈਰਾਨ ਰਹਿ ਗਏ। ਤਦ ਅਧਿਆਪਕ ਨਾਹੋਰ ਯੇਰੂਸਲੇਮ ਵਾਪਸ ਚਲੇ ਗਏ (ਯੂਰੈਂਸ਼ੀਆ-123:6.9)

ਇਸ ਤਰ੍ਹਾਂ ਹੁਣ ਤਕ ਅਸੀਂ ਵੇਖਿਆ ਕਿ ਯਿਸੂ ਨੇ ਨਾਸਰਤ ਵਿਚ ਰਹਿ ਕੇ ਜੀਵਨ ਦੀਆਂ ਸਮੱਸਿਆਵਾਂ ਨੂੰ ਸਮਝਿਆ ਅਤੇ ਨਾਲ ਹੀ ਆਪਣੇ ਸਮੇਂ ਦੀ ਉੱਚ ਸਿੱਖਿਆ ਵੀ ਹਾਸਲ ਕੀਤੀ। ਤਦ ਸੱਭਿਅਕ ਵਿਸ਼ਵ ਦੇ ਲਗਪਗ ਹਰੇਕ ਹਿੱਸੇ ਤੋਂ ਲੋਕ ਉਸ ਵੇਲੇ ਨਾਸਰਤ ਆਉਂਦੇ ਰਹਿੰਦੇ ਸਨ, ਜਿਸ ਕਰ ਕੇ ਯਿਸੂ ਕੱਟੜ ਯਹੂਦੀ ਵਿਚਾਰਾਂ ਤੋਂ ਬਚ ਗਏ। ਜੇ ਉਹ ਅਲੈਕਸਾਂਦਰੀਆ 'ਚ ਰਹਿੰਦੇ, ਤਾਂ ਉਨ੍ਹਾਂ ਨੂੰ ਉੱਥੇ ਕੇਵਲ ਯਹੂਦੀ ਅਧਿਆਪਕ ਹੀ ਮਿਲਣੇ ਸਨ, ਜੋ ਉਨ੍ਹਾਂ ਨੂੰ ਕੇਵਲ ਯਹੂਦੀ ਸਿਧਾਂਤਾਂ 'ਤੇ ਚੱਲਣਾ ਸਿਖਾਉਂਦੇ। ਪਰ ਨਾਸਰਤ ਵਿਚ ਉਹ ਆਪਣੇ ਵਿਚਾਰ ਵੱਧ ਸੰਤੁਲਿਤ ਰੱਖ ਸਕੇ। ਉਨ੍ਹਾਂ ਨੇ ਤਦ ਪੂਰਬੀ,



ਬੇਬੀਲੋਨ, ਪੱਛਮੀ ਦੇਸ਼ਾਂ ਜਾਂ ਹੈਲੇਨਿਕ ਤੇ ਹਿਬਰੂ ਧਰਮ-ਵਿਗਿਆਨ ਸਾਰਿਆਂ ਦੇ ਵਿਚਾਰ ਜਾਣੇ ਤੇ ਸਿੱਖੇ।

ਸੰਨ 3 (ਭਾਵ ਅੱਜ ਤੋਂ 2014 ਸਾਲ ਪਹਿਲਾਂ) ਯਿਸੂ 9 ਸਾਲਾਂ ਦੇ ਹੋ ਗਏ ਸਨ। ਇਸੇ ਸਾਲ ਉਨ੍ਹਾਂ ਨੂੰ ਕੁਝ ਮਾਮੂਲੀ ਕਿਸਮ ਦੇ ਆਮ ਰੋਗਾਂ ਦਾ ਸਾਹਮਣਾ ਕਰਨਾ ਪਿਆ, ਜਿਵੇਂ ਆਮ ਬੱਚਿਆਂ ਨੂੰ ਹੁੰਦਾ ਹੈ, ਉਨ੍ਹਾਂ ਦੇ ਦੁਨਿਆਵੀ ਭਰਾ-ਭੈਣ ਵੀ ਅਜਿਹੇ ਰੋਗਾਂ ਤੋਂ ਪੀੜਤ ਹੋਏ ਸਨ (ਯੂਰੈਂਸ਼ੀਆ-124:1.1)

*ਅਨੁਵਾਦ* ***-ਮਹਿਤਾਬ-ਉਦ-ਦੀਨ***

# ਦਾਤਾਂ ਵੰਡਣ ਵਾਲੇ ਬਾਬਾ ਬੁੱਢਾ ਜੀ

ਧਰਮਿੰਦਰ ਸਿੰਘ ਚੱਬਾ



ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਨੂੰ ਪੁੱਤਰਾਂ ਦੇ ਦਾਨੀ ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ। ਜਿੱਥੇ ਅੱਜ ਬੀੜ ਬਾਬਾ ਬੁੱਢਾ ਸਾਹਿਬ ਗੁਰਦੁਆਰਾ ਸਾਹਿਬ ਸਥਿਤ ਹੈ, ਕਦੇ ਇੱਥੇ ਜੰਗਲ ਹੁੰਦੇ ਸਨ ਤੇ ਅਕਬਰ ਬਾਦਸ਼ਾਹ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਕੋਲ ਦਰਸ਼ਨਾਂ ਲਈ ਗਏ ਤਾਂ ਅਕਬਰ ਬਾਦਸ਼ਾਹ ਨੇ ਬੀਬੀ ਭਾਨੀ ਜੀ ਨੂੰ ਆਪਣੀ ਪੁੱਤਰੀ ਕਿਹਾ ਸੀ ਤੇ ਨਾਲੇ ਇੱਥੇ ਹੀ ਗੋਇੰਦਵਾਲ ਸਾਹਿਬ ਸੰਗਤ ਵਿਚ ਬੈਠ ਕੇ ਲੰਗਰ ਛਕਿਆ ਸੀ। ਉਦੋਂ ਇਹ ਜੰਗਲ ਦਾ ਇਲਾਕਾ (ਕੁੱਝ ਉਪਜਾਊ ਭੂਮੀ ਵੀ ਸੀ) ਇਨ੍ਹਾਂ ਦੇ ਨਾਂ ਕਰ ਦਿੱਤਾ ਸੀ। ਇੱਥੋਂ ਦੀ ਦੇਖ ਰੇਖ ਬਾਬਾ ਬੁੱਢਾ ਜੀ ਕਰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 1 ਸਤੰਬਰ 1581, ਭਾਦੋਂ ਸੁਦੀ 3, 1638 ਨੂੰ ਗੁਰਗੱਦੀ ਮਿਲਣ ਉਪਰੰਤ ਆਪ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਬਹੁਤ ਬੁਰਾ ਮਨਾਇਆ। ਪ੍ਰਿਥੀ ਚੰਦ ਨੇ ਬਾਬਾ ਬੁੱਢਾ ਜੀ ਅਤੇ ਪਿਤਾ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੂੰ ਬੋਲ ਕੁਬੋਲ ਕਹੇ। ਸ੍ਰੀ ਗੁਰੂ ਰਾਮਦਾਸ ਜੀ ਦੇ ਸਮਝਾਉਣ 'ਤੇ ਵੀ ਪ੍ਰਿਥੀ ਚੰਦ ਨਹੀਂ ਸਮਝਿਆ। ਪ੍ਰਿਥੀ ਚੰਦ ਗੁਰੂ ਘਰ ਦੇ ਨਿੰਦਕਾਂ ਦੀ ਚੁੱਕਣਾ ਵਿਚ ਆ ਕੇ ਆਪੇ ਤੋਂ ਬਾਹਰ ਹੋ ਗਿਆ। ਛਲ ਕਪਟ ਨਾਲ ਇਕੱਠੀ ਕੀਤੀ ਹੋਈ ਮਾਇਆ ਦਾ ਹੰਕਾਰ ਸਿਰ ਚੜ੍ਹ ਕੇ ਬੋਲ ਰਿਹਾ ਸੀ।

ਗੁਰੂ ਰਾਮਦਾਸ ਜੀ ਨੇ ਕਿਹਾ ਕਿ 'ਤੂੰ ਮੀਣਾ ਹੈ, ਸਾਡੇ ਸਿੱਖ ਤੇਰੇ ਨਾਲ ਸਾਂਝ ਨਹੀਂ ਰੱਖਣਗੇ। ਸਾਡੀਆਂ ਨਜ਼ਰਾਂ ਤੋਂ ਦੂਰ ਹੋ ਜਾ।' ਪ੍ਰਿਥੀ ਚੰਦ ਵੱਲੋਂ ਸੰਗਤ ਦੁਆਰਾ ਭੇਜੀ ਜਾਂਦੀ ਸਾਰੀ ਭੇਟਾ ਰਸਤੇ ਵਿਚ ਹੀ ਕਾਬੂ ਕਰ ਲਈ ਜਾਂਦੀ ਸੀ, ਕਿਉਂਕਿ ਸ੍ਰੀ ਗੁਰੂ ਰਾਮਦਾਸ ਜੀ ਵੇਲੇ ਵੀ ਪ੍ਰਿਥੀ ਚੰਦ ਹੀ ਸਾਰੀ ਭੇਟਾ ਦਾ ਹਿਸਾਬ ਰੱਖਦਾ ਸੀ। ਸੰਗਤ ਅਨਜਾਣ ਸੀ, ਇਸ ਲਈ ਇਸ ਦੇ ਬਹਿਕਾਵੇ ਵਿਚ ਆ ਕੇ ਸਾਰੀ ਭੇਟਾ ਇਸ ਦੇ ਹਵਾਲੇ ਕਰ ਜਾਂਦੀ ਸੀ। ਪੂਰੀ ਭੇਟਾ ਗੁਰੂ ਜੀ ਕੋਲ ਨਾ ਪਹੁੰਚਣ ਕਰਕੇ ਗੁਰੂ ਘਰ ਦੇ ਲੰਗਰ ਦੀ ਹਾਲਤ ਬੜੀ ਪਤਲੀ ਹੋ ਗਈ। ਭਾਈ ਗੁਰਦਾਸ ਜੀ ਨੂੰ ਗੁਰੂ ਰਾਮਦਾਸ ਜੀ ਨੇ ਆਗਰੇ ਪ੍ਰਚਾਰ ਲਈ ਭੇਜਿਆ ਸੀ। ਜਦੋਂ ਉਨ੍ਹਾਂ ਨੂੰ ਗੁਰੂ ਰਾਮਦਾਸ ਜੀ ਦੇ ਸੱਚਖੰਡ ਬਿਰਾਜਣ ਦੀ ਖ਼ਬਰ ਮਿਲੀ ਤਾਂ ਆਪ ਦੇ ਸ੍ਰੀ ਅੰਮ੍ਰਿਤਸਰ ਪਹੁੰਚਣ 'ਤੇ ਜਦੋਂ ਛੋਲਿਆਂ ਦੇ ਪ੍ਰਸ਼ਾਦੇ ਮਿਲੇ ਤਾਂ ਭਾਈ ਗੁਰਦਾਸ ਜੀ ਨੂੰ ਮਾਤਾ ਭਾਨੀ ਨੂੰ ਪੁੱਛਣ 'ਤੇ ਪਤਾ ਲੱਗਾ ਕਿ ਇਹ ਸਭ ਪ੍ਰਿਥੀ ਚੰਦ ਕਰਕੇ ਹੋ ਰਿਹਾ ਹੈ ਤਾਂ ਭਾਈ ਗੁਰਦਾਸ ਜੀ ਨੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਪ੍ਰਿਥੀ ਚੰਦ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਕਿੱਥੇ ਮੰਨਣ ਵਾਲਾ ਸੀ।

ਭਾਈ ਗੁਰਦਾਸ ਜੀ ਨੇ ਬਾਬਾ ਬੁੱਢਾ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸਲਾਹ ਮਸ਼ਵਰਾ ਕੀਤਾ। ਇਸ ਲਈ ਉਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਬਾਹਰਵਾਰ ਹੀ ਸਿੱਖਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਕਿ ਸ਼ਹਿਰ ਦੇ ਬਾਹਰ ਹੀ ਸੰਗਤਾਂ ਕੋਲੋਂ ਭੇਟਾ ਇਕੱਠੀ ਕਰ ਲਈ ਜਾਵੇ ਤੇ ਪ੍ਰਿਥੀ ਚੰਦ ਤਕ ਪਹੁੰਚਣ ਹੀ ਨਾ ਦਿੱਤੀ ਜਾਵੇ। ਇਸ ਕੰਮ ਲਈ ਪਿੱਪਲੀ ਸਾਹਿਬ ਪੁਤਲੀਘਰ ਤੇ ਬੀੜ ਸਾਹਿਬ ਨੂੰ ਚੁਣਿਆ ਗਿਆ। ਬਾਬਾ ਬੁੱਢਾ ਜੀ ਨੂੰ ਬੀੜ ਸਾਹਿਬ ਭੇਜਿਆ ਗਿਆ। ਜਿੱਥੇ ਬਾਬਾ ਬੁੱਢਾ ਜੀ ਨੇ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਿਆ। ਜਦ ਪ੍ਰਿਥੀ ਚੰਦ ਕੋਲ ਕੋਈ ਭੇਟਾ ਨਾ ਪਹੁੰਚੀ ਤਾਂ ਉਹ ਬੜਾ ਅੱਗ ਬਬੂਲਾ ਹੋਇਆ। ਫਿਰ ਸਾਰੇ ਪ੍ਰੀਵਾਰ ਨੇ ਸੋਚਿਆ ਕਿ ਅਰਜਨ (ਗੁਰੂ ਅਰਜਨ ਦੇਵ ਜੀ) ਦੇ ਕਿਹੜੀ ਔਲਾਦ ਹੋਣੀ ਹੈ, ਸਭ ਕੁੱਝ ਸਾਡਾ ਹੀ ਹੈ। ਪ੍ਰਿਥੀ ਚੰਦ ਦੀ ਪਤਨੀ ਮਾਤਾ ਗੰਗਾ ਜੀ ਨੂੰ ਤਾਹਨੇ ਮਿਹਣੇ ਦੇਂਦੀ ਰਹਿੰਦੀ ਸੀ।

ਜਦ ਮਾਤਾ ਗੰਗਾ ਜੀ ਨੇ ਗੁਰੂ ਜੀ ਨੂੰ ਪੁੱਤਰ ਪ੍ਰਾਪਤੀ ਲਈ ਬੰਦਨਾ ਕੀਤੀ ਤਾਂ ਗੁਰੂ ਸਾਹਿਬ ਜੀ ਨੇ ਮਾਤਾ ਗੰਗਾ ਜੀ ਨੂੰ ਬਾਬਾ ਬੁੱਢਾ ਜੀ ਕੋਲ ਜਾ ਕੇ ਅਰਦਾਸ ਕਰਨ ਲਈ ਕਿਹਾ। ਮਾਤਾ ਗੰਗਾ ਜੀ ਨੰਗੇ ਪੈਰੀਂ ਮਿੱਸੇ ਪ੍ਰਸ਼ਾਦੇ ਆਪਣੇ ਹੱਥੀਂ ਪਕਾ ਕੇ ਨਾਲ ਗੰਡਾ, ਦਹੀਂ ਤੇ ਲੱਸੀ ਲੈ ਕੇ ਬੀੜ ਸਾਹਿਬ ਬਾਬਾ ਬੁੱਢਾ ਜੀ ਕੋਲ ਗਏ।

ਬਾਬਾ ਬੁੱਢਾ ਜੀ ਬੜੇ ਖ਼ੁਸ਼ ਹੋਏ ਤੇ ਮਿੱਸੇ ਪ੍ਰਸ਼ਾਦੇ ਛਕ ਕੇ ਪੁੱਤਰ ਦਾ ਵਰ ਦਿੱਤਾ ਤੇ ਕਿਹਾ ਕਿ 'ਮਹਾਂਬਲੀ ਸੂਰਮਾ ਪੈਦਾ ਹੋਵੇਗਾ, ਜੋ ਤੁਰਕਾਂ ਦੇ ਸਿਰ ਗੰਡੇ ਵਾਂਗ ਭੰਨੇਗਾ'। ਬਾਬਾ ਬੁੱਢਾ ਜੀ ਦੇ ਵਰ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਅੱਜ ਵੀ ਉਹ ਪ੍ਰੰਪਰਾ ਕਾਇਮ ਹੈ। ਪੁੱਤਰ ਪ੍ਰਾਪਤੀ ਲਈ ਸੰਗਤਾਂ ਮਿੱਸੇ ਪ੍ਰਸ਼ਾਦੇ ਪਕਾ ਕੇ ਨਾਲ ਗੰਡਾ, ਦਹੀਂ ਤੇ ਲੱਸੀ ਲੈ ਕੇ ਬਾਬਾ ਬੁੱਢਾ ਜੀ ਦੇ ਦਰਬਾਰ ਝਬਾਲ ਪਿੰਡ ਠੱਠਾ ਵਿਖੇ ਆਉਂਦੀਆਂ ਹਨ ਤੇ ਝੋਲੀਆਂ ਭਰ ਕੇ ਖ਼ੁਸ਼ੀ-ਖ਼ੁਸ਼ੀ ਘਰਾਂ ਨੂੰ ਪਰਤਦੀਆਂ ਹਨ। ਗੁਰਦੁਆਰਾ ਬੀੜ ਬਾਬਾ ਬੁੱਢਾ ਜੀ ਠੱਠਾ ਝਬਾਲ ਵਿਖੇ ਜੋੜ ਮੇਲਾ 6 ਤੇ 7 ਅਕਤੂਬਰ ਨੂੰ ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। •

ਜੀਵਨ ਦਰਸ਼ਨ

# ਮਨ ਨੂੰ ਇਕਾਗਰ ਕਰਨ ਦੇ ਉਪਾਅ



ਇਕ ਪਲ ਅਸੀਂ ਹੱਸਦੇ ਹਾਂ ਤੇ ਦੂਜੇ ਹੀ ਪਲ ਰੋਣ ਲੱਗਦੇ ਹਾਂ। ਹਵਾ ਦੇ ਹਰ ਬੁੱਲੇ ਨਾਲ ਅਸੀਂ ਡਾਵਾਂ ਡੋਲ ਹੋ ਜਾਂਦੇ ਹਾਂ। ਰੋਜ਼ ਦੇ ਕੰਮਾਂ 'ਚ ਅਸੀਂ ਇੰਨੇ ਉਲਝ ਜਾਂਦੇ ਹਾਂ ਕਿ ਸਾਨੂੰ ਇਕ ਪਲ ਲਈ ਵੀ ਆਪਣੀ ਆਤਮਾ ਬਾਰੇ ਸੋਚਣ ਦੀ ਵਿਹਲ ਨਹੀਂ ਮਿਲਦੀ। ਆਤਮਾ ਸ਼ਬਦ ਸਾਡੇ ਲਈ ਕੋਈ ਵਿਸ਼ੇਸ਼ ਅਰਥ ਨਹੀਂ ਰੱਖਦਾ। ਅਸੀਂ ਭੌਤਿਕ ਸੰਸਾਰ ਦੇ ਗ਼ੁਲਾਮ ਹੋ ਜਾਂਦੇ ਹਾਂ। ਪਦਾਰਥ ਸੁੱਖਾਂ ਦੇ ਇੱਛੁਕ ਹੋਣ ਕਾਰਨ ਅਸੀਂ ਆਪਣੀ ਅਜਿਹੀ ਹਾਲਤ ਬਣਾ ਲਈ ਹੈ। ਜੇ ਰੱਬ ਦਾ ਧਿਆਨ ਜਾਂ ਪਰਮਾਤਮਾ ਦਾ ਚਿੰਤਨ ਕਰਨਾ ਹੈ ਜਾਂ ਆਖੀਏ ਕਿ ਆਪਣੇ ਚਿਤ ਨੂੰ ਇਕਾਗਰ ਕਰਨਾ ਹੈ ਤਾਂ ਸਾਨੂੰ ਦੂਜੀ ਦਿਸ਼ਾ ਵੱਲ ਜਾਣਾ ਪਵੇਗਾ। ਸਭ ਤੋਂ ਪਹਿਲਾਂ ਤਾਂ ਸਾਨੂੰ ਆਪਣੇ ਮਨ 'ਚ ਕਿਸੇ ਭੌਤਿਕ ਜਾਂ ਮਾਨਸਿਕ ਸੁੱਖ-ਭੋਗ ਦੇ ਵਿਚਾਰ ਨੂੰ ਤਿਆਗਣਾ ਪਵੇਗਾ। ਇਸ ਲਈ ਸਾਨੂੰ ਇਕ ਥਾਂ 'ਤੇ ਆਪਣਾ ਧਿਆਨ ਕੇਂਦਰਤ ਕਰਨਾ ਹੋਵੇਗਾ। ਅਕਸਰ ਅਸੀਂ ਆਪਣਾ ਧਿਆਨ ਕੇਂਦਰਤ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਮਨ 'ਚ ਬਹੁਤ ਸਾਰੇ ਦੂਜੇ ਵਿਚਾਰ ਆਉਣ ਲੱਗਦੇ ਹਨ। ਜਦ ਮਨ ਕਿਸੇ ਹੋਰ ਗੱਲ ਦਾ ਵਿਚਾਰ ਕਰਨ ਲੱਗੇ ਤਾਂ ਉਸ 'ਤੇ ਇੰਨਾ ਤਿੱਖਾ ਵਾਰ ਕਰੋ ਕਿ ਤੁਹਾਡਾ ਮਨ ਉੱਥੋਂ ਵਾਪਸ ਮੁੜੇ ਅਤੇ ਆਪੇ ਇਕਾਗਰ ਹੋ ਸਕੇ। ਰੱਬ ਦੇ ਚਿੰਤਨ 'ਚ ਲੱਗ ਜਾਵੇ। ਜਿਵੇਂ ਤੇਲ ਇਕ ਭਾਂਡੇ 'ਚੋਂ ਦੂਜੇ 'ਚ ਪਾਉਂਦੇ ਸਮੇਂ ਇਕਸਾਰ ਧਾਰ 'ਚ ਡਿੱਗਦਾ ਹੈ ਵੈਸੇ ਦੂਰ ਵੱਜਦੀ ਘੰਟੀ ਦਾ ਨਾਦ ਕੰਨਾਂ 'ਚ ਇਕਸਾਰ ਵਹਿਣ ਦੇ ਰੂਪ 'ਚ ਆਉਂਦਾ ਹੈ, ਉਸੇ ਤਰ੍ਹਾਂ ਮਨ ਨੂੰ ਵੀ ਅਟੁਟ ਹੋ ਕੇ ਜਾਂ ਅਖੰਡ ਹੋ ਕੇ ਰੱਬ ਵੱਲ ਲਗਾਤਾਰ ਦੌੜਦੇ ਰਹਿਣਾ ਚਾਹੀਦਾ। ਸਾਨੂੰ ਇਸ ਅਭਿਆਸ ਨੂੰ ਮਨੋਂ ਅਪਣਾਉਣਾ ਪਵੇਗਾ। ਇਹ ਅਭਿਆਸ ਸਿਰਫ਼ ਮਨ ਲਈ ਹੀ ਨਹੀਂ ਹੈ ਬਾਕੀ ਇੰਦਰੀਆਂ ਨੂੰ ਵੀ ਕਾਬੂ ਕਰਨ ਲਈ ਹੈ। ਕੰਨਾਂ ਦੁਆਰਾ ਵਿਅਰਥ ਦਾ ਬਕਵਾਸ ਨਾ ਸੁਣ ਕੇ ਸਾਨੂੰ ਸਿਰਫ਼ ਰੱਬ ਦੀ ਵਾਰਤਾ ਸੁਣਨੀ ਚਾਹੀਦੀ ਹੈ। ਜੀਭ ਦੁਆਰਾ ਬੇਮਤਲਬ ਦੀਆਂ ਗੱਲਾਂ ਨਾ ਕਰ ਕੇ ਰੱਬ ਦੀ ਹੀ ਚਰਚਾ ਕਰਨੀ ਚਾਹੀਦੀ ਹੈ। ਫਾਲਤੂ ਕਿਤਾਬਾਂ ਨਾ ਪੜ੍ਹ ਕੇ ਸਿਰਫ਼ ਅਜਿਹੇ ਗ੍ਰੰਥਾਂ ਦਾ ਪਾਠ ਕਰਨਾ ਚਾਹੀਦਾ ਜਿਨ੍ਹਾਂ 'ਚ ਈਸ਼ਵਰ ਸਬੰਧੀ ਵਿਸ਼ਿਆਂ ਦਾ ਚਿੰਤਨ ਹੋ ਸਕੇ। ਨਾਮ ਜੱਪਣ ਅਤੇ ਚਿੱਤ ਇਕਾਗਰ ਕਰਨ ਲਈ ਗਾਇਨ ਅਤੇ ਸੰਗੀਤ ਸਾਡੇ ਲਈ ਸਹਾਇਕ ਸਿੱਧ ਹੋਣਗੇ। ਨਾਰਦ ਨੂੰ ਭਗਵਾਨ ਕਹਿੰਦੇ ਹਨ :

'ਹੇ ਨਾਰਦ, ਨਾ ਮੈਂ ਬੈਕੁੰਠ 'ਚ ਰਹਿੰਦਾ ਹਾਂ ਨਾ ਯੋਗੀਆਂ ਦੇ ਦਿਲਾਂ 'ਚ ਹੀ। ਮੈਂ ਤਾਂ ਉੱਥੇ ਰਹਿੰਦਾ ਹਾਂ, ਜਿੱਥੇ ਭਗਤ ਮੇਰੀ ਉਸਤਤੀ ਕਰਦੇ ਹਨ।' ਮਨੁੱਖੀ ਹਿਰਦੇ 'ਤੇ ਸੰਗੀਤ ਦਾ ਇੰਨਾ ਜ਼ੋਰਦਾਰ ਅਸਰ ਹੁੰਦਾ ਹੈ ਕਿ ਉਹ ਪਲ ਭਰ 'ਚ ਚਿਤ ਨੂੰ ਇਕਾਗਰ ਕਰ ਦਿੰਦਾ ਹੈ। ਜੜ੍ਹ ਜਾਂ ਅਗਿਆਨੀ ਵਿਅਕਤੀ, ਜੋ ਆਪਣੇ ਮਨ ਨੂੰ ਪਲ ਭਰ ਲਈ ਸਥਿਰ ਨਹੀਂ ਕਰ ਸਕਦੇ, ਉਹ ਵੀ ਮਨੋਹਰ ਸੰਗੀਤ ਸੁਣਦੇ ਹੀ ਤੁਰੰਤ ਮੁਗਧ ਹੋ ਜਾਂਦੇ ਹਨ ਅਤੇ ਉਨ੍ਹਾਂ ਦਾ ਚਿਤ ਵੀ ਇਕਾਗਰਤਾ ਵੱਲ ਖਿੱਚਿਆ ਜਾਂਦਾ ਹੈ।

• ਸਵਾਮੀ ਵਿਵੇਕਾਨੰਦ

# ਸਿਹਤ ਵਿਭਾਗ ਵੱਲੋਂ ਡੇਅਰੀਆਂ 'ਤੇ ਛਾਪੇਮਾਰੀ 70 ਕਿਲੋ ਪਨੀਰ ਜ਼ਬਤ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 7 ਸਤੰਬਰ। ਪੰਜਾਬ 'ਚ ਨਕਲੀ ਪਨੀਰ ਦੀ ਤਿਆਰੀ ਅਤੇ ਵਿਕਰੀ ਖ਼?ਲਾਫ਼ ਸਿਹਤ ਵਿਭਾਗ ਵੱਲੋਂ ਜਾਰੀ ਸਖ਼ਤ ਐਡਵਾਈਜ਼ਰੀ ਤੋਂ ਬਾਅਦ ਅੰਮ੍ਰਿਤਸਰ 'ਚ ਵੀ ਕਾਰਵਾਈ ਤੇਜ਼ ਹੋ ਗਈ ਹੈ। ਇਸੇ ਤਹਿਤ ਮਜੀਠਾ ਰੋਡ ਇਲਾਕੇ 'ਚ ਫੂਡ ਸੇਫਟੀ ਟੀਮ ਨੇ ਦੋ ਦੁੱਧ ਡੇਅਰੀਆਂ ਦੀ ਜਾਂਚ ਕਰਦਿਆਂ ਇਕ ਡੇਅਰੀ ਤੋਂ ਕਰੀਬ 70 ਕਿਲੋ ਪਨੀਰ ਜ਼ਬਤ ਕੀਤਾ। ਇਸ ਦੇ ਨਾਲ ਹੀ ਸ਼ਹਿਰੀ ਅਤੇ ਦਿਹਾਤੀ ਖੇਤਰਾਂ 'ਚ ਪੈਂਦੀਆਂ ਡੇਅਰੀਆਂ ਤੋਂ ਪਨੀਰ ਦੇ 5 ਅਤੇ ਦੁੱਧ ਦੇ ਦੋ ਇਨਫੋਰਸਮੈਂਟ ਸੈਂਪਲ ਭਰੇ ਗਏ, ਜਿਨ੍ਹਾਂ ਨੂੰ ਜਾਂਚ ਲਈ ਸਟੇਟ ਫੂਡ ਲੈਬ, ਖਰੜ ਭੇਜਿਆ ਜਾਵੇਗਾ। ਇਹ ਕਾਰਵਾਈ ਸੀ. ਐੱਫ. ਡੀ. ਏ. ਮੈਡਮ ਆਈ. ਏ. ਐੱਸ. ਕੰਵਲਪ੍ਰੀਤ ਕੌਰ ਬਰਾੜ, ਡਿਪਟੀ ਕਮਿਸ਼ਨਰ ਅਤੇ ਸਿਵਲ ਸਰਜਨ ਦੇ ਹੁਕਮਾਂ 'ਤੇ ਕੀਤੀ ਗਈ। ਫੂਡ ਸੇਫਟੀ ਟੀਮ ਦੀ ਅਗਵਾਈ ਡਿਜ਼ਿਗਨੇਟਿਡ ਅਫਸਰ ਕਮ ਜ਼ਿਲਾ ਹਾ ਸਿਹਤ ਅਧਿਕਾਰੀ ਅੰਮ੍ਰਿਤਸਰ ਡਾ. ਮਨਜੀਤ ਸਿੰਘ ਰਟੌਲ ਨੇ ਕੀਤੀ, ਜਦਕਿ ਫੂਡ ਸੇਫਟੀ ਅਧਿਕਾਰੀ ਸਤਨਾਮ ਸਿੰਘ ਅਤੇ ਫੂਡ ਸੇਫਟੀ ਅਧਿਕਾਰੀ ਸਿਮਰਨ ਸਿੰਘ ਗਿੱਲ ਵੀ ਟੀਮ 'ਚ ਸ਼ਾਮਲ ਸਨ। ਅਧਿਕਾਰੀਆਂ ਅਨੁਸਾਰ ਲੈਬ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਪਨੀਰ ਦੀ ਗੁਣਵੱਤਾ ਅਤੇ ਨਿਰਧਾਰਤ ਮਾਪਦੰਡਾਂ 'ਤੇ ਅੰਤਿਮ ਸਥਿਤੀ ਸਪੱਸ਼ਟ ਹੋਵੇਗੀ। ਜੇਕਰ ਸੈਂਪਲ ਫੇਲ ਪਾਏ ਜਾਂਦੇ ਹਨ ਜਾਂ



ਨਿਯਮਾਂ ਦੀ ਉਲੰਘਣਾ ਸਾਹਮਣੇ ਆਉਂਦੀ ਹੈ ਤਾਂ ਫੂਡ ਸੇਫਟੀ ਐਕਟ ਤਹਿਤ ਪਨੀਰ ਨਿਰਮਾਤਾ ਖ਼?ਲਾਫ਼ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਡੀ. ਐੱਚ. ਓ. ਨੇ ਦੱਸਿਆ ਕਿ ਇਸ ਤੋਂ ਇਲਾਵਾ ਮਜੀਠਾ ਰੋਡ 'ਤੇ ਸਥਿਤ ਹੋਰ ਡੇਅਰੀਆਂ ਦੀ ਵੀ ਜਾਂਚ ਕੀਤੀ ਗਈ ਹੈ। ਜ਼ਿਲਾ ਸਿਹਤ ਅਧਿਕਾਰੀ ਡਾ. ਮਨਜੀਤ ਸਿੰਘ ਰਟੌਲ ਅਨੁਸਾਰ ਸਿਹਤ ਵਿਭਾਗ ਵੱਲੋਂ ਨਕਲੀ ਪਨੀਰ ਦੀ ਤਿਆਰੀ, ਭੰਡਾਰਨ, ਢੋਆ-ਢੁਆਈ, ਵੰਡ ਅਤੇ ਵਿਕਰੀ 'ਤੇ ਰੋਕ ਸਬੰਧੀ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਇਸ ਤੋਂ ਬਾਅਦ ਜ਼ਿਲੇ 'ਚ ਪਨੀਰ ਦੀ ਗੁਣਵੱਤਾ ਨੂੰ ਲੈ ਕੇ ਜਾਂਚ ਮੁਹਿੰਮ ਤੇਜ਼ ਕੀਤੀ ਜਾ ਰਹੀ ਹੈ। ਜ਼ਿਲਾ ਸਿਹਤ ਅਧਿਕਾਰੀ ਡਾ. ਮਨਜੀਤ ਸਿੰਘ ਰਟੌਲ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ ਕਿ ਪਨੀਰ ਦੇ ਨਾਮ 'ਤੇ ਗੈਰ-ਮਿਆਰੀ ਜਾਂ ਗੈਰ-ਦੁੱਧੀ ਉਤਪਾਦ ਵੇਚ ਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਵਿਭਾਗ ਵੱਲੋਂ ਪਨੀਰ ਬਣਾਉਣ ਵਾਲੀਆਂ ਇਕਾਈਆਂ, ਡੇਅਰੀਆਂ, ਥੋਕ ਵਿਕਰੇਤਾਵਾਂ, ਵੰਡਕਾਰਾਂ, ਪ੍ਰਚੂਨ ਦੁਕਾਨਦਾਰਾਂ, ਕੋਲਡ ਸਟੋਰੇਜ ਅਤੇ ਗੋਦਾਮਾਂ ਦੀ ਜਾਂਚ ਕੀਤੀ ਜਾਵੇਗੀ। ਇਸ ਤੋਂ ਇਲਾਵਾ ਪਨੀਰ ਦੀ ਢੋਆ-ਢੁਆਈ ਕਰਨ ਵਾਲੇ ਵਾਹਨਾਂ ਦੀ ਵੀ ਜਾਂਚ ਕੀਤੀ ਜਾ ਸਕਦੀ ਹੈ। ਜਿੱਥੇ ਵੀ ਨਿਯਮਾਂ ਦੀ ਉਲੰਘਣਾ ਮਿਲੇਗੀ, ਉਥੇ ਸੈਂਪਲ ਲੈ ਕੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਸਿਹਤ ਵਿਭਾਗ ਦੀ ਨਿਗਰਾਨੀ ਸਿਰਫ਼ ਡੇਅਰੀਆਂ ਤੱਕ ਸੀਮਤ ਨਹੀਂ ਰਹੇਗੀ। ਹੋਟਲਾਂ, ਰੈਸਟੋਰੈਂਟਾਂ, ਢਾਬਿਆਂ, ਖਾਣ-ਪੀਣ ਵਾਲੇ ਅਦਾਰਿਆਂ ਅਤੇ ਸੰਸਥਾਗਤ ਰਸੋਈਆਂ 'ਚ ਵਰਤੇ ਜਾ ਰਹੇ ਪਨੀਰ ਦੀ ਵੀ ਜਾਂਚ ਕੀਤੀ ਜਾਵੇਗੀ। ਅਧਿਕਾਰੀ ਇਹ ਵੀ ਜਾਂਚਣਗੇ ਕਿ ਸਬੰਧਤ ਅਦਾਰਾ ਪਨੀਰ ਕਿੱਥੋਂ ਖਰੀਦ ਰਿਹਾ ਹੈ ਅਤੇ ਉਸ ਦੀ ਖਰੀਦ ਨਾਲ ਸਬੰਧਤ ਰਿਕਾਰਡ ਮੌਜੂਦ ਹੈ ਜਾਂ ਨਹੀਂ। ਵਿਭਾਗ ਦਾ ਮੰਨਣਾ ਹੈ ਕਿ ਗੈਰ-ਮਿਆਰੀ ਪਨੀਰ ਦੀ ਵਿਕਰੀ ਰੋਕਣ ਲਈ ਸਿਰਫ਼ ਉਤਪਾਦਕਾਂ ਦੀ ਜਾਂਚ ਕਾਫ਼ੀ ਨਹੀਂ। ਇਸ ਲਈ ਪਨੀਰ ਦੀ ਪੂਰੀ ਸਪਲਾਈ ਲੜੀ 'ਤੇ ਨਜ਼ਰ ਰੱਖੀ ਜਾਵੇਗੀ। ਸਿਵਲ ਸਰਜਨ ਡਾ. ਰਸ਼ਮੀ ਵਿਜ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪਨੀਰ ਖਰੀਦਣ ਸਮੇਂ ਇਸ ਦੀ ਗੁਣਵੱਤਾ, ਪੈਕਿੰਗ ਅਤੇ ਸਰੋਤ ਬਾਰੇ ਪੂਰੀ ਜਾਣਕਾਰੀ ਲੈਣ। ਜੇਕਰ ਕਿਸੇ ਦੁਕਾਨ, ਹੋਟਲ, ਰੈਸਟੋਰੈਂਟ ਜਾਂ ਹੋਰ ਖੁਰਾਕੀ ਅਦਾਰੇ 'ਚ ਸ਼ੱਕੀ ਗੁਣਵੱਤਾ ਵਾਲਾ ਪਨੀਰ ਵਿਕਦਾ ਨਜ਼ਰ ਆਵੇ ਤਾਂ ਇਸ ਦੀ ਸੂਚਨਾ ਸਿਹਤ ਵਿਭਾਗ ਨੂੰ ਦਿੱਤੀ ਜਾਵੇ। ਸਿਹਤ ਵਿਭਾਗ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਲਈ ਕੋਈ ਨਰਮੀ ਨਹੀਂ ਵਰਤੀ ਜਾਵੇਗੀ। ਮਜੀਠਾ ਰੋਡ 'ਤੇ 70 ਕਿਲੋ ਪਨੀਰ ਦੀ ਜ਼ਬਤੀ ਅਤੇ ਸੈਂਪਲਿੰਗ ਨੂੰ ਇਸ ਮੁਹਿੰਮ ਦੀ ਅਹਿਮ ਕਾਰਵਾਈ ਵਜੋਂ ਦੇਖਿਆ ਜਾ ਰਿਹਾ ਹੈ। ਹੁਣ ਸਾਰੀਆਂ ਨਜ਼ਰਾਂ ਸਟੇਟ ਫੂਡ ਲੈਬ, ਖਰਾਰ ਦੀ ਰਿਪੋਰਟ 'ਤੇ ਟਿਕੀਆਂ ਹਨ, ਜਿਸ ਤੋਂ ਬਾਅਦ ਪਨੀਰ ਨਿਰਮਾਤਾ ਖ਼?ਲਾਫ਼ ਅਗਲੀ ਕਾਨੂੰਨੀ ਕਾਰਵਾਈ ਦਾ ਰਾਹ ਤੈਅ ਹੋਵੇਗਾ।

# ਮਲੇਰੀਆ ਦੀ ਦਵਾਈ ਖਾਣ ਮਗਰੋਂ ਕੁੜੀ ਦੀ ਮੌਤ, 71 ਲੋਕਾਂ ਨੂੰ ਦਿੱਤੀ ਸੀ ਦਵਾਈ

ਪੋਲਾਵਰਮ 7 ਸਤੰਬਰ। ਆਂਧਰਾ ਪ੍ਰਦੇਸ਼ ਦੇ ਪੋਲਾਵਰਮ ਜ਼ਿਲ੍ਹੇ ਦੇ ਗੋਲਾਗੁੱਪਾ ਪਿੰਡ 'ਚ ਮਲੇਰੀਆ ਵਿਰੋਧੀ ਦਵਾਈ ਜਿਹੜੇ 71 ਲੋਕਾਂ ਨੂੰ ਦਿੱਤੀ ਗਈ ਸੀ, ਉਨ੍ਹਾਂ 'ਚੋਂ 7 ਸਾਲਾ ਇਕ ਕੁੜੀ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਤੋਂ ਬਾਅਦ ਰਾਜ ਦੇ ਸਿਹਤ ਵਿਭਾਗ ਦੇ ਸੀਨੀਅਰ ਅਧਿਕਾਰੀ ਪਿੰਡ ਦੀ ਸਥਿਤੀ 'ਤੇ ਕਰੀਬੀ ਨਜ਼ਰ ਰੱਖ ਰਹੇ ਹਨ। ਵਿਭਾਗ ਦੇ ਸੀਨੀਅਰ ਅਧਿਕਾਰੀਆਂ ਅਨੁਸਾਰ, ਮਲੇਰੀਆ ਦੀ ਰੋਕਥਾਮ ਅਤੇ ਨਿਗਰਾਨੀ ਦੇ ਅਧੀਨ ਸਿਹਤ ਟੀਮਾਂ ਨੇ ਇਕ ਸਤੰਬਰ ਨੂੰ ਗੋਲਾਗੁੱਪਾ 'ਚ ਬੁਖਾਰ ਦੀ ਜਾਂਚ, ਤੁਰੰਤ ਜਾਂਚ (ਆਰਡੀਟੀ), ਮੈਡੀਕਲ ਕੈਂਪ ਅਤੇ ਸਕੂਲਾਂ 'ਚ ਵੀ ਜਾਂਚ ਕੀਤੀ। ਇਸ ਦੌਰਾਨ 74 ਲੋਕਾਂ ਦੀ ਜਾਂਚ ਕੀਤੀ ਗਈ। ਇਨ੍ਹਾਂ 'ਚੋ ਜਿਹੜੇ ਤਿੰਨ ਲੋਕਾਂ ਨੂੰ ਬੁਖ਼ਾਰ ਸੀ, ਉਨ੍ਹਾਂ ਨੂੰ ਮਲੇਰੀਆ ਦੇ ਇਲਾਜ ਦੀ ਦਵਾਈ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਜਾਂਚ ਤੋਂ ਬਾਅਦ 71 ਲੋਕਾਂ ਨੂੰ ਭੋਜਨ ਤੋਂ ਬਾਅਦ 300 ਮਿਲੀਗ੍ਰਾਮ ਕਲੋਰੋਕਵੀਨ ਦੀ ਖੁਰਾਕ ਦਿੱਤੀ ਗਈ।



ਇਹ ਦਵਾਈ ਮਲੇਰੀਆ ਦੇ ਬਚਾਅ ਲਈ ਦਿੱਤੀ ਗਈ ਸੀ। ਗਰਭਵਤੀ ਅਤੇ ਬ੍ਰੈਸਟ ਫੀਡਿੰਗ ਕਰਵਾਉਣ ਵਾਲੀਆਂ ਔਰਤਾਂ ਨੂੰ ਇਹ ਦਵਾਈ ਨਹੀਂ ਦਿੱਤੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਦਵਾਈ ਦੇਣ ਤੋਂ ਬਾਅਦ ਸਿਹਤ ਟੀਮਾਂ ਪਿੰਡ 'ਚ ਹੀ ਰਹੀਆਂ ਅਤੇ ਲੋਕਾਂ ਦੀ ਨਿਗਰਾਨੀ ਕਰਦੀਆਂ ਰਹੀਆਂ। ਸਿਹਤ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਕਲੋਰੋਕਵੀਨ ਦਿੱਤੇ ਜਾਣ ਦੇ ਕਰੀਬ ਢਾਈ ਘੰਟਿਆਂ ਬਾਅਦ 7 ਸਾਲਾ ਕੁੜੀ ਦੀ ਹਾਲਤ ਵਿਗੜ ਗਈ, ਜਿਸ ਤੋਂ ਬਾਅਦ ਉਸ ਨੂੰ ਲਕਸ਼ਮੀਪੁਰਮ ਪ੍ਰਾਇਮਰੀ ਸਿਹਤ ਕੇਂਦਰ (ਪੀਐੱਚਸੀ) ਲਿਜਾਇਆ ਗਿਆ। ਉੱਥੇ ਜ਼ਰੂਰੀ ਇਲਾਜ ਤੋਂ ਬਾਅਦ ਕੁੜੀ ਨੂੰ ਖੇਤਰੀ ਹਸਪਤਾਲ ਭੇਜਿਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀਆਂ ਨੇ ਕਿਹਾ ਕਿ ਇਸ ਦੀ ਪੁਸ਼ਟੀ ਨਹੀਂ ਹੋਈ ਹੈ ਕਿ ਕੁੜੀ ਦੀ ਮੌਤ ਦਾ ਕਾਰਨ ਕਲੋਰੋਕਵੀਨ ਹੈ। ਮੌਤ ਦੀ ਸਹੀ ਵਜ?ਹਾ ਦਾ ਪਤਾ ਲਗਾਉਣ ਲਈ ਮੈਡੀਕਲ, ਪ੍ਰਯੋਗਸ਼ਾਲਾ ਅਤੇ ਮਾਹਿਰਾਂ ਦੀ ਮਦਦ ਨਾਲ ਵਿਸਤ੍ਰਿਤ ਜਾਂਚ ਕੀਤੀ ਜਾ ਰਹੀ ਹੈ।

## ਪੰਜਾਬ 'ਚੋਂ ਮਿਲਿਆ 600 ਕਿੱਲੋ ਨਕਲੀ ਪਨੀਰ ! ਪੁਲਸ ਨੇ ਗ੍ਰਿਫ਼ਤਾਰ ਕੀਤਾ ਮੁਲਜ਼ਮ

ਬਰਨਾਲਾ 7 ਸਤੰਬਰ। ਥਾਣਾ ਸਿਟੀ-2 ਬਰਨਾਲਾ ਦੀ ਪੁਲਸ ਨੇ ਗਸ਼ਤ ਦੌਰਾਨ ਮਿਲੀ ਗੁਪਤ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ 600 ਕਿੱਲੋਗ੍ਰਾਮ ਡੁਪਲੀਕੇਟ ਪਨੀਰ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਪੁਲਸ ਨੇ ਮੁਲਜ਼ਮ ਕੋਲੋਂ ਪਨੀਰ ਦੀ ਢੋਆ-ਢੁਆਈ ਲਈ ਵਰਤੀ ਜਾ ਰਹੀ ਪਿਕਅੱਪ ਗੱਡੀ ਵੀ ਕਬਜ਼ੇ 'ਚ ਲਈ ਹੈ। ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਗੁਰਤੇਜ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਇਲਾਕੇ 'ਚ ਗਸ਼ਤ ਕਰ ਰਹੀ ਸੀ। ਇਸ ਦੌਰਾਨ ਪੁਲਸ ਨੂੰ ਇਕ ਮੁਖਬਰ ਨੇ ਸੂਚਨਾ ਦਿੱਤੀ ਕਿ ਇਕ ਵਿਅਕਤੀ ਡੁਪਲੀਕੇਟ ਪਨੀਰ ਲੈ ਕੇ ਪਿਕਅੱਪ ਗੱਡੀ 'ਚ ਸੰਗਰੂਰ ਤੋਂ ਬਰਨਾਲਾ ਵੱਲ ਆ ਰਿਹਾ ਹੈ। ਸੂਚਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਪੁਲਸ ਨੇ ਬਾਹੱਦ ਸੰਗਰੂਰ ਤੋਂ ਬਰਨਾਲਾ ਵੱਲ ਪੈਂਦੇ ਮਹਿੰਦਰਾ ਪਿਕਅੱਪ ਨੰਬਰ ਐੱਚ. ਆਰ.-62ਏ-8403 ਨੂੰ ਰੋਕ ਕੇ ਤਲਾਸ਼ੀ ਲਈ। ਗੱਡੀ 'ਚੋਂ 600 ਕਿਲੋਗ੍ਰਾਮ ਡੁਪਲੀਕੇਟ ਪਨੀਰ ਬਰਾਮਦ ਹੋਇਆ। ਪੁਲਸ ਨੇ ਗੱਡੀ 'ਚ ਸਵਾਰ ਮੁਲਜ਼ਮ ਗੁਰਵਿੰਦਰ ਸਿੰਘ ਪੁੱਤਰ ਭੁਪਿੰਦਰ ਸਿੰਘ ਵਾਸੀ ਬਖੋਰਾ ਕਲਾਂ, ਜ਼ਿਲਾ ਸੰਗਰੂਰ ਨੂੰ ਕਾਬੂ ਕਰ ਲਿਆ। ਪੁਲਸ ਨੇ ਬਰਾਮਦ ਪਨੀਰ ਤੇ ਪਿਕਅੱਪ ਗੱਡੀ ਨੂੰ ਕਬਜ਼ੇ 'ਚ ਲੈ ਕੇ ਮੁਲਜ਼ਮ ਖਿਲਾਫ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸ਼ਰੋਮਣੀ ਕਮੇਟੀ ਵੱਲੋਂ ਨੇਪਾਲ ਵਿਖੇ ਹੜ੍ਹ ਪੀੜਤਾਂ ਲਈ ਲੰਗਰ ਸੇਵਾ ਦੀ ਕੀਤੀ ਸ਼ੁਰੂਆਤ

ਅੰਮ੍ਰਿਤਸਰ/ਜੈਤੋ 7 ਸਤੰਬਰ। ਨੇਪਾਲ ਵਿਚ ਆਈ ਕੁਦਰਤੀ ਆਫ਼ਤ ਕਾਰਨ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਲੋਕਾਂ ਦੀ ਮਦਦ ਲਈ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਨੁੱਖਤਾ ਦੀ ਸੇਵਾ ਤਹਿਤ ਲੰਗਰ ਅਤੇ ਰਾਹਤ ਕਾਰਜ ਆਰੰਭ ਕਰ ਦਿੱਤੇ ਗਏ ਹਨ। ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਬੀਤੇ ਦਿਨਾਂ ਤੋਂ ਇਕ ਵਫ਼ਦ ਨੇਪਾਲ ਪੁੱਜਾ ਹੋਇਆ ਹੈ, ਜਿਸ ਵਿਚ ਸ਼?ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਗੁਰਚਰਨ ਸਿੰਘ ਗਰੇਵਾਲ, ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਮੀਤ ਸਕੱਤਰ ਅਜਾਦ ਦੀਪ ਸਿੰਘ ਸ਼ਾਮਲ ਹਨ। ਨੇਪਾਲ ਤੋਂ ਜਾਣਕਾਰੀ ਦਿੰਦਿਆਂ ਸ਼?ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਸ਼?ਰੋਮਣੀ ਕਮੇਟੀ




ਵੱਲੋਂ ਅੱਜ ਲੰਗਰ ਦਾ ਪਹਿਲਾ ਟਰੱਕ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਭੇਜਿਆ ਗਿਆ ਹੈ ਅਤੇ ਅਗਲੇ ਦਿਨਾਂ ਵਿਚ ਹੜ੍ਹ ਪੀੜਤ ਪਰਿਵਾਰਾਂ ਤੱਕ ਰਾਹਤ ਸਮੱਗਰੀ ਪਹੁੰਚਾਉਣ ਦਾ ਉਪਰਾਲਾ ਵੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼?ਰੋਮਣੀ ਕਮੇਟੀ ਵਫ਼ਦ ਵੱਲੋਂ ਬੀਤੇ ਦਿਨੀਂ ਸਰਕਾਰ ਨਾਲ ਕੀਤੀ ਗੱਲਬਾਤ ਦੌਰਾਨ ਮਨੁੱਖਤਾ ਦੀ ਸੇਵਾ ਲਈ ਨੇਪਾਲ ਆਉਣ ਵਾਲੀਆਂ ਸੰਸਥਾਵਾਂ ਅਤੇ ਲੋਕਾਂ ਨੂੰ ਸਰਹੱਦ ਤੋਂ ਰਾਹਤ ਸਮੱਗਰੀ ਲਿਆਉਣ ਦੀ ਇਜਾਜ਼ਤ ਦੇਣ ਸਬੰਧੀ ਸੁਝਾਅ ਦਿੱਤਾ ਸੀ, ਜਿਸ ਨੂੰ ਨੇਪਾਲ ਸਰਕਾਰ ਵੱਲੋਂ ਪ੍ਰਵਾਨ ਕਰ ਲਿਆ ਗਿਆ ਹੈ। ਇਸ ਸਹਿਯੋਗ ਅਤੇ ਸਹਿਮਤੀ ਤੋਂ ਬਾਅਦ ਅੱਜ ਹੜ੍ਹ ਪੀੜਤਾਂ ਲਈ ਲੰਗਰ ਸੇਵਾ ਸ਼ੁਰੂ ਕੀਤੀ ਗਈ ਹੈ। ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਪਹੁੰਚੇ ਸ਼?ਰੋਮਣੀ ਕਮੇਟੀ ਵਫ਼ਦ ਅਤੇ ਸੇਵਾਦਾਰਾਂ ਦਾ ਸਥਾਨਕ ਲੋਕਾਂ ਵੱਲੋਂ ਧੰਨਵਾਦ ਕੀਤਾ ਗਿਆ। ਲੋਕਾਂ ਨੇ ਕਿਹਾ ਕਿ ਕੁਦਰਤੀ ਆਫ਼ਤ ਦੀ ਇਸ ਔਖੀ ਘੜੀ ਵਿਚ ਲੰਗਰ ਅਤੇ ਰਾਹਤ ਸਮੱਗਰੀ ਉਨ੍ਹਾਂ ਲਈ ਵੱਡਾ ਸਹਾਰਾ ਹੈ। ਸ਼?ਰੋਮਣੀ ਕਮੇਟੀ ਵੱਲੋਂ ਕੀਤੀਆਂ ਜਾ ਰਹੀਆਂ ਰਾਹਤ ਸੇਵਾਵਾਂ ਵਿਚ ਨੇਪਾਲ ਵੱਸਦੇ ਪ੍ਰੀਤਮ ਸਿੰਘ, ਅੰਗਦ ਸਿੰਘ, ਹਰਪਾਲ ਸਿੰਘ ਪਾਲੀ ਅਤੇ ਸਥਾਨਕ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਵੱਲੋਂ ਵੀ ਵਿਸ਼ੇਸ਼ ਸਹਿਯੋਗ ਕੀਤਾ ਜਾ ਰਿਹਾ ਹੈ।

# ਮਹਿੰਗੇ ਆਂਡਿਆਂ ਕਾਰਨ ਘਟੀ ਖ਼ਰੀਦਦਾਰੀ, ਸਰਵੇਖਣ 'ਚ 90 ਫ਼ੀਸਦੀ ਪਰਿਵਾਰਾਂ ਨੂੰ ਮਿਲਾਵਟ ਦੀ ਚਿੰਤਾ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 7 ਸਤੰਬਰ। ਦੇਸ਼ ਵਿੱਚ ਵਧਦੀਆਂ ਅੰਡੇ ਦੀਆਂ ਕੀਮਤਾਂ ਦਾ ਪ੍ਰਭਾਵ ਹੁਣ ਖਪਤਕਾਰਾਂ ਦੀਆਂ ਖਰੀਦਾਂ 'ਤੇ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਿਹਾ ਹੈ। ਲੋਕਲ ਸਰਕਲਜ਼ ਦੇ ਇੱਕ ਸਰਵੇਖਣ ਅਨੁਸਾਰ, 48 ਪ੍ਰਤੀਸ਼ਤ ਅੰਡੇ ਖਰੀਦਣ ਵਾਲੇ ਪਰਿਵਾਰਾਂ ਨੇ ਕੀਮਤ ਵਾਧੇ ਤੋਂ ਬਾਅਦ ਖਰੀਦਦਾਰੀ ਦੀ ਮਾਤਰਾ ਜਾਂ ਬਾਰੰਬਾਰਤਾ ਘਟਾ ਦਿੱਤੀ ਹੈ। ਇਸ ਦੌਰਾਨ, 10 ਪ੍ਰਤੀਸ਼ਤ ਨੇ ਸਸਤੇ ਵਿਕਲਪਾਂ ਜਾਂ ਹੋਰ ਸਰੋਤਾਂ ਤੋਂ ਆਂਡੇ ਖਰੀਦਣੇ ਸ਼ੁਰੂ ਕਰ ਦਿੱਤੇ ਹਨ। 37 ਪ੍ਰਤੀਸ਼ਤ ਪਰਿਵਾਰਾਂ ਨੇ ਕੀਮਤ ਵਾਧੇ ਦੇ ਬਾਵਜੂਦ ਉਹੀ ਮਾਤਰਾ ਵਿੱਚ ਖਰੀਦਦਾਰੀ ਜਾਰੀ ਰੱਖੀ। ਸਰਵੇਖਣ ਕੀਤੇ ਗਏ 62 ਪ੍ਰਤੀਸ਼ਤ ਪਰਿਵਾਰਾਂ ਨੇ ਦੱਸਿਆ ਕਿ ਪਿਛਲੇ ਛੇ ਮਹੀਨਿਆਂ ਵਿੱਚ ਅੰਡੇ ਦੀਆਂ ਕੀਮਤਾਂ ਵਿੱਚ 10 ਤੋਂ 50 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਇਨ੍ਹਾਂ ਵਿੱਚੋਂ, 31 ਪ੍ਰਤੀਸ਼ਤ ਨੇ ਕੀਮਤ 10-25 ਪ੍ਰਤੀਸ਼ਤ ਅਤੇ ਇੰਨੇ ਹੀ ਲੋਕਾਂ ਨੇ 25-50 ਪ੍ਰਤੀਸ਼ਤ ਤੱਕ ਕੀਮਤ ਵਧਣ ਦੀ ਗੱਲ ਕਹੀ। 22 ਪ੍ਰਤੀਸ਼ਤ ਨੇ 10 ਪ੍ਰਤੀਸ਼ਤ ਤੱਕ ਦਾ ਵਾਧਾ ਦੱਸਿਆ। ਕੁੱਲ 84 ਪ੍ਰਤੀਸ਼ਤ ਲੋਕਾਂ ਨੇ



ਕੀਮਤ ਵਿੱਚ ਕਿਸੇ ਨਾ ਕਿਸੇ ਪੱਧਰ ਦੇ ਵਾਧੇ ਦੀ ਰਿਪੋਰਟ ਕੀਤੀ। ਆਂਡੇ ਦੀਆਂ ਕੀਮਤਾਂ ਵਿੱਚ ਵਾਧੇ ਪਿੱਛੇ ਪੋਲਟਰੀ ਫੀਡ ਦੀ ਲਾਗਤ ਨੂੰ ਇੱਕ ਵੱਡਾ ਕਾਰਕ ਮੰਨਿਆ ਜਾਂਦਾ ਹੈ। ਆਂਡੇ ਉਤਪਾਦਨ ਦੀ ਕੁੱਲ ਲਾਗਤ ਦਾ ਲਗਭਗ 65-70 ਪ੍ਰਤੀਸ਼ਤ ਫੀਡ ਦਾ ਬਣਦਾ ਹੈ। ਖਾਸ ਕਰਕੇ ਮੱਕੀ ਦੀਆਂ ਵਧਦੀਆਂ ਕੀਮਤਾਂ ਨੇ ਪੋਲਟਰੀ ਉਦਯੋਗ ਦੀਆਂ ਲਾਗਤਾਂ 'ਤੇ ਦਬਾਅ ਵਧਾ ਦਿੱਤਾ ਹੈ। ਈਥਾਨੌਲ ਉਤਪਾਦਨ ਵਿੱਚ ਮੱਕੀ ਦੀ ਵੱਧਦੀ ਵਰਤੋਂ ਨੇ ਇਸਦੀ ਉਪਲਬਧਤਾ ਅਤੇ ਕੀਮਤ ਬਾਰੇ ਚਿੰਤਾਵਾਂ ਵਧਾ ਦਿੱਤੀਆਂ ਹਨ। ਇਹ ਵਧਦੀ ਫੀਡ ਲਾਗਤ ਸਿੱਧੇ ਤੌਰ 'ਤੇ ਪੋਲਟਰੀ ਕਿਸਾਨਾਂ ਅਤੇ ਅੰਤ ਵਿੱਚ ਅੰਡਿਆਂ ਦੀ ਪ੍ਰਚੂਨ ਕੀਮਤ 'ਤੇ ਪ੍ਰਭਾਵ ਪਾ ਰਹੀ ਹੈ। ਵਧਦੀਆਂ ਕੀਮਤਾਂ ਦੇ ਨਾਲ, ਅੰਡੇ ਦੀ ਗੁਣਵੱਤਾ ਬਾਰੇ ਖਪਤਕਾਰਾਂ ਦੀਆਂ ਚਿੰਤਾਵਾਂ ਵੀ ਉਭਰ ਕੇ ਸਾਹਮਣੇ ਆਈਆਂ ਹਨ। ਸਰਵੇਖਣ ਵਿੱਚ, 70 ਪ੍ਰਤੀਸ਼ਤ ਘਰਾਂ ਨੇ ਅੰਡੇ ਦੀ ਮਿਲਾਵਟ ਬਾਰੇ ਬਹੁਤ ਜ਼ਿਆਦਾ ਚਿੰਤਾ ਪ੍ਰਗਟ ਕੀਤੀ, ਜਦੋਂ ਕਿ 20 ਪ੍ਰਤੀਸ਼ਤ ਕੁਝ ਹੱਦ ਤੱਕ ਚਿੰਤਤ ਸਨ। ਇਸ ਤਰ੍ਹਾਂ, ਕੁੱਲ 90 ਪ੍ਰਤੀਸ਼ਤ ਖਪਤਕਾਰਾਂ ਨੇ ਅੰਡੇ ਦੀ ਮਿਲਾਵਟ ਬਾਰੇ ਚਿੰਤਾ ਪ੍ਰਗਟ ਕੀਤੀ। ਦਸੰਬਰ 2025 ਵਿੱਚ, ਇੱਕ ਖਪਤਕਾਰ ਸੰਗਠਨ ਦੁਆਰਾ ਕੀਤੇ ਗਏ ਇੱਕ ਲੈਬ ਟੈਸਟ ਵਿੱਚ ਇੱਕ ਬ੍ਰਾਂਡੇਡ ਅੰਡੇ ਦੇ ਨਮੂਨੇ ਵਿੱਚ ਨਾਈਟ?ਰੋਫੁਰਾਨ ਮੈਟਾਬੋਲਾਈਟਸ ਦੇ ਨਿਸ਼ਾਨ ਸਾਹਮਣੇ ਆਏ। ਇਸ ਤੋਂ ਬਾਅਦ, ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਨੇ ਦੇਸ਼ ਭਰ ਵਿੱਚ ਅੰਡਿਆਂ ਦੀ ਨਿਗਰਾਨੀ ਅਤੇ ਜਾਂਚ ਦਾ ਆਦੇਸ਼ ਦਿੱਤਾ। ਹਾਲਾਂਕਿ, ਬਾਅਦ ਵਿੱਚ ਸਪੱਸ਼ਟ ਕੀਤਾ ਕਿ ਅੰਡੇ ਸੁਰੱਖਿਅਤ ਹਨ ਅਤੇ ਅੰਡਿਆਂ ਨੂੰ ਕੈਂਸਰ ਨਾਲ ਜੋੜਨ ਦੇ ਦਾਅਵੇ ਵਿਗਿਆਨਕ ਤੌਰ 'ਤੇ ਬੇਬੁਨਿਆਦ ਹਨ। ਕੀਮਤ, ਗੁਣਵੱਤਾ ਅਤੇ ਭੋਜਨ ਸੁਰੱਖਿਆ ਬਾਰੇ ਖਪਤਕਾਰਾਂ ਦੀਆਂ ਚਿੰਤਾਵਾਂ ਇਸ ਸਮੇਂ ਚਰਚਾ ਦਾ ਵਿਸ਼ਾ ਹਨ।

# ਸੰਗਰੂਰ ਵਿਚ 'ਆਪ' ਦੇ ਕੌਂਸਲਰ ਅਤੇ ਸੀਨੀਅਰ ਅਕਾਲੀ ਆਗੂ ਭਾਜਪਾ ਵਿਚ ਸ਼ਾਮਲ

**ਕੌਮੀ ਪਤ੍ਰਿਕਾ**

ਚੰਡੀਗੜ੍ਹ 7 ਸਤੰਬਰ। ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਨੂੰ ਉਸ ਸਮੇਂ ਵੱਡੀ ਮਜ਼ਬੂਤੀ ਮਿਲੀ, ਜਦੋਂ ਸੰਗਰੂਰ ਵਿਚ ਆਮ ਆਦਮੀ ਪਾਰਟੀ (ਆਪ) ਦੇ ਮੌਜੂਦਾ ਕੌਂਸਲਰ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਇਕ ਸੀਨੀਅਰ ਆਗੂ ਅੱਜ ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਸੂਬਾ ਜਨਰਲ ਸਕੱਤਰ ਜੀਵਨ ਗਰਗ ਦੀ ਮੌਜੂਦਗੀ ਵਿਚ ਭਾਜਪਾ ਵਿਚ ਸ਼ਾਮਲ ਹੋ ਗਏ। ਭਾਜਪਾ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਪਰਮਿੰਦਰ ਸਿੰਘ (ਪਿੰਕੀ), ਵਾਰਡ ਨੰਬਰ 26 ਤੋਂ ਮੌਜੂਦਾ ਨਗਰ ਕੌਂਸਲਰ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਉਪ ਪ੍ਰਧਾਨ ਅਤੇ 'ਆਪ' ਦੇ ਪੱਛੜੀਆਂ ਸ਼੍ਰੇਣੀਆਂ (ਬੀਸੀ) ਵਿੰਗ ਦੇ ਸਾਬਕਾ ਅਹੁਦੇਦਾਰ; ਹਰਪ੍ਰੀਤ ਸਿੰਘ ਸੇਖੋਂ, ਵਾਰਡ ਨੰਬਰ 24, ਸੰਗਰੂਰ ਤੋਂ ਮੌਜੂਦਾ ਨਗਰ ਕੌਂਸਲਰ; ਅਤੇ ਲਲਿਤ ਗਰਗ, ਸਾਬਕਾ ਸੀਨੀਅਰ ਅਕਾਲੀ ਆਗੂ, ਸਾਬਕਾ 'ਆਪ' ਜ਼ਿਲ੍ਹਾ ਪੱਧਰੀ ਆਗੂ, ਅਗਰਵਾਲ ਸਭਾ ਦੇ ਉਪ ਪ੍ਰਧਾਨ ਅਤੇ ਟਰੇਡ ਵਿੰਗ, ਸੰਗਰੂਰ ਦੇ ਸਕੱਤਰ ਸ਼ਾਮਲ ਹਨ। ਨਵੇਂ ਸਾਥੀਆਂ ਦਾ ਭਾਜਪਾ ਵਿਚ ਸਵਾਗਤ ਕਰਦਿਆਂ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਇਨ੍ਹਾਂ ਆਗੂਆਂ ਦੇ ਭਾਜਪਾ ਵਿਚ ਸ਼ਾਮਲ ਹੋਣ ਨਾਲ ਜ਼ਮੀਨੀ ਪੱਧਰ ਦੇ ਆਗੂਆਂ ਦਾ ਭਾਜਪਾ ਦੀ ਲੀਡਰਸ਼ਿਪ ਅਤੇ ਨੀਤੀਆਂ ਪ੍ਰਤੀ ਵੱਧ ਰਿਹਾ ਭਰੋਸਾ ਸਪੱਸ਼ਟ ਹੁੰਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਪੰਜਾਬ ਵਿਚ ਇੱਕ ਮਜ਼ਬੂਤ ਸਿਆਸੀ ਬਦਲ ਵਜੋਂ ਉੱਭਰ ਰਹੀ ਹੈ ਅਤੇ ਵੱਖ-ਵੱਖ ਸਿਆਸੀ ਪਿਛੋਕੜਾਂ ਨਾਲ ਸਬੰਧਤ ਆਗੂ ਪਾਰਟੀ ਸੰਗਠਨ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਭਾਜਪਾ ਨਾਲ ਜੁੜ ਰਹੇ ਹਨ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਭਾਜਪਾ ਉਨ੍ਹਾਂ ਤਜ਼ਰਬੇਕਾਰ ਆਗੂਆਂ ਅਤੇ ਲੋਕ ਨੁਮਾਇੰਦਿਆਂ ਦਾ ਸਵਾਗਤ ਕਰਦੀ ਹੈ, ਜੋ ਇਕ ਮਜ਼ਬੂਤ, ਖੁਸ਼ਹਾਲ ਅਤੇ ਵਿਕਸਤ ਪੰਜਾਬ ਦੇ ਨਿਰਮਾਣ ਵਿਚ ਯੋਗਦਾਨ ਪਾਉਣ ਲਈ ਵਚਨਬੱਧ




ਹਨ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਨਵੇਂ ਸ਼ਾਮਲ ਹੋਏ ਆਗੂਆਂ ਦਾ ਤਜ਼ਰਬਾ ਅਤੇ ਲੋਕਾਂ ਨਾਲ ਉਨ੍ਹਾਂ ਦਾ ਮਜ਼ਬੂਤ ਜੁੜਾਅ ਸੰਗਰੂਰ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਭਾਜਪਾ ਸੰਗਠਨ ਨੂੰ ਹੋਰ ਮਜ਼ਬੂਤ ਕਰੇਗਾ। ਭਾਜਪਾ ਵਿਚ ਸ਼ਾਮਲ ਹੋਏ ਆਗੂਆਂ ਨੇ ਪਾਰਟੀ ਦੀ ਲੀਡਰਸ਼ਿਪ ਅਤੇ ਨੀਤੀਆਂ ਵਿਚ ਭਰੋਸਾ ਪ੍ਰਗਟਾਉਂਦਿਆਂ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਭਾਜਪਾ ਦੀ ਵਿਚਾਰਧਾਰਾ, ਨੀਤੀਆਂ ਤੇ ਪ੍ਰੋਗਰਾਮਾਂ ਨੂੰ ਪੰਜਾਬ ਦੇ ਲੋਕਾਂ ਤੱਕ ਪਹੁੰਚਾਉਣ ਲਈ ਸਮਰਪਿਤ ਭਾਵਨਾ ਨਾਲ ਕੰਮ ਕਰਨ ਦਾ ਸੰਕਲਪ ਲਿਆ।

# ਭਾਰਤੀ ਟਮਾਟਰ ਕਿਸਾਨਾਂ ਲਈ ਬਣਿਆ ਸੰਕਟਮੋਚਕ ! ਹਰ ਰੋਜ਼ ਮੰਡੀਆਂ 'ਚ ਵਿਕ ਰਹੇ 2 ਲੱਖ ਕਰੇਟ ਟਮਾਟਰ

ਨਵੀਂ ਦਿੱਲੀ 7 ਸਤੰਬਰ। ਇਨ੍ਹੀਂ ਦਿਨੀਂ ਟਮਾਟਰ ਦੀ ਕਟਾਈ ਦਾ ਪੀਕ ਸੀਜ਼ਨ ਚੱਲ ਰਿਹਾ ਹੈ, ਜਿਸ ਕਾਰਨ ਮੰਡੀਆਂ ਵਿੱਚ ਇਸ ਦੀ ਆਮਦ ਤੇਜ਼ੀ ਨਾਲ ਵਧ ਰਹੀ ਹੈ। ਨਾਸਿਕ ਜ਼ਿਲ੍ਹੇ ਦੀ ਪਿੰਪਲਗਾਂਵ ਖੇਤੀਬਾੜੀ ਮੰਡੀ ਕਮੇਟੀ ਵਿੱਚ ਟਮਾਟਰ ਦੀ ਆਮਦ ਸੀਜ਼ਨ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈ ਹੈ। 3 ਸਤੰਬਰ ਵੀਰਵਾਰ ਨੂੰ ਇੱਥੇ 1.85 ਲੱਖ ਕਰੇਟ ਟਮਾਟਰ ਦਾ ਕਾਰੋਬਾਰ ਹੋਇਆ, ਜਿਸ ਦਾ ਔਸਤ ਥੋਕ ਭਾਅ 411 ਰੁਪਏ ਪ੍ਰਤੀ ਕਰੇਟ ਰਿਹਾ। ਦੱਸਣਯੋਗ ਹੈ ਕਿ ਇੱਕ ਕਰੇਟ ਵਿੱਚ 20 ਕਿਲੋਗ੍ਰਾਮ ਟਮਾਟਰ ਹੁੰਦੇ ਹਨ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਮੰਡੀ ਵਿੱਚ 2.15 ਲੱਖ ਕਰੇਟ ਟਮਾਟਰ ਦੀ ਵਿਕਰੀ ਹੋਈ ਸੀ, ਜੋ ਇਸ ਸੀਜ਼ਨ ਦਾ ਸਭ ਤੋਂ ਉੱਚਾ ਪੱਧਰ ਦਰਜ ਕੀਤਾ ਗਿਆ। ਪਿਛਲੇ ਕੁਝ ਦਿਨਾਂ ਤੋਂ ਪਿੰਪਲਗਾਂਵ ਮੰਡੀ ਵਿੱਚ ਹਰ ਰੋਜ਼ 1.75 ਲੱਖ ਤੋਂ ਲੈ ਕੇ 2 ਲੱਖ ਕਰੇਟ ਤੱਕ ਟਮਾਟਰ ਪਹੁੰਚ ਰਹੇ ਹਨ। ਅਧਿਕਾਰੀਆਂ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਹ ਅੰਕੜਾ ਹੋਰ ਵੱਧ ਸਕਦਾ ਹੈ। ਪਿੰਪਲਗਾਂਵ APMC ਵਿੱਚ ਟਮਾਟਰ ਵਿਭਾਗ ਦੀ ਦੇਖ-ਰੇਖ ਕਰਨ ਵਾਲੇ ਇੱਕ ਅਧਿਕਾਰੀ ਨੇ ਦੱਸਿਆ ਕਿ ਇਨ੍ਹੀਂ ਦਿਨੀਂ ਰੋਜ਼ਾਨਾ 1.75 ਲੱਖ ਤੋਂ 2 ਲੱਖ ਕਰੇਟ ਤੱਕ ਟਮਾਟਰ ਦੀ ਆਮਦ ਹੋ ਰਹੀ ਹੈ। ਆਉਣ ਵਾਲੇ ਦਿਨਾਂ ਵਿੱਚ ਇਹ ਗਿਣਤੀ ਵਧ ਕੇ 3 ਲੱਖ ਕਰੇਟ ਤੱਕ ਵੀ ਪਹੁੰਚ ਸਕਦੀ ਹੈ। ਇੰਨੀ ਵੱਡੀ ਮਾਤਰਾ ਵਿੱਚ ਟਮਾਟਰ ਦੀ ਆਮਦ ਹੋਣ ਦੇ ਬਾਵਜੂਦ ਕੀਮਤਾਂ ਵਿੱਚ ਕੋਈ ਵੱਡਾ ਬਦਲਾਅ ਨਹੀਂ ਆਇਆ। ਇਸ ਦਾ ਕਾਰਨ ਘਰੇਲੂ ਬਾਜ਼ਾਰਾਂ ਦੇ ਨਾਲ-ਨਾਲ ਬਰਾਮਦ ਦੀ ਮੰਗ ਵੀ ਮਜ਼ਬੂਤ ਬਣੀ ਰਹਿਣਾ ਹੈ। ਆਮ ਤੌਰ 'ਤੇ ਜਦੋਂ ਮੰਡੀਆਂ ਵਿੱਚ ਕਿਸੇ ਫਸਲ ਦੀ ਆਮਦ ਵੱਧ ਜਾਂਦੀ ਹੈ ਤਾਂ ਉਸ ਦੇ ਭਾਅ ਘਟ ਜਾਂਦੇ ਹਨ। ਪਰ ਪਿੰਪਲਗਾਂਵ APMC ਵਿੱਚ ਕਿਸਾਨਾਂ ਨੂੰ ਪ੍ਰਤੀ ਕਰੇਟ 400 ਤੋਂ 500 ਰੁਪਏ ਤੱਕ ਦਾ ਭਾਅ ਮਿਲ ਰਿਹਾ ਹੈ। ਇੱਕ ਮੰਡੀ ਅਧਿਕਾਰੀ ਨੇ ਦੱਸਿਆ ਕਿ ਮੰਗ ਘਟਣ ਕਾਰਨ ਪਹਿਲਾਂ ਕੀਮਤਾਂ ਵਿੱਚ ਗਿਰਾਵਟ ਆਈ ਸੀ। ਕਰੀਬ ਦੋ ਹਫ਼ਤੇ ਪਹਿਲਾਂ ਔਸਤ ਭਾਅ ਘਟ ਕੇ 201 ਰੁਪਏ ਪ੍ਰਤੀ ਕਰੇਟ ਤੱਕ ਪਹੁੰਚ ਗਿਆ ਸੀ। ਅਧਿਕਾਰੀ ਮੁਤਾਬਕ, ਕਈ ਦੇਸ਼ਾਂ ਵਿੱਚ ਖਾਸ ਕਰਕੇ ਨੇਪਾਲ ਵਿੱਚ ਬਰਾਮਦ ਦੀ ਮੰਗ ਵਧਣ ਕਾਰਨ ਟਮਾਟਰ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਵੀਰਵਾਰ ਨੂੰ ਕਰੀਬ 2 ਲੱਖ ਕਰੇਟ ਟਮਾਟਰ ਦੀ ਨਿਲਾਮੀ ਲਗਭਗ 401 ਰੁਪਏ ਪ੍ਰਤੀ ਕਰੇਟ ਦੇ ਭਾਅ ਨਾਲ ਹੋਈ। ਉਨ੍ਹਾਂ ਕਿਹਾ ਕਿ ਜੇਕਰ ਮੰਗ ਅਤੇ ਸਪਲਾਈ ਵਿਚਕਾਰ ਸਹੀ ਸੰਤੁਲਨ ਬਣਿਆ ਰਹਿੰਦਾ ਹੈ ਤਾਂ ਆਉਣ ਵਾਲੇ ਦਿਨਾਂ ਵਿੱਚ ਟਮਾਟਰ ਉਤਪਾਦਕ ਕਿਸਾਨਾਂ ਨੂੰ ਹੋਰ ਵੀ ਵਧੀਆ ਕੀਮਤ ਮਿਲ ਸਕਦੀ ਹੈ।

# ਅੰਮ੍ਰਿਤਸਰ ਏਅਰਪੋਰਟ 'ਤੇ ਦੇਖੇ ਗਏ ਸ਼ੱਕੀ ਡਰੋਨਾਂ ਨੂੰ ਲੈ ਕੇ ਵੱਡਾ ਖੁਲਾਸਾ

ਅੰਮ੍ਰਿਤਸਰ 7 ਸਤੰਬਰ। ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਰਾਤ ਕਰੀਬ 10 ਵਜੇ ਰਨਵੇਅ ਨੇੜੇ ਡਰੋਨ ਵਰਗੀਆਂ ਸ਼ੱਕੀ ਚੀਜ਼ਾਂ ਉੱਡਦੀਆਂ ਦੇਖੀਆਂ ਗਈਆਂ। ਰਨਵੇਅ ਦੇ ਨੇੜੇ ਸ਼ੱਕੀ ਗਤੀਵਿਧੀ ਨਜ਼ਰ ਆਉਣ ਤੋਂ ਬਾਅਦ ਸੁਰੱਖਿਆ ਏਜੰਸੀਆਂ ਤੁਰੰਤ ਅਲਰਟ ਹੋ ਗਈਆਂ ਅਤੇ ਰਾਤ ਭਰ ਹਵਾਈ ਅੱਡੇ 'ਤੇ ਹਾਈ ਅਲਰਟ ਜਾਰੀ ਰਿਹਾ। ਇਸ ਦੌਰਾਨ ਏਅਰ ਟ?ਰੈਫਿਕ ਕੰਟਰੋਲ (1" 3) ਨੇ ਤੁਰੰਤ ਕਾਰਵਾਈ ਕਰਦੇ ਹੋਏ ਅੰਮ੍ਰਿਤਸਰ ਆਉਣ ਵਾਲੀਆਂ 7 ਫਲਾਈਟਾਂ ਦੀ ਲੈਂਡਿੰਗ ਰੋਕ ਦਿੱਤੀ ਅਤੇ ਸੁਰੱਖਿਆ ਦੇ ਮੱਦੇਨਜ਼ਰ ਉਨ੍ਹਾਂ ਦੇ ਰੂਟ ਬਦਲ ਦਿੱਤੇ ਗਏ। ਇਸ ਦੌਰਾਨ ਪੁਲਸ ਵੱਲੋਂ ਮੌਕੇ 'ਤੇ ਜਾਂਚ ਵੀ ਸ਼ੁਰੂ ਕਰ ਦਿੱਤੀ ਗਈ। ਇਸ ਸੰਬੰਧੀ ਜਦੋਂ ਥਾਣਾ ਰਾਜਾਸਾਂਸੀ ਦੇ ਐਸ.ਐਚ.ਓ. ਗੁਰਪ੍ਰੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਡਰੋਨ ਗਤੀਵਿਧੀ ਸਾਹਮਣੇ ਆਉਣ ਤੋਂ ਬਾਅਦ ਹਵਾਈ ਅੱਡੇ ਦੇ ਬਾਹਰਲੇ ਖੇਤਰ ਵਿਚ ਮੌਕੇ 'ਤੇ ਪਹੁੰਚ ਕੇ ਡਿਊਟੀ ਅਫਸਰ ਏ.ਐਸ.ਆਈ. ਨਿਰੰਜਨ ਸਿੰਘ ਵਲੋਂ ਜਾਂਚ ਕੀਤੀ ਗਈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਡਰੋਨ ਕਿਸੇ ਸ਼ੱਕੀ ਜਾਂ ਦੇਸ਼ ਵਿਰੋਧੀ ਗਤੀਵਿਧੀ ਦਾ ਹਿੱਸਾ ਨਹੀਂ ਸਨ। ਹਵਾਈ ਅੱਡੇ ਤੋਂ ਕੁਝ ਦੂਰੀ 'ਤੇ ਸਥਿਤ ਇਕ ਪਿੰਡ ਵਿਚ ਖੇਡ ਟੂਰਨਾਮੈਂਟ ਕਰਵਾਇਆ ਜਾ ਰਿਹਾ ਸੀ ਅਤੇ ਟੂਰਨਾਮੈਂਟ ਦੀ ਵੀਡੀਓਗ੍ਰਾਫੀ ਕਰਨ ਲਈ ਇਕ ਵਿਅਕਤੀ ਵਲੋਂ ਡਰੋਨ ਉਡਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਹਵਾਈ ਅੱਡੇ ਦੀ ਸੁਰੱਖਿਆ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਵਾਈ ਅੱਡੇ ਦੇ 8 ਕਿਲੋਮੀਟਰ ਦੇ ਦਾਇਰੇ ਵਿੱਚ ਡਰੋਨ ਉਡਾਉਣ 'ਤੇ ਮੁਕੰਮਲ ਪਾਬੰਦੀ ਲਗਾਈ ਗਈ ਹੈ। ਇਸ ਦੇ ਬਾਵਜੂਦ ਟੂਰਨਾਮੈਂਟ ਦੀ ਵੀਡੀਓਗ੍ਰਾਫੀ ਲਈ ਡਰੋਨ ਉਡਾਏ ਜਾਣ ਕਾਰਨ ਸੁਰੱਖਿਆ ਪ੍ਰਬੰਧਾਂ 'ਤੇ ਸਵਾਲ ਖੜ੍ਹੇ ਹੋ ਗਏ ਹਨ। ਪੁਲਸ ਵਲੋਂ ਇਸ ਮਾਮਲੇ ਦੀ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ।

# ਚੱਲਦੀ ਟਰੇਨ ਤੋਂ ਡਿੱਗੇ ਪੁੱਤਰ ਦੀ ਮੌਤ, 15 ਸਾਲ ਬਾਅਦ ਮਾਂ ਨੂੰ ਮਿਲਿਆ ਇਨਸਾਫ਼; ਪੰਜਾਬ-ਹਰਿਆਣਾ ਹਾਈ ਕੋਰਟ ਨੇ ਮੁਆਵਜ਼ੇ ਦਾ ਦਿੱਤਾ ਹੁਕਮ

**ਕੌਮੀ ਪਤ੍ਰਿਕਾ**

ਚੰਡੀਗੜ੍ਹ 7 ਸਤੰਬਰ। ਚੱਲਦੀ ਟਰੇਨ ਤੋਂ ਡਿੱਗ ਕੇ ਜਾਨ ਗੁਆਉਣ ਵਾਲੇ ਰਾਕੇਸ਼ ਦੀ ਮਾਂ ਨੂੰ ਆਖ਼?ਰਕਾਰ ਇਨਸਾਫ਼ ਮਿਲ ਗਿਆ। ਕਰੀਬ 15 ਸਾਲ ਪੁਰਾਣੇ ਇਸ ਮਾਮਲੇ 'ਚ ਪੰਜਾਬ-ਹਰਿਆਣਾ ਹਾਈ ਕੋਰਟ ਨੇ ਰੇਲਵੇ ਕਲੇਮ ਟ੍ਰਿਬਿਊਨਲ ਦੇ ਉਸ ਫੈਸਲੇ ਨੂੰ ਰੱਦ ਕਰ ਦਿੱਤਾ, ਜਿਸ 'ਚ ਮੁਆਵਜ਼ੇ ਦੀ ਮੰਗ ਠੁਕਰਾ ਦਿੱਤੀ ਗਈ ਸੀ। ਹਾਈ ਕੋਰਟ ਨੇ ਸਪੱਸ਼ਟ ਕਿਹਾ ਕਿ ਯਾਤਰੀ ਦੀ ਸਿਰਫ਼ ਲਾਪਰਵਾਹੀ ਰੇਲਵੇ ਨੂੰ ਕਾਨੂੰਨੀ ਮੁਆਵਜ਼ਾ ਦੇਣ ਦੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕਰਦੀ। ਅਦਾਲਤ ਨੇ ਮ੍ਰਿਤਕ ਕੋਲੋਂ ਮਿਲੀ ਰੇਲ ਟਿਕਟ ਨੂੰ ਉਸ ਦੇ ਅਸਲ ਯਾਤਰੀ ਹੋਣ ਦਾ ਅਹਿਮ ਸਬੂਤ ਮੰਨਦਿਆਂ ਉਸ ਦੀ ਮਾਂ ਨੂੰ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ। ਮਾਮਲਾ 3 ਜੁਲਾਈ 2011 ਦਾ ਹੈ। ਰਾਕੇਸ਼ ਯਾਤਰੀ ਟਰੇਨ ਰਾਹੀਂ ਜੀਂਦ ਤੋਂ ਬਹਾਦੁਰਗੜ੍ਹ ਜਾ ਰਿਹਾ ਸੀ। ਭਾਰੀ ਭੀੜ ਤੇ ਟਰੇਨ ਦੇ ਅਚਾਨਕ ਝਟਕੇ ਕਾਰਨ ਉਹ ਚੱਲਦੀ ਟਰੇਨ ਤੋਂ ਹੇਠਾਂ ਡਿੱਗ ਗਿਆ ਤੇ ਉਸ ਦੀ ਮੌਤ ਹੋ ਗਈ। ਘਟਨਾ ਤੋਂ ਬਾਅਦ ਉਸੇ ਦਿਨ ਸਰਕਾਰੀ ਰੇਲਵੇ ਪੁਲਿਸ, ਰੋਹਤਕ 'ਚ ਡੀਡੀ ਦਰਜ ਕੀਤੀ ਗਈ। ਮ੍ਰਿਤਕ ਦੀ ਤਲਾਸ਼ੀ ਦੌਰਾਨ ਰੇਲ ਟਿਕਟ ਵੀ ਬਰਾਮਦ ਹੋਈ। ਇਹ ਟਿਕਟ ਨੰਬਰ 37827565 ਸੀ ਤੇ ਜਾਂਚ 'ਚ ਇਸ ਨੂੰ ਅਸਲ ਪਾਇਆ ਗਿਆ। ਹਾਲਾਂਕਿ ਰੇਲਵੇ ਕਲੇਮ ਟ੍ਰਿਬਿਊਨਲ ਨੇ ਮੁਆਵਜ਼ੇ ਦੀ ਮੰਗ ਰੱਦ ਕਰ ਦਿੱਤੀ ਸੀ। ਟ੍ਰਿਬਿਊਨਲ ਦਾ ਮੰਨਣਾ ਸੀ ਕਿ ਰਾਕੇਸ਼ ਦੇ ਅਸਲ ਯਾਤਰੀ ਹੋਣ ਦਾ ਕਾਫ਼ੀ ਸਬੂਤ ਨਹੀਂ ਹੈ। ਇਸ ਤੋਂ ਇਲਾਵਾ ਰੇਲਵੇ ਦੀ ਵਿਭਾਗੀ ਜਾਂਚ ਤੇ ਗਾਰਡ ਦੇ ਬਿਆਨ ਦੇ ਆਧਾਰ 'ਤੇ ਇਹ ਮੰਨਿਆ ਗਿਆ ਕਿ ਉਹ ਚੱਲਦੀ ਟਰੇਨ 'ਚ ਦੂਜੇ ਪਾਸੇ ਤੋਂ ਚੜ੍ਹਨ ਦੀ ਕੋਸ਼ਿਸ਼ ਕਰ ਰਿਹਾ ਸੀ। ਮ੍ਰਿਤਕ ਦੇ ਪਿਤਾ ਨੂੰ ਦਾਅਵੇਦਾਰ ਨਾ ਬਣਾਏ




ਜਾਣ ਨੂੰ ਵੀ ਦਾਅਵਾ ਰੱਦ ਕਰਨ ਦਾ ਆਧਾਰ ਬਣਾਇਆ ਗਿਆ ਸੀ। ਜਸਟਿਸ ਹਰਕੇਸ਼ ਮਨੂਜਾ ਨੇ ਕਿਹਾ ਕਿ ਮ੍ਰਿਤਕ ਕੋਲੋਂ ਟਿਕਟ ਬਰਾਮਦ ਹੋਈ ਸੀ ਤੇ ਇਸ ਨੂੰ ਜਾਅਲੀ ਨਹੀਂ ਮੰਨਿਆ ਜਾ ਸਕਦਾ। ਹਾਈ ਕੋਰਟ ਨੇ ਪਾਇਆ ਕਿ ਰਾਕੇਸ਼ ਦੇ ਟਰੇਨ ਤੋਂ ਡਿੱਗਣ ਦੀ ਘਟਨਾ ਦਾ ਕੋਈ ਚਸ਼ਮਦੀਦ ਗਵਾਹ ਨਹੀਂ ਸੀ। ਗਾਰਡ ਨੇ ਵੀ ਉਸ ਨੂੰ ਟਰੇਨ 'ਚ ਚੜ੍ਹਦੇ ਹੋਏ ਨਹੀਂ ਦੇਖਿਆ ਸੀ। ਉਸ ਦਾ ਬਿਆਨ ਹੋਰ ਯਾਤਰੀਆਂ ਤੋਂ ਮਿਲੀ ਜਾਣਕਾਰੀ 'ਤੇ ਆਧਾਰਿਤ ਸੀ। ਰੇਲਵੇ ਦੇ ਰਿਕਾਰਡ 'ਚ ਵੀ ਟਰੇਨ ਸਬੰਧੀ ਗੜਬੜ ਸਾਹਮਣੇ ਆਈ। ਅਜਿਹੇ 'ਚ ਸਿਰਫ਼ ਅਨੁਮਾਨ ਦੇ ਆਧਾਰ 'ਤੇ ਇਹ ਨਤੀਜਾ ਨਹੀਂ ਕੱਢਿਆ ਜਾ ਸਕਦਾ ਕਿ ਮ੍ਰਿਤਕ ਜਾਣਬੁੱਝ ਕੇ ਚੱਲਦੀ ਟਰੇਨ 'ਚ ਚੜ੍ਹ ਰਿਹਾ ਸੀ। ਅਦਾਲਤ ਨੇ ਕਿਹਾ ਕਿ ਯਾਤਰੀ ਦੀ ਆਮ ਲਾਪਰਵਾਹੀ ਨੂੰ 'ਆਪਣੇ ਕਾਰਨ ਹੋਈ ਸੱਟ' ਨਹੀਂ ਮੰਨਿਆ ਜਾ ਸਕਦਾ। ਰੇਲਵੇ ਕਾਨੂੰਨ ਦੀ ਵਿਵਸਥਾ ਬਿਨਾਂ ਗਲਤੀ ਸਾਬਤ ਕੀਤੇ ਮੁਆਵਜ਼ਾ ਦੇਣ ਦੇ ਸਿਧਾਂਤ 'ਤੇ ਆਧਾਰਿਤ ਹੈ। ਇਸ ਲਈ ਸਿਰਫ਼ ਲਾਪਰਵਾਹੀ ਦਾ ਦੋਸ਼ ਲਗਾ ਕੇ ਰੇਲਵੇ ਆਪਣੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦਾ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਮ੍ਰਿਤਕ ਦੀ ਮਾਂ ਕਾਨੂੰਨ ਤਹਿਤ ਸਰਪ੍ਰਸਤ ਦੀ ਸ਼੍ਰੇਣੀ 'ਚ ਆਉਂਦੀ ਹੈ। ਪਿਤਾ ਨੂੰ ਦਾਅਵੇਦਾਰ ਨਾ ਬਣਾਏ ਜਾਣ ਦੇ ਕਾਰਨ ਮਾਂ ਦਾ ਪੂਰਾ ਦਾਅਵਾ ਰੱਦ ਨਹੀਂ ਕੀਤਾ ਜਾ ਸਕਦਾ। ਜੇਕਰ ਕੋਈ ਹੋਰ ਵਿਅਕਤੀ ਵੀ ਮੁਆਵਜ਼ੇ ਦਾ ਹੱਕਦਾਰ ਹੈ ਤਾਂ ਰਕਮ ਦੀ ਉਚਿਤ ਵੰਡ ਕੀਤੀ ਜਾ ਸਕਦੀ ਹੈ। ਹਾਈ ਕੋਰਟ ਨੇ ਅਪੀਲ ਮਨਜ਼ੂਰ ਕਰਦਿਆਂ ਰੇਲਵੇ ਕਲੇਮ ਟ੍ਰਿਬਿਊਨਲ ਦਾ 19 ਸਤੰਬਰ 2016 ਦਾ ਫੈਸਲਾ ਰੱਦ ਕਰ ਦਿੱਤਾ। ਰੇਲਵੇ ਨੂੰ ਚਾਰ ਲੱਖ ਰੁਪਏ 'ਤੇ ਦਾਅਵਾ ਦਾਇਰ ਕਰਨ ਦੀ ਤਾਰੀਕ ਤੋਂ ਭੁਗਤਾਨ ਹੋਣ ਤੱਕ 9 ਫੀਸਦੀ ਸਾਲਾਨਾ ਸਧਾਰਨ ਵਿਆਜ ਸਮੇਤ ਰਕਮ ਦੇਣ ਦਾ ਹੁਕਮ ਦਿੱਤਾ ਗਿਆ ਹੈ। ਜੇਕਰ ਵਿਆਜ ਸਮੇਤ ਇਹ ਰਕਮ 8 ਲੱਖ ਰੁਪਏ ਤੋਂ ਵੱਧ ਹੁੰਦੀ ਹੈ ਤਾਂ ਵਾਧੂ ਰਕਮ ਵੀ ਅਦਾ ਕਰਨੀ ਹੋਵੇਗੀ। ਰੇਲਵੇ ਨੂੰ ਹੁਕਮ ਦੀ ਪ੍ਰਮਾਣਿਤ ਕਾਪੀ ਮਿਲਣ ਤੋਂ ਤਿੰਨ ਮਹੀਨਿਆਂ ਦੇ ਅੰਦਰ ਰਕਮ ਜਮ?ਹਾਂ ਕਰਵਾਉਣੀ ਹੋਵੇਗੀ। ਦੇਰੀ ਹੋਣ ਦੀ ਸੂਰਤ 'ਚ ਤਿੰਨ ਮਹੀਨਿਆਂ ਬਾਅਦ 12 ਫੀਸਦੀ ਸਾਲਾਨਾ ਵਿਆਜ ਦੇਣਾ ਪਵੇਗਾ।